6-OCT-PAGE-1.qxd 10/5/2025 8:17 PM Page 1

ਸੋਮਵਾਰ, 6 ਅਕਤੂਬਰ, 2025
21 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 126

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 6 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਚੀਨ ਨੇ ਬਣਾਇਆ ਸਭ ਤੋਂ ਉੱਚਾ ਪੁਲ



**ਬੀਜਿੰਗ** : ਚੀਨ ਨੇ ਘੱਟ ਵਿਕਸਤ ਸੂਬੇ ਗੁਈਜ਼ੋ ਦੇ ਹੁਆਜਿਆਂਗ ਵਿੱਚ ਦੁਨੀਆ ਦਾ ਸਭ ਤੋਂ ਉੱਚਾ ਪੁਲ ਖੋਲ੍ਹ ਦਿੱਤਾ ਹੈ। ਬੀਪਾਨ ਦਰਿਆ 'ਤੇ ਉਸਾਰਿਆ ਇਹ ਪੁਲ 2051 ਫੁੱਟ ਉੱਚਾ ਹੈ ਤੇ ਇਸ ਦਾ ਪਹਾੜੀ ਇਲਾਕੇ ਵਿੱਚ ਸਭ ਤੋਂ ਲੰਮਾ (4600 ਫੁੱਟ) ਢਾਂਚਾ ਹੈ। ਤਿੰਨ ਸਾਲ ਤੇ ਅੱਠ ਮਹੀਨਿਆਂ ਵਿੱਚ ਬਣੇ ਇਸ ਪੁਲ ਨਾਲ ਦੋ ਘੰਟਿਆਂ ਦਾ ਸਫਰ ਦੋ ਮਿੰਟ ਦਾ ਹੋ ਗਿਆ ਹੈ। ਚੀਨ ਇਸ ਤੋਂ ਪਹਿਲਾਂ ਬੀਪਾਨ ਦਰਿਆ 'ਤੇ 2016 ਵਿੱਚ ਵੀ 1854 ਫੁੱਟ ਉੱਚਾ ਪੁਲ ਬਣਾ ਚੁੱਕਾ ਹੈ। ਭਾਰਤ ਦਾ ਸਭ ਤੋਂ ਉੱਚਾ ਪੁਲ ਚਿਨਾਬ ਦਰਿਆ 'ਤੇ ਹੈ। ਊਧਮਪੁਰ-ਸ੍ਰੀਨਗਰ ਤੇ ਬਾਰਾਮੂਲਾ ਨੂੰ ਜੋੜਨ ਵਾਲਾ ਇਹ ਪੁਲ 1178 ਫੁੱਟ ਉੱਚਾ ਹੈ। ਅਮਰੀਕਾ ਵਿੱਚ ਸਭ ਤੋਂ ਉੱਚਾ 956 ਫੁੱਟ ਦਾ ਪੁਲ ਕੋਲੋਰਾਡੋ ਵਿੱਚ ਅਰਕਾਨਸਸ ਦਰਿਆ 'ਤੇ ਰਾਇਲ ਜਾਰਜ ਪੁਲ ਹੈ।

## ਅੰਮ੍ਰਿਤਸਰ-ਬਰਮਿੰਘਮ ਉਡਾਣ ਦੀ ਹੰਗਾਮੀ ਲੈਂਡਿੰਗ

**ਮੁੰਬਈ** : ਏਅਰ ਇੰਡੀਆ ਦੀ ਅੰਮ੍ਰਿਤਸਰ ਤੋਂ ਬਰਮਿੰਘਮ ਜਾ ਰਹੀ ਉਡਾਣ ਦੇ ਅਮਲੇ ਨੇ ਦਾਅਵਾ ਕੀਤਾ ਹੈ ਕਿ 4 ਅਕਤੂਬਰ ਨੂੰ ਬਰਮਿੰਘਮ ਹਵਾਈ ਅੱਡੇ 'ਤੇ ਲੈਂਡ ਕਰਨ ਤੋਂ ਪਹਿਲਾਂ ਜਹਾਜ਼ ਬੋਇੰਗ 787 ਵਿਚ ਰੈਮ ਏਅਰ ਟਰਬਾਈਨ ਨੂੰ ਅਚਾਨਕ ਅਮਲ ਵਿਚ ਲਿਆਉਣਾ ਪਿਆ। ਹਾਲਾਂਕਿ ਜਹਾਜ਼ ਸੁਰੱਖਿਅਤ ਉੱਤਰ ਗਿਆ। ਦੱਸਣਾ ਬਣਦਾ ਹੈ ਕਿ ਰੈਮ ਏਅਰ ਟਰਬਾਈਨ ਨੂੰ ਜਹਾਜ਼ ਦੇ ਦੋਵੇਂ ਇੰਜਣ ਫੇਲ੍ਹ ਹੋਣ ਜਾਂ ਫਿਰ ਇਲੈਕਟ੍ਰਾਨਿਕ ਜਾਂ ਹਾਈਡਰੌਲਿਕ ਸਿਸਟਮ ਫੇਲ੍ਹ ਹੋਣ ਦੀ ਸਥਿਤੀ ਵਿਚ ਹੀ ਅਮਲ 'ਚ ਲਿਆਇਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਜਹਾਜ਼ ਐਮਰਜੈਂਸੀ ਪਾਵਰ ਜਨਰੇਟ ਕਰਨ ਲਈ ਹਵਾ ਦੀ ਰਫ਼ਤਾਰ ਨੂੰ ਵਰਤਦਾ ਹੈ। ਏਅਰ ਇੰਡੀਆ ਨੇ ਕਿਹਾ ਕਿ ਉਸ ਨੇ ਬਰਮਿੰਘਮ-ਦਿੱਲੀ ਉਡਾਣ ਰੱਦ ਕਰ ਦਿੱਤੀ ਹੈ ਤੇ ਜਹਾਜ਼ ਨੂੰ ਜਾਂਚ ਲਈ ਅਜੇ ਜ਼ਮੀਨ 'ਤੇ ਹੀ ਰੱਖਿਆ ਜਾਵੇਗਾ।

## ਦਾਰਜੀਲਿੰਗ 'ਚ ਮੀਂਹ ਕਾਰਨ ਜ਼ਮੀਨ ਖਿਸਕੀ, 20 ਮੌਤਾਂ

**ਕੋਲਕਾਤਾ** : ਪੱਛਮੀ ਬੰਗਾਲ ਦੀ ਦਾਰਜੀਲਿੰਗ ਸਬ ਡਵੀਜ਼ਨ ਵਿੱਚ ਲਗਾਤਾਰ ਭਾਰੀ ਮੀਂਹ ਕਰਕੇ ਸ਼ਨਿਚਰਵਾਰ ਦੇਰ ਰਾਤ ਮਿਰਿਕ ਦੇ ਕੁਝ ਹਿੱਸਿਆਂ ਵਿੱਚ ਜ਼ਮੀਨ ਖਿਸਕਣ ਕਾਰਨ ਘੱਟੋ ਘੱਟ 20 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ ਦੋ ਜਣੇ ਲਾਪਤਾ ਹਨ। ਮਿਰਿਕ-ਸੁਖੀਆਪੋਖਰੀ ਰੋਡ 'ਤੇ ਜ਼ਮੀਨ ਖਿਸਕਣ ਕਰਕੇ ਆਵਾਜਾਈ ਵਿਚ ਵਿਘਨ ਪਿਆ ਤੇ ਨੇੜਲੇ ਕਈ ਇਲਾਕਿਆਂ ਨਾਲੋਂ ਸੰਪਰਕ ਟੁੱਟ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਕੌਮੀ ਆਫ਼ਤ ਰਿਸਪੌਂਸ ਬਲ ਦੀ ਟੀਮ ਮਿਰਿਕ ਝੀਲ ਖੇਤਰ ਵਿੱਚ ਬਚਾਅ ਕਾਰਜਾਂ ਵਿੱਚ ਜੁਟੀ ਹੋਈ ਹੈ, ਜਿੱਥੇ ਸਭ ਤੋਂ ਵੱਧ ਨੁਕਸਾਨ ਹੋਇਆ ਹੈ।

## ਨੇਪਾਲ 'ਚ ਮੀਂਹ ਕਰਕੇ ਢਿੱਗਾਂ ਡਿੱਗਣ ਨਾਲ 51 ਮੌਤਾਂ

**ਕਾਠਮੰਡੂ** : ਪੂਰਬੀ ਨੇਪਾਲ ਦੇ ਕੋਸ਼ੀ ਜ਼ਿਲ੍ਹੇ ਵਿਚ ਸ਼ਨਿੱਚਰਵਾਰ ਰਾਤ ਤੋਂ ਲਗਾਤਾਰ ਪੈ ਰਹੇ ਮੀਂਹ ਕਰਕੇ ਢਿੱਗਾਂ ਡਿੱਗਣ ਨਾਲ ਘੱਟੋ-ਘੱਟ 51 ਵਿਅਕਤੀਆਂ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਘੋਸਾਂਗ ਵਿੱਚ ਛੇ ਅਤੇ ਮਾਨਸੇਬੰਗ ਵਿਚ ਪੰਜ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਇਲਮ ਜ਼ਿਲ੍ਹੇ ਦੇ ਹੋਰ ਇਲਾਕਿਆਂ ਵਿੱਚ ਸੱਤ ਹੋਰ ਮਾਰੇ ਗਏ। ਇੱਕ ਅਧਿਕਾਰੀ ਨੇ ਐਤਵਾਰ ਨੂੰ ਦੱਸਿਆ ਕਿ ਬਚਾਅ ਕਾਰਜਾਂ ਲਈ ਤਾਇਨਾਤ ਨੇਪਾਲ ਫੌਜ ਨੇ ਇੱਕ ਹੈਲੀਕਾਪਟਰ ਦੀ ਮਦਦ ਨਾਲ ਇੱਕ ਗਰਭਵਤੀ ਔਰਤ ਸਮੇਤ ਦੋ ਜ਼ਖਮੀਆਂ ਨੂੰ ਘਟਨਾ ਵਾਲੀ ਥਾਂ ਤੋਂ ਬਾਹਰ ਕੱਢਿਆ। ਉਂਝ ਖਰਾਬ ਮੌਸਮ ਕਾਰਨ ਬਚਾਅ ਕਾਰਜ ਅਸਰ ਅੰਦਾਜ਼ ਹੋਏ। ਖਰਾਬ ਮੌਸਮ ਕਰਕੇ ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ 'ਤੇ ਘਰੇਲੂ ਉਡਾਣਾਂ ਨੂੰ ਅਗਲੇ ਹੁਕਮਾਂ ਤੱਕ ਰੋਕ ਦਿੱਤਾ ਗਿਆ ਹੈ।

## ਬਿਹਾਰ 'ਚ ਚੋਣਾਂ 22 ਨਵੰਬਰ ਤੋਂ ਪਹਿਲਾਂ : ਗਿਆਨੇਸ਼ ਕੁਮਾਰ

**ਪਟਨਾ** : ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਗਿਆਨੇਸ਼ ਕੁਮਾਰ ਨੇ ਐਲਾਨ ਕੀਤਾ ਕਿ ਬਿਹਾਰ ਵਿਧਾਨ ਸਭਾ ਚੋਣਾਂ 22 ਨਵੰਬਰ ਤੋਂ ਪਹਿਲਾਂ ਕਰਵਾਈਆਂ ਜਾਣਗੀਆਂ। ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਿਧਾਨ ਸਭਾ ਦਾ ਕਾਰਜਕਾਲ 22 ਨਵੰਬਰ ਨੂੰ ਖ਼ਤਮ ਹੋ ਰਿਹਾ ਹੈ। ਸੂਬੇ ਦੀਆਂ ਚੋਣਾਂ ਉਸ ਤੋਂ ਪਹਿਲਾਂ ਕਰਵਾਈਆਂ ਜਾਣਗੀਆਂ। ਪਟਨਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਸੀ ਈ ਸੀ ਗਿਆਨੇਸ਼ ਕੁਮਾਰ ਨੇ ਦੱਸਿਆ ਕਿ ਬਿਹਾਰ ਵਿੱਚ 243 ਵਿਧਾਨ ਸਭਾ ਹਲਕੇ ਹਨ। ਇਨ੍ਹਾਂ ਵਿੱਚੋਂ ਦੋ ਸੀਟਾਂ ਐਸ ਟੀ ਲਈ ਅਤੇ 38 ਐਸ ਸੀ ਲਈ ਰਾਖਵੀਆਂ ਹਨ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੀ ਟੀਮ ਦੋ ਦਿਨਾਂ ਤੋਂ ਬਿਹਾਰ ਵਿੱਚ ਹੈ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਵੋਟਰਾਂ ਨੂੰ 15 ਦਿਨਾਂ ਦੇ ਅੰਦਰ ਵੋਟਰ ਆਈ ਡੀ ਜਾਰੀ ਕਰਨ ਦੇ ਪ੍ਰਬੰਧ ਕੀਤੇ ਗਏ ਹਨ।

# ਨੌਜਵਾਨ ਪੀੜ੍ਹੀ ਨੂੰ ਮਹਾਨ ਵਿਰਸੇ ਤੋਂ ਜਾਣੂ ਕਰਵਾਉਣ ਲਈ ਅਧਿਆਪਕ ਮੋਹਰੀ ਭੂਮਿਕਾ ਨਿਭਾਉਣ : ਮਾਨ

## ਵਿਸ਼ਵ ਅਧਿਆਪਕ ਦਿਵਸ ਮੌਕੇ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਅਧਿਆਪਕਾਂ ਦਾ ਸਨਮਾਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**




ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਗੌਰਵਮਈ ਵਿਰਸੇ ਬਾਰੇ ਜਾਣੂ ਕਰਵਾਉਣ ਲਈ ਅਧਿਆਪਕਾਂ ਨੂੰ ਮੋਹਰੀ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਹੈ।ਇੱਥੇ ਵਿਸ਼ਵ ਅਧਿਆਪਕ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕ ਕੌਮ ਦੇ ਨਿਰਮਾਤਾ ਹੁੰਦੇ ਹਨ ਅਤੇ ਉਨ੍ਹਾਂ ਨੂੰ ਅਮੀਰ ਸੱਭਿਆਚਾਰਕ ਵਿਰਾਸਤ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਅਧਿਆਪਨ ਕੋਈ ਪੇਸ਼ਾ ਨਹੀਂ, ਸਗੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਦਾ ਮਿਸ਼ਨ ਹੈ। ਉਨ੍ਹਾ ਕਿਹਾ ਕਿ ਇਕ ਅਧਿਆਪਕ ਦਾ ਪੁੱਤ ਹੋਣ ਦੇ ਨਾਤੇ ਉਹ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਅਧਿਆਪਕ ਵਿਦਿਆਰਥੀਆਂ ਦੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਸਖ਼ਤ ਮਿਹਨਤ ਕਰਦੇ ਹਨ।ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਹੜ੍ਹਾਂ ਵਿੱਚ 3200 ਸਰਕਾਰੀ ਸਕੂਲ ਤਬਾਹ ਹੋ ਗਏ ਹਨ, 19 ਕਾਲਜ ਬਰਬਾਦ ਹੋ ਗਏ ਹਨ, 8500 ਕਿਲੋਮੀਟਰ ਅਤੇ 2500 ਪੁਲ ਵੀ ਤਬਾਹ ਹੋ ਗਏ ਹਨ। ਹੜ੍ਹਾਂ ਨਾਲ ਪੰਜ ਲੱਖ ਏਕੜ ਫਸਲ ਤਬਾਹ ਹੋ ਗਈ ਸੀ, ਪਰ ਪੰਜਾਬੀਆਂ ਨੇ ਇਸ ਕੁਦਰਤੀ ਆਫ਼ਤ ਨਾਲ ਪੈਦਾ ਹੋਏ ਸੰਕਟ ਵਿੱਚੋਂ ਨਿਕਲਣ ਲਈ ਬੇਮਿਸਾਲੀ ਬਹਾਦਰੀ ਦਿਖਾਈ ਹੈ। ਉਹਨਾ ਕੁਦਰਤੀ ਆਫ਼ਤ ਦੌਰਾਨ ਚੰਗਾ ਕੰਮ ਕਰਨ ਵਾਲੇ ਅਧਿਆਪਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਉਦਾਹਰਨਾਂ ਵਿਸ਼ਵ ਇਤਿਹਾਸ ਵਿੱਚ ਬਹੁਤ ਘੱਟ ਮਿਲਦੀਆਂ ਹਨ।ਉਨ੍ਹਾ ਕਿਹਾ ਕਿ ਅਧਿਆਪਕਾਂ ਦਾ ਅਗਲਾ ਬੈਚ ਨਵੰਬਰ ਮਹੀਨੇ ਵਿੱਚ ਸਿਖਲਾਈ ਲਈ ਫਿਨਲੈਂਡ ਜਾਵੇਗਾ। ਇਸ ਨਾਲ ਅਧਿਆਪਕਾਂ ਦੀ ਮੁਹਾਰਤ ਨੂੰ ਹੋਰ ਨਿਖਾਰਨ ਵਿੱਚ ਮਦਦ ਮਿਲੇਗੀ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਅਤੇ ਹੋਰ ਵੀ ਮੌਜੂਦ ਸਨ।

## ਗ੍ਰੇਟਾ ਤੇ ਹੋਰਨਾਂ ਨਾਲ ਜਾਨਵਰਾਂ ਵਰਗਾ ਸਲੂਕ

**ਇਸਤੰਬੁਲ** : ਗਾਜ਼ਾ ਦੇ ਪੀੜਤਾਂ ਲਈ ਕਿਸ਼ਤੀਆਂ ਵਿੱਚ ਮਦਦ ਲੈ ਕੇ ਪੁੱਜੇ ਲੋਕਾਂ ਨੂੰ ਰੋਕ ਕੇ ਇਜ਼ਰਾਈਲੀ ਫੌਜਾਂ ਨੇ ਜਾਨਵਰਾਂ ਵਰਗਾ ਸਲੂਕ ਕੀਤਾ। 40 ਕਿਸ਼ਤੀਆਂ ਵਿੱਚ 450 ਤੋਂ ਵੱਧ ਕਾਰਕੁੰਨ ਗਾਜ਼ਾ ਜਾ ਰਹੇ ਸਨ, ਜਿਨ੍ਹਾਂ ਨੂੰ ਇਜ਼ਰਾਈਲੀ ਫੌਜ ਨੇ ਫੜ ਲਿਆ। ਇਨ੍ਹਾਂ ਵਿੱਚੋਂ ਉੱਘੀ ਜਲਵਾਯੂ ਕਾਰਕੁੰਨ 22 ਸਾਲਾ ਗ੍ਰੇਟਾ ਥਨਬਰਗ ਸਣੇ ਵੱਖ-ਵੱਖ ਦੇਸ਼ਾਂ ਦੇ 137 ਵਿਅਕਤੀ ਡਿਪੋਰਟ ਕਰਕੇ ਸ਼ਨਿੱਚਰਵਾਰ ਇਸਤੰਬੁਲ ਘੱਲੇ ਗਏ। ਇਨ੍ਹਾਂ ਵਿੱਚ ਤੁਰਕੀ ਦੇ 36 ਵਿਅਕਤੀਆਂ ਤੋਂ ਇਲਾਵਾ ਅਮਰੀਕਾ, ਇਟਲੀ, ਮਲੇਸ਼ੀਆ, ਕੁਵੈਤ, ਸਵਿਟਜ਼ਰਲੈਂਡ, ਟਿਊਨੀਸ਼ੀਆ, ਲਿਬੀਆ, ਜਾਰਡਨ ਤੇ ਕਈ ਹੋਰ ਦੇਸ਼ਾਂ ਦੇ ਵਿਅਕਤੀ ਸ਼ਾਮਲ ਸਨ। ਬਾਕੀ ਅਜੇ ਇਜ਼ਰਾਈਲੀ ਕਬਜ਼ੇ ਵਿੱਚ ਹਨ।

ਟੋਲੀ ਦੇ ਮੈਂਬਰ ਤੇ ਪੱਤਰਕਾਰ ਐਰਸਿਨ ਸੇਲਿਕ ਨੇ ਦੱਸਿਆ ਕਿ ਇਜ਼ਰਾਈਲੀ ਫੌਜੀਆਂ ਨੇ ਗ੍ਰੇਟਾ ਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਅਤੇ ਇਜ਼ਰਾਈਲੀ ਝੰਡੇ ਨੂੰ ਚੁੰਮਣ ਲਈ ਮਜਬੂਰ ਕੀਤਾ। ਉਸ ਨੂੰ ਮਾਂਗਣੂਆਂ ਵਾਲੇ ਕਮਰੇ ਵਿੱਚ ਸੁਆਇਆ ਗਿਆ। ਮਲੇਸ਼ੀਆ ਦੇ ਹਜ਼ਵਾਨੀ ਹੈਲਮੀ ਤੇ ਅਮਰੀਕਾ ਦੇ ਵਿੰਡਫੀਲਡ ਬੀਵਰ ਨੇ



ਇਸਤੰਬੁਲ ਹਵਾਈ ਅੱਡੇ 'ਤੇ ਦੱਸਿਆ ਕਿ ਗ੍ਰੇਟਾ ਨੂੰ ਇਜ਼ਰਾਈਲੀ ਝੰਡੇ ਨਾਲ ਪਰੇਡ ਕਰਨ ਲਈ ਮਜਬੂਰ ਕੀਤਾ ਗਿਆ। ਹੈਲਮੀ ਨੇ ਕਿਹਾ, "ਉਨ੍ਹਾਂ ਨੇ ਸਾਡੇ ਨਾਲ ਜਾਨਵਰਾਂ ਵਰਗਾ ਸਲੂਕ ਕੀਤਾ। ਖਾਣਾ ਨਹੀਂ ਦਿੱਤਾ, ਸਾਫ ਪਾਣੀ ਨਹੀਂ ਦਿੱਤਾ, ਦਵਾਈਆਂ ਨਹੀਂ ਦਿੱਤੀਆਂ।" ਟੋਲੀ 'ਚ ਸ਼ਾਮਲ ਇਟਲੀ ਦੇ ਪੱਤਰਕਾਰ ਲੋਰੇਂਜ਼ੋ ਅਗਸਤੀਨੋ ਨੇ ਦੱਸਿਆ ਕਿ ਗ੍ਰੇਟਾ ਨੂੰ ਜ਼ਲੀਲ ਕੀਤਾ ਗਿਆ। ਤੁਰਕੀ ਦੀ ਟੀ ਵੀ ਪੇਸ਼ਕਾਰ ਇਕਬਾਲ ਗੁਰਪਿਨਾਰ ਨੇ ਕਿਹਾ, "ਉਨ੍ਹਾਂ ਸਾਡੇ ਨਾਲ ਕੁੱਤਿਆਂ ਵਰਗਾ ਸਲੂਕ ਕੀਤਾ। ਤਿੰਨ ਦਿਨ ਭੁੱਖੇ ਰੱਖਿਆ। ਪਾਣੀ ਨਹੀਂ ਦਿੱਤਾ, ਟਾਇਲਟ ਦਾ ਪਾਣੀ ਪੀਣਾ ਪਿਆ। ਸਾਨੂੰ ਗਰਮੀ ਵਿੱਚ ਉਬਲਦੇ ਰੱਖਿਆ।"

## ਬਾਬਾ ਜੀਵਨ ਸਿੰਘ ਯਾਦਗਾਰ ਲੋਕਾਂ ਨੂੰ ਸਮਰਪਿਤ

**ਸ੍ਰੀ ਆਨੰਦਪੁਰ ਸਾਹਿਬ**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਹਾਨ ਸਿੱਖ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਨਾਂਅ 'ਤੇ 20 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਗਈ ਅਤਿ-ਆਧੁਨਿਕ ਯਾਦਗਾਰ ਐਤਵਾਰ ਲੋਕਾਂ ਨੂੰ ਸਮਰਪਿਤ ਕੀਤੀ।ਮੁੱਖ ਮੰਤਰੀ ਨੇ ਭਾਈ ਜੀਵਨ ਸਿੰਘ ਦੀ ਮਹਾਨ ਕੁਰਬਾਨੀ ਅੱਗੇ ਡੂੰਘੀ ਸ਼ਰਧਾ ਅਤੇ ਸਤਿਕਾਰ ਨਾਲ ਆਪਣਾ ਸਿਰ ਝੁਕਾਇਆ, ਜਿਨ੍ਹਾ ਚਮਕੌਰ ਸਾਹਿਬ ਦੀ ਇਤਿਹਾਸਕ ਜੰਗ ਵਿੱਚ ਸਵਾ ਲੱਖ ਮੁਗਲ ਸੈਨਿਕਾਂ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾ ਕਿਹਾ ਕਿ ਖਾਲਸੇ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਬਾਬਾ ਜੀਵਨ ਸਿੰਘ ਦੀ ਯਾਦ ਵਿੱਚ ਅੱਜ ਮਨੁੱਖਤਾ ਨੂੰ ਸਮਰਪਿਤ ਪੰਜ ਗੈਲਰੀਆਂ ਦਾ ਉਦਘਾਟਨ ਕੀਤਾ ਜਾ ਰਿਹਾ ਹੈ, ਜੋ ਆਪਣੇ ਡਿਜ਼ਾਈਨ ਰਾਹੀਂ ਇਤਿਹਾਸ ਦੀ ਭਾਵਨਾ ਨੂੰ ਦਰਸਾਉਂਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਯਾਦਗਾਰ ਦੋ ਪੜਾਵਾਂ ਵਿੱਚ ਮੁਕੰਮਲ ਹੋ ਚੁੱਕੀ ਹੈ,

• ਬਾਕੀ ਸਫਾ 2 'ਤੇ

## ਸ੍ਰੀ ਅਨੰਦਪੁਰ ਸਾਹਿਬ 'ਚ ਵਿਰਾਸਤੀ ਮਾਰਗ ਦਾ ਨੀਂਹ ਪੱਥਰ

**ਸ੍ਰੀ ਅਨੰਦਪੁਰ ਸਾਹਿਬ**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਸ੍ਰੀ ਅਨੰਦਪੁਰ ਸਾਹਿਬ ਵਿੱਚ 18 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਵਿਰਾਸਤੀ ਮਾਰਗ ਦਾ ਨੀਂਹ ਪੱਥਰ ਰੱਖਿਆ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਪਵਿੱਤਰ ਧਰਤੀ ਨੂੰ ਵਿਕਸਤ ਕਰਨ ਲਈ ਵਚਨਬੱਧ ਹੈ, ਜਿਸ ਕਰਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਜਾਣ ਵਾਲੇ ਰਸਤੇ ਨੂੰ ਚਿੱਟੇ ਸੰਗਮਰਮਰ ਦੀ ਵਰਤੋਂ ਕਰਕੇ ਵਿਰਾਸਤੀ ਰਸਤੇ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰੋਜੈਕਟ 25 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਤ ਕੀਤਾ ਜਾਵੇਗਾ ਅਤੇ 31 ਮਾਰਚ, 2026 ਤੱਕ ਪੂਰਾ ਹੋ ਜਾਵੇਗਾ।

ਉਹਨਾ ਕਿਹਾ ਕਿ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਛਾਂਦਾਰ ਰੁੱਖ ਚਿੱਟੇ ਸੰਗਮਰਮਰ ਦੇ ਫੁੱਟਪਾਥ ਦੇ ਨਾਲ ਲਾਏ ਜਾਣਗੇ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 580

• ਬਾਕੀ ਸਫਾ 2 'ਤੇ

## ਗੋਲੀਬਾਰੀ ਨਾਲ 4 ਮੌਤਾਂ ਦੀ ਨਿਰਪੱਖ ਜਾਂਚ ਹੋਵੇ : ਵਾਂਗਚੁੱਕ

**ਲੇਹ** : ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿੱਚ ਐੱਨ ਐੱਸ ਏ ਤਹਿਤ ਨਜ਼ਰਬੰਦ ਵਾਤਾਵਰਨ ਕਾਰਕੁਨ ਸੋਨਮ ਵਾਂਗਚੁੱਕ ਨੇ ਪਿਛਲੇ ਹਫ਼ਤੇ ਲੇਹ ਵਿੱਚ ਸੁਰੱਖਿਆ ਬਲਾਂ ਦੀ ਗੋਲੀਬਾਰੀ ਨਾਲ ਹੋਈ ਚਾਰ ਲੋਕਾਂ ਦੀ ਮੌਤ ਦੀ ਨਿਰਪੱਖ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਵਾਂਗਚੁੱਕ ਨੇ ਆਪਣੇ ਵੱਡੇ ਭਰਾ ਅਤੇ ਵਕੀਲ ਮੁਸਤਫਾ ਹਜ ਰਾਹੀਂ ਭੇਜੇ ਆਪਣੇ ਸੰਦੇਸ਼ ਵਿੱਚ ਕਿਹਾ, "ਜਦੋਂ ਤੱਕ ਜਾਂਚ ਨਹੀਂ ਹੁੰਦੀ, ਮੈਂ ਜੇਲ੍ਹ ਵਿੱਚ ਰਹਿਣ ਲਈ ਤਿਆਰ ਹਾਂ। ਉਨ੍ਹਾਂ ਲੋਕਾਂ ਦੇ ਪਰਵਾਰਾਂ ਪ੍ਰਤੀ ਮੇਰੀ ਦਿਲੀ ਹਮਦਰਦੀ ਹੈ, ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ ਅਤੇ ਜ਼ਖਮੀ ਹੋਏ ਅਤੇ ਗ੍ਰਿਫਤਾਰ ਕੀਤੇ ਗਏ।"

## 330 ਜੱਜਾਂ ਦਾ ਖੱਪਾ, 67 ਲੱਖ ਤੋਂ ਵੱਧ ਕੇਸ ਪੈਂਡਿੰਗ

**ਨਵੀਂ ਦਿੱਲੀ** : 25 ਰਾਜਾਂ ਵਿੱਚ ਹਾਈ ਕੋਰਟਾਂ 'ਚ 330 ਜੱਜਾਂ ਦੀ ਕਮੀ ਹੈ। ਅਲਾਹਾਬਾਦ ਹਾਈ ਕੋਰਟ ਵਿੱਚ ਲੋੜੀਂਦੇ 160 ਵਿੱਚੋਂ 76 ਜੱਜ ਘੱਟ ਹਨ। ਨੈਸ਼ਨਲ ਜੁਡੀਸ਼ੀਅਲ ਡਾਟਾ ਗਰਿਡ ਤੇ ਨਿਆਂ ਵਿਭਾਗ ਮੁਤਾਬਕ ਸਿਰਫ ਸਿੱਕਮ ਤੇ ਮੇਘਾਲਿਆ ਦੀਆਂ ਹਾਈ ਕੋਰਟਾਂ ਵਿੱਚ ਹੀ ਪੂਰੇ ਜੱਜ ਹਨ। ਸੁਪਰੀਮ ਕੋਰਟ ਤਾਂ ਪੂਰੇ 34 ਜੱਜਾਂ ਨਾਲ ਚੱਲ ਰਹੀ ਹੈ, ਪਰ ਹਾਈ ਕੋਰਟਾਂ ਦਾ ਹਾਲ ਬਹੁਤ ਮਾੜਾ ਹੈ। ਸਾਰੀਆਂ ਹਾਈ ਕੋਰਟਾਂ ਵਿੱਚ 1122 ਜੱਜ ਚਾਹੀਦੇ ਹਨ, ਪਰ ਹਨ 792 ਹੀ। ਦੇਸ਼ ਦੀਆਂ ਹਾਈ ਕੋਰਟਾਂ ਵਿੱਚ 67 ਲੱਖ ਤੋਂ ਵੱਧ ਕੇਸ ਪੈਂਡਿੰਗ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ 85 ਵਿੱਚੋਂ 25 ਜੱਜਾਂ ਦੀ ਕਮੀ ਹੈ।

## ਬਿਜਲੀ ਮੁਲਾਜ਼ਮਾਂ ਦੀਆਂ ਪਰਾਲੀ ਸਾੜਣ ਤੋਂ ਰੋਕਣ ਲਈ ਲਗਾਈਆਂ ਡਿਊਟੀਆਂ ਕੱਟਣ ਦੀ ਮੰਗ



**ਪਟਿਆਲਾ** : ਪਾਵਰਕਾਮ ਅਦਾਰੇ ਵਿੱਚ ਕੰਮ ਕਰਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਨਾਲ ਸੰਬੰਧਤ ਸੂਬਾ ਪੱਧਰ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਹਾਜ਼ਰ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਕੁਲਵਿੰਦਰ ਸਿੰਘ ਢਿੱਲੋਂ, ਗੁਰਭੇਜ ਸਿੰਘ ਢਿੱਲੋਂ, ਸਰਿੰਦਰਪਾਲ ਲਹੌਰੀਆ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਦਵਿੰਦਰ ਸਿੰਘ ਪਿਸ਼ੌਰ, ਰਣਜੀਤ ਸਿੰਘ ਢਿੱਲੋਂ, ਜਸਬੀਰ ਸਿੰਘ ਆਂਡਲੂ, ਰਾਧੇਸ਼ਿਆਮ, ਬੀ ਐੱਸ ਸੇਖੋਂ, ਕੌਰ ਸਿੰਘ ਸੋਹੀ, ਦਲੀਪ ਕੁਮਾਰ, ਗੁਰਪਿਆਰ ਸਿੰਘ ਨੇ ਪਾਵਰ ਮੈਨੇਜਮੈਂਟ ਅਤੇ

• ਬਾਕੀ ਸਫਾ 2 'ਤੇ

## 'ਨਸ਼ਾ ਮੁਕਤੀ ਮੋਰਚਾ' ਦੇ ਅਹੁਦੇਦਾਰਾਂ ਦਾ ਐਲਾਨ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਨੇ ਪੰਜਾਬ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਵਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਐਤਵਾਰ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਤਹਿਤ 'ਨਸ਼ਾ ਮੁਕਤੀ ਮੋਰਚਾ' ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ। ਇਹ ਨਵ-ਨਿਯੁਕਤ ਅਹੁਦੇਦਾਰ ਸੂਬੇ ਭਰ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ, ਪੀੜਤਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਤੱਕ ਪਹੁੰਚਾਉਣ ਅਤੇ ਸਰਕਾਰ ਵੱਲੋਂ ਨਸ਼ਾ ਵਿਰੋਧੀ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ ਵਿੱਚ ਮੁੱਖ ਭੂਮਿਕਾ ਨਿਭਾਉਣਗੇ।'ਆਪ' ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਉਨ੍ਹਾਂ ਦੀ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਹਨਾ ਕਿਹਾ ਕਿ ਇਨ੍ਹਾਂ ਨਿਯੁਕਤੀਆਂ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਇੱਕ ਨਵੀਂ ਦਿਸ਼ਾ ਮਿਲੇਗੀ ਅਤੇ 'ਆਪ' ਪੰਜਾਬ ਵਿੱਚ ਸਿਹਤਮੰਦ ਅਤੇ ਖੁਸ਼ਹਾਲ ਸਮਾਜ ਸਿਰਜਣ ਦੇ ਆਪਣੇ ਏਜੰਡੇ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਏਗੀ।

## ਗੂਗਲ ਦੀ ਵਰਤੋਂ ਨੂੰ ਲੈ ਕੇ ਵਕੀਲਾਂ ਨੂੰ ਝਾੜ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਦਾਲਤ 'ਚ ਸ਼ਬਦੀ ਜੰਗ ਦੌਰਾਨ ਵਕੀਲਾਂ ਵੱਲੋਂ ਮੋਬਾਇਲ ਫੋਨ ਨਾਲ ਆਰਟੀਫਿਸ਼ੀਅਲ ਇੰਟੈਲੀਜੈਂਸ ਟੂਲਜ਼ ਤੇ ਗੂਗਲ ਦੀ ਵਰਤੋਂ ਕਰ ਕੇ ਜਵਾਬ ਦੇਣ ਦੀ ਬਿਰਤੀ 'ਤੇ ਕਾਫੀ ਨਾਰਾਜ਼ਗੀ ਜਤਾਈ ਹੈ। ਅਦਾਲਤ ਨੇ ਇਸ ਨੂੰ ਅਨੁਸ਼ਾਸਨਹੀਣ ਤੇ ਗੈਰ-ਪੇਸ਼ੇਵਰ ਰਵੱਈਆ ਕਰਾਰ ਦਿੰਦਿਆਂ ਇਕ ਵਕੀਲ ਦਾ ਮੋਬਾਇਲ ਫੋਨ ਆਰਜ਼ੀ ਤੌਰ 'ਤੇ ਜ਼ਬਤ ਵੀ ਕਰ ਲਿਆ। ਜਸਟਿਸ ਸੰਜੈ ਵਸ਼ਿਸ਼ਟ ਨੇ ਸਾਫ਼ ਕੀਤਾ ਕਿ ਅਦਾਲਤ 'ਚ ਅਜਿਹਾ ਵਿਹਾਰ ਬਿਲਕੁਲ ਬਰਦਾਸ਼ਤ ਨਹੀਂ। ਉਨ੍ਹਾਂ ਕਿਹਾ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਬਹਿਸ ਦੌਰਾਨ ਮੋਬਾਇਲ ਦੀ ਵਰਤੋਂ ਅਦਾਲਤ ਪ੍ਰਤੀ ਅਪਮਾਨ ਤੇ ਗੈਰ-ਪੇਸ਼ੇਵਰ ਰਵੱਈਏ ਨੂੰ ਦਰਸਾਉਂਦੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਦੂਜੀ ਗੱਲ, ਮੋਬਾਇਲ ਫੋਨ ਨੂੰ ਪੇਸ਼ੇਵਰ ਉਪਕਰਨ ਨਹੀਂ ਮੰਨਿਆ ਜਾ ਸਕਦਾ। ਲੈਪਟਾਪ ਜਾਂ ਆਈਪੈਡ ਵਰਗੇ ਉਪਕਰਨ ਦਫਤਰ ਦੇ ਸੈਟਅਪ ਤੇ ਕੇਸ ਫਾਈਲਾਂ ਨਾਲ ਜੁੜੇ ਹੁੰਦੇ ਹਨ, ਪਰ ਮੋਬਾਇਲ ਫੋਨ ਨਿੱਜੀ ਉਪਕਰਨ ਹਨ, ਜਿਨ੍ਹਾਂ ਦੀ ਵਰਤੋਂ ਅਦਾਲਤ ਦੀ ਕਾਰਵਾਈ 'ਚ ਢੁਕਵੀਂ ਨਹੀਂ। ਉਨ੍ਹਾ ਕਿਹਾ ਕਿ ਹਾਲੀਆ ਦਿਨਾਂ 'ਚ ਇਹ ਦੇਖਿਆ ਗਿਆ ਹੈ ਕਿ ਕਈ ਵਕੀਲ ਅਦਾਲਤ 'ਚ ਖੜ੍ਹੇ ਹੋ ਕੇ ਮੋਬਾਇਲ 'ਤੇ ਜਾਣਕਾਰੀ ਲੱਭਦੇ ਹਨ, ਜਿਸ ਨਾਲ ਕਾਰਵਾਈ 'ਚ ਵਿਘਨ ਪੈਂਦਾ ਹੈ ਤੇ ਅਦਾਲਤ ਨੂੰ ਉਨ੍ਹਾਂ ਦੇ ਇੰਤਜ਼ਾਰ 'ਚ ਸੁਣਵਾਈ ਰੋਕਣੀ ਪੈਂਦੀ ਹੈ। ਜਸਟਿਸ ਨੇ ਹੁਕਮ ਦਿੱਤਾ ਕਿ ਇਸ ਆਦੇਸ਼ ਦੀ ਕਾਪੀ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਕੱਤਰ ਨੂੰ ਭੇਜੀ ਜਾਵੇ, ਤਾਂ ਜੋ ਉਹ ਆਪਣੇ ਮੈਂਬਰਾਂ ਨੂੰ ਚਿਤਾਵਨੀ ਦੇ ਸਕਣ, ਤਾਂ ਜੋ ਭਵਿੱਖ ਵਿਚ ਅਦਾਲਤ ਨੂੰ ਕੋਈ ਕਠੋਰ ਕਦਮ ਉਠਾਉਣ ਲਈ ਮਜਬੂਰ ਨਾ ਹੋਣਾ ਪਵੇ।

## ਮ੍ਰਿਤਕ ਸੈਨਿਕ ਦੀ ਮਾਂ ਨੂੰ ਮਿਲੇਗੀ ਪੈਨਸ਼ਨ, ਕੇਂਦਰ ਦੀ ਪਟੀਸ਼ਨ ਖਾਰਜ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਮਹੱਤਵਪੂਰਨ ਫੈਸਲੇ ਵਿਚ ਕੇਂਦਰ ਸਰਕਾਰ ਦੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਫੌਜ ਵਿਚ ਸੇਵਾ ਦੌਰਾਨ ਬਿਮਾਰ ਹੋਏ ਫੌਜ ਦੇ ਜਵਾਨ ਦੀ ਮੌਤ ਨੂੰ ਫ਼ੌਜੀ ਸੇਵਾ ਨਾਲ ਸੰਬੰਧਤ ਮੰਨਿਆ ਜਾਵੇਗਾ ਅਤੇ ਉਸ ਦੇ ਪਰਵਾਰ ਨੂੰ ਵਿਸ਼ੇਸ਼ ਪਰਵਾਰਕ ਪੈਨਸ਼ਨ ਪ੍ਰਾਪਤ ਕਰਨ ਦਾ ਹੱਕ ਹੋਵੇਗਾ। ਸਲੋਚਨਾ ਵਰਮਾ ਦੇ ਪੁੱਤਰ ਦੀ ਮੌਤ ਸਾਲ 2009 ਵਿਚ 'ਰੇਟਰੋਪਰਿਟੋਨੀਅਲ ਸਾਰਕੋਮਾ ਵਿਦ ਵਾਈਡਸਪ੍ਰੈਡ ਮੈਟਾਸਟੇਸਿਸ' ਨਾਮਕ ਕੈਂਸਰ ਦੀ ਬਿਮਾਰੀ ਕਾਰਨ ਹੋਈ ਸੀ। ਉਹ ਸਾਲ 2003 ਵਿਚ ਫੌਜ ਵਿਚ ਭਰਤੀ ਹੋਏ ਸਨ ਅਤੇ ਛੇ ਸਾਲਾਂ ਤੱਕ ਸੇਵਾ ਕੀਤੀ। ਭਰਤੀ ਦੇ ਸਮੇਂ ਉਹ ਪੂਰੀ ਤਰ੍ਹਾਂ ਸਿਹਤਮੰਦ ਸਨ। ਆਰਮਡ ਫੋਰਸ ਟ੍ਰਿਬਿਊਨਲ ਚੰਡੀਗੜ੍ਹ ਨੇ 2019 ਵਿਚ ਹੁਕਮ ਦਿੱਤਾ ਸੀ ਕਿ ਇਹ ਬਿਮਾਰੀ ਫੌਜ ਦੀ ਸੇਵਾ ਦੀਆਂ ਹਾਲਤਾਂ ਨਾਲ ਜੁੜੀ ਹੋਈ ਮੰਨੀ ਜਾਵੇ ਅਤੇ ਉਸ ਦੀ ਮਾਂ ਨੂੰ ਵਿਸ਼ੇਸ਼ ਪਰਵਾਰਕ ਪੈਨਸ਼ਨ ਦਿੱਤੀ ਜਾਵੇ, ਪਰ ਕੇਂਦਰ ਸਰਕਾਰ ਨੇ ਇਸ ਹੁਕਮ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਮੈਡੀਕਲ ਬੋਰਡ ਨੇ ਬਿਮਾਰੀ ਨੂੰ 'ਸੈਨਿਕ ਸੇਵਾ ਨਾਲ ਅਸੰਬੰਧਤ' ਦੱਸਿਆ, ਇਸ ਲਈ ਪੈਨਸ਼ਨ ਦਾ ਲਾਭ ਨਹੀਂ ਦਿੱਤਾ ਜਾ ਸਕਦਾ। ਇਸ 'ਤੇ ਜਸਟਿਸ ਹਰਸਿਮਰਨ ਸਿੰਘ ਸੇਠੀ ਅਤੇ ਜਸਟਿਸ ਵਿਕਾਸ ਸੂਰੀ ਦੀ ਬੈਂਚ ਨੇ ਕਿਹਾ ਕਿ ਜਦੋਂ ਕੋਈ ਵਿਅਕਤੀ ਫੌਜ ਵਿਚ ਭਰਤੀ ਹੁੰਦਾ ਹੈ ਅਤੇ ਉਸ ਸਮੇਂ ਸਿਹਤਮੰਦ ਪਾਇਆ ਜਾਂਦਾ ਹੈ, ਤਾਂ ਬਾਅਦ ਵਿਚ ਹੋਣ ਵਾਲੀ ਕੋਈ ਵੀ ਗੰਭੀਰ ਬਿਮਾਰੀ ਸੇਵਾ ਨਾਲ ਜੁੜੀ ਮੰਨੀ ਜਾਵੇਗੀ, ਜਦ ਤੱਕ ਸਰਕਾਰ ਇਸ ਦੇ ਖ਼ਿਲਾਫ਼ ਠੋਸ ਸਬੂਤ ਪੇਸ਼ ਨਾ ਕਰੇ। ਅਦਾਲਤ ਨੇ ਕਿਹਾ ਕਿ ਇਹ ਮੰਨਣਾ ਬੇਇਨਸਾਫ਼ੀ ਹੋਵੇਗੀ ਕਿ ਭਰਤੀ ਦੇ ਸਮੇਂ ਅਜਿਹੀ ਗੰਭੀਰ ਬਿਮਾਰੀ ਮੌਜੂਦ ਸੀ ਅਤੇ ਫਿਰ ਵੀ ਇਸ ਦਾ ਪਤਾ ਨਹੀਂ ਲੱਗਿਆ। ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਸੁਪਰੀਮ ਕੋਰਟ ਦੇ ਕਈ ਮਾਮਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜੇਕਰ ਕੋਈ ਬਿਮਾਰੀ ਸੇਵਾ ਦੌਰਾਨ ਵਿਕਸਤ ਹੁੰਦੀ ਹੈ ਤਾਂ ਇਹ ਫ਼ੌਜੀ ਸੇਵਾ ਦੀਆਂ ਹਾਲਤਾਂ, ਤਣਾਅ ਜਾਂ ਡਿਊਟੀ ਦੇ ਕਾਰਨ ਮੰਨੀ ਜਾਵੇਗੀ।

ਅਦਾਲਤ ਨੇ ਇਹ ਵੀ ਸਾਫ ਕੀਤਾ ਕਿ ਕੈਂਸਰ ਵਰਗੀਆਂ ਬਿਮਾਰੀਆਂ, ਸਿਵਾਏ ਉਨ੍ਹਾਂ ਮਾਮਲਿਆਂ ਦੇ, ਜੋ ਸਿਗਰਟਨੋਸ਼ੀ ਵਰਗੇ ਨਿੱਜੀ ਕਾਰਨਾਂ ਕਾਰਨ ਪੈਦਾ ਹੁੰਦੀਆਂ ਹਨ, ਆਮ ਤੌਰ 'ਤੇ ਸੇਵਾ ਦੀਆਂ ਹਾਲਤਾਂ ਨਾਲ ਜੁੜੀਆਂ ਮੰਨੀਆਂ ਜਾਣੀਆਂ ਚਾਹੀਦੀਆਂ ਹਨ।

## ਖਜ਼ਾਨਾ ਸੁਧਾਰਾਂ ਨਾਲ ਜਵਾਬਦੇਹੀ ਤੇ ਪਾਰਦਰਸ਼ਤਾ ਨੂੰ ਵਧਾਇਆ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਖਜ਼ਾਨਾ ਅਤੇ ਲੇਖਾ ਡਾਇਰੈਕਟੋਰੇਟ (ਡੀ ਟੀ ਏ) ਪੰਜਾਬ ਨੇ ਵਿੱਤੀ ਪ੍ਰਸ਼ਾਸਨ ਨੂੰ ਆਧੁਨਿਕ ਬਣਾਉਣ, ਪਾਰਦਰਸ਼ਤਾ ਨੂੰ ਹੁਲਾਰਾ ਦੇਣ ਅਤੇ ਸਾਰੇ ਸਰਕਾਰੀ ਵਿਭਾਗਾਂ ਵਿੱਚ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ ਵੱਡੇ ਡਿਜੀਟਲ ਪਰਿਵਰਤਨ ਉਪਰਾਲਿਆਂ ਦੀ ਇੱਕ ਲੜੀ ਅਪਣਾਈ ਹੈ। ਲੇਖਾ-ਜੋਖਾ, ਆਡਿਟ, ਫੰਡ ਪ੍ਰਬੰਧਨ ਅਤੇ ਨਾਗਰਿਕ ਸੇਵਾਵਾਂ ਨੂੰ ਲੈ ਕੇ ਕੀਤੇ ਗਏ ਇਹ ਤਕਨੀਕੀ ਸੁਧਾਰ ਪੰਜਾਬ ਵਿੱਚ ਪੂਰੀ ਤਰ੍ਹਾਂ ਡਿਜੀਟਲ ਗਵਰਨੈਂਸ ਵੱਲ ਇੱਕ ਮਹੱਤਵਪੂਰਨ ਕਦਮ ਹਨ।

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਡਾਇਰੈਕਟੋਰੇਟ ਨੇ ਕੇਂਦਰ ਪ੍ਰਾਯੋਜਿਤ ਸਕੀਮਾਂ ਲਈ ਇੱਕ ਨਵੇਂ ਫੰਡ ਪ੍ਰਵਾਹ ਢਾਂਚਾ, ਐੱਸ ਐੱਨ ਏ-ਸਪਰਸ਼ ਨੂੰ ਸਫਲਤਾਪੂਰਵਕ ਵਿਕਸਤ ਕਰਦਿਆਂ ਵਿੱਤੀ ਸਾਲ 2024-25 ਵਿੱਚ 450 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਪ੍ਰਾਪਤ ਕੀਤੀ। ਉਨ੍ਹਾ ਕਿਹਾ ਕਿ ਇਹ ਏਕੀਕ੍ਰਿਤ ਢਾਂਚਾ ਪਬਲਿਕ ਫਾਈਨੈਂਸ਼ੀਅਲ ਮੈਨੇਜਮੈਂਟ ਸਿਸਟਮ (ਪੀ ਐੱਫ ਐੱਮ ਐਸ), ਰਾਜ ਆਈ ਐੱਫ ਐੱਮ ਐੱਸ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਈ-ਕੁਬੇਰ ਸਿਸਟਮ ਨੂੰ ਜੋੜਦਾ ਹੈ, ਜਿਸ ਦਾ ਉਦੇਸ਼ ਖਜ਼ਾਨੇ ਵਿੱਚ ਨਕਦ ਤਰਲਤਾ (ਕੈਸ਼ ਲਿਕਿਊਡਿਟੀ) ਨੂੰ ਵਧਾਉਣਾ ਅਤੇ ਬੈਂਕ ਖਾਤਿਆਂ ਵਿੱਚ ਪਏ ਅਣਵਰਤੇ ਫੰਡਾਂ ਨੂੰ ਘਟਾਉਣਾ ਹੈ।

ਉਨ੍ਹਾ ਕਿਹਾ—ਇਸ ਪ੍ਰਣਾਲੀ ਦੀ ਸਹੂਲਤ ਲਈ ਇੱਕ ਵੱਖਰਾ ਐੱਸ ਐੱਨ ਏ ਸਪਰਸ਼ ਖਜ਼ਾਨਾ ਬਣਾਇਆ ਗਿਆ ਹੈ ਅਤੇ ਸੂਬੇ ਵੱਲੋਂ ਹੁਣ ਵਿੱਤੀ ਸਾਲ 2025-26 ਲਈ ਪੂੰਜੀ ਨਿਵੇਸ਼ ਲਈ ਰਾਜਾਂ ਨੂੰ ਵਿਸ਼ੇਸ਼ ਸਹਾਇਤਾ ਦੀ ਯੋਜਨਾ (ਐੱਸ ਏ ਐੱਸ ਸੀ ਆਈ 2025-26) ਦੇ ਤਹਿਤ 350 ਕਰੋੜ ਰੁਪਏ ਦਾ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਆ ਗਈ ਹੜ੍ਹ ਦੀ ਚੇਤਾਵਨੀ ਫੇਰ ਕਹਿੰਦੇ,
ਪ੍ਰਭਾਵਤ ਲੋਕਾਂ ਦੇ ਸੂਤੇ ਗਏ ਸਾਹ ਮੀਆਂ।
ਕਹਿੰਦੇ ਵੱਡੀ ਬਰਸਾਤ ਹੈ ਆਉਣ ਵਾਲੀ,
ਆਇਆ ਪਾਣੀ ਤਾਂ ਲਾਊਗਾ ਢਾਹ ਮੀਆਂ।
ਝੀਲਾਂ ਪਹਿਲੇ ਹੀ ਪਾਣੀ ਦੇ ਨਾਲ ਭਰੀਆਂ,
ਤਾਜ਼ਾ ਵਹਿਣ ਨਾ ਝੱਲਣ ਦੀ ਵਾਹ ਮੀਆਂ।
ਪਹਿਲੇ ਹੜ੍ਹਾਂ ਨਾਲ ਜਿੱਦਾਂ ਕਈ ਗਏ ਝੰਬੇ,
ਨਵੀਂ ਖਬਰ ਨਾਲ ਨਿਕਲਦੀ ਧਾਹ ਮੀਆਂ।
ਜ਼ਿੰਮਾ ਸਰਕਾਰ ਦਾ ਏਦਾਂ ਦੀ ਘੜੀ ਹੁੰਦਾ,
ਸੋਚਣੀ ਅਗੇਤੀ ਆ ਚਾਹੀਦੀ ਲੋੜ ਮੀਆਂ।
ਵਕਤ ਬੀਤੇ ਤੋਂ ਸਿੱਖਿਆ ਸਬਕ ਇਹੀਓ,
ਚਾਹੀਦੀ ਕਿਸੇ ਨਾ ਵਸਤ ਦੀ ਥੋੜ ਮੀਆਂ।

-ਤੀਸ ਮਾਰ ਖਾਂ

## ਭਾਖੜਾ ਤੇ ਪੌਂਗ ਡੈਮ ਤੋਂ ਪਾਣੀ ਛੱਡਿਆ, ਫ਼ਸਲਾਂ ਡੁੱਬੀਆਂ

**ਚੰਡੀਗੜ੍ਹ** : ਮੌਸਮ ਵਿਭਾਗ ਵੱਲੋਂ ਅਗਲੇ ਤਿੰਨ ਦਿਨ ਭਾਰੀ ਮੀਂਹ ਪੈਣ ਸੰਬੰਧੀ ਦਿੱਤੀ ਚਿਤਾਵਨੀ ਦੇ ਮੱਦੇਨਜ਼ਰ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਨੇ ਐਤਵਾਰ ਭਾਖੜਾ ਤੇ ਪੌਂਗ ਡੈਮ ਦੇ ਫਲੱਡ ਗੇਟ ਖੋਲ੍ਹ ਦਿੱਤੇ। ਫਲੱਡ ਗੇਟ ਖੋਲ੍ਹਣ ਦੇ ਨਾਲ ਹੀ ਦੋਵਾਂ ਡੈਮਾਂ ਵਿੱਚੋਂ ਸਤਲੁਜ ਤੇ ਬਿਆਸ ਦਰਿਆ ਵਿੱਚ ਪਹਿਲਾਂ ਦੇ ਮੁਕਾਬਲੇ ਵਾਧੂ ਪਾਣੀ ਛੱਡਿਆ ਜਾ ਰਿਹਾ ਹੈ। ਦੋਵਾਂ ਦਰਿਆਵਾਂ ਵਿੱਚ ਪਾਣੀ ਵਧਣ ਕਰਕੇ ਸਤਲੁਜ ਅਤੇ ਬਿਆਸ ਕੰਢੇ ਰਹਿਣ ਵਾਲੇ ਲੋਕ ਸਹਿਮ ਗਏ ਹਨ, ਜੋ ਪਹਿਲਾਂ ਹੀ ਹੜ੍ਹਾਂ ਕਰਕੇ ਹੋਏ ਖ਼ਰਾਬੇ ਤੋਂ ਉੱਭਰ ਨਹੀਂ ਸਕੇ ਹਨ। ਉਨ੍ਹਾਂ ਨੂੰ ਮੁੜ ਤੋਂ ਹੜ੍ਹਾਂ ਦਾ ਖ਼ਤਰਾ ਸਤਾਉਣ ਲੱਗ ਪਿਆ ਹੈ। ਇਸ ਦੇ ਨਾਲ ਹੀ ਸਤਲੁਜ ਦਰਿਆ ਦੇ ਕੰਢੇ ਸਥਿਤ ਦਰਜਨਾਂ ਪਿੰਡਾਂ ਦੇ ਖੇਤਾਂ ਵਿੱਚ ਵੀ ਪਾਣੀ ਦਾਖਲ ਹੋ ਗਿਆ ਹੈ। ਜਾਣਕਾਰੀ ਅਨੁਸਾਰ ਸ਼ਨਿਚਰਵਾਰ ਦੁਪਹਿਰ 12 ਵਜੇ ਬੀ ਬੀ ਐੱਮ ਬੀ ਵੱਲੋਂ ਭਾਖੜਾ ਤੇ ਪੌਂਗ ਡੈਮ ਦੇ ਫਲੱਡ ਗੇਟ ਖੋਲ੍ਹੇ ਗਏ। ਇਸ ਤੋਂ ਪਹਿਲਾਂ ਭਾਖੜਾ ਡੈਮ ਵਿੱਚੋਂ 36 ਹਜ਼ਾਰ ਕਿਊਸਕ ਦੇ ਕਰੀਬ ਪਾਣੀ ਛੱਡਿਆ ਜਾ ਰਿਹਾ ਸੀ, ਜਦੋਂ ਕਿ ਇਸ ਵਿੱਚ 7 ਹਜ਼ਾਰ ਕਿਊਸਕ ਦਾ ਵਾਧਾ ਕੀਤਾ ਗਿਆ। ਇਸ ਸਮੇਂ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1672.31 ਫੁੱਟ ਹੈ, ਜੋ ਖਤਰੇ ਦੇ ਨਿਸ਼ਾਨ ਤੋਂ 7.69 ਫੁੱਟ ਹੇਠਾਂ ਹੈ। ਭਾਖੜਾ ਡੈਮ ਵਿੱਚੋਂ ਸਤਲੁਜ ਵਿੱਚ ਪਾਣੀ ਛੱਡੇ ਜਾਣ ਕਰਕੇ ਪਿੰਡ ਬੇਲਾ ਧਿਆਨੀ, ਭਨਾਮ, ਹਰਸਾ ਬੇਲਾ, ਪੱਤੀ ਦੁਲਚੀ ਸਣੇ ਦਰਜਨਾਂ ਪਿੰਡਾਂ ਦੇ ਖੇਤਾਂ ਵਿੱਚ ਪਾਣੀ ਦਾਖਲ ਹੋ ਗਿਆ। ਇਸ ਦੌਰਾਨ ਕਿਸਾਨਾਂ ਦੀ ਪੱਕੀ ਹੋਈ ਫ਼ਸਲ ਮੁੜ ਪਾਣੀ ਵਿੱਚ ਡੁੱਬ ਗਈ ਹੈ। ਦੂਜੇ ਪਾਸੇ ਪੌਂਗ ਡੈਮ ਵਿੱਚੋਂ ਸਵੇਰ ਸਮੇਂ ਪਾਣੀ 17 ਹਜ਼ਾਰ ਕਿਊਸਕ ਛੱਡਿਆ ਜਾ ਰਿਹਾ ਸੀ ਪਰ ਮੌਸਮ ਵਿਭਾਗ ਦੀ ਚਿਤਾਵਨੀ ਨੂੰ ਵੇਖਦਿਆਂ ਸ਼ਾਮ 5 ਵਜੇ 49 ਹਜ਼ਾਰ ਕਿਊਸਕ ਛੱਡਿਆ ਗਿਆ। ਇਸ ਸਮੇਂ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 1388.02 ਫੁੱਟ ਦਰਜ ਕੀਤਾ ਗਿਆ ਹੈ। ਪੌਂਗ ਡੈਮ ਵਿੱਚੋਂ ਪਾਣੀ ਛੱਡੇ ਜਾਣ ਕਰਕੇ ਬਿਆਸ ਦਰਿਆ ਦੇ ਕੰਢੇ ਰਹਿਣ ਵਾਲੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ।



ਇਸੇ ਤਰ੍ਹਾਂ ਰਣਜੀਤ ਸਾਗਰ ਡੈਮ ਵਿੱਚੋਂ ਸ਼ਾਮ 5 ਵਜੇ ਦੇ ਕਰੀਬ ਪਾਣੀ 33 ਹਜ਼ਾਰ ਕਿਊਸਕ ਛੱਡਿਆ ਗਿਆ, ਜਦੋਂ ਕਿ ਪਾਣੀ ਦੀ ਆਮਦ ਸਿਰਫ਼ 565 ਕਿਊਸਕ ਹੋ ਰਹੀ ਹੈ। ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ ਤੇ ਉੱਤਰ ਭਾਰਤ ਦੇ ਕੁਝ ਹਿੱਸਿਆ ਵਿੱਚ 5 ਤੋਂ 7 ਅਕਤੂਬਰ ਤੱਕ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਗਿਆਨੀਆਂ ਨੇ ਪੰਜਾਬ ਵਿੱਚ 5 ਤੇ 6 ਅਕਤੂਬਰ ਲਈ ਓਰੈਂਜ ਜਦ ਕਿ 7 ਅਕਤੂਬਰ ਨੂੰ ਯੈਲੋ ਅਲਰਟ ਜਾਰੀ ਕੀਤਾ ਹੈ। ਗੁਆਂਢੀ ਸੂਬੇ ਹਰਿਆਣਾ ਵਿੱਚ 6 ਅਕਤੂਬਰ ਨੂੰ ਓਰੈਂਜ ਅਤੇ 5 ਤੇ 7 ਅਕਤੂਬਰ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਦੌਰਾਨ 40 ਤੋਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ ਅਤੇ ਭਾਰੀ ਮੀਂਹ ਪਵੇਗਾ।

## ਹਿਮਾਚਲ ਦੀਆਂ ਚੋਟੀਆਂ 'ਤੇ ਬਰਫ਼ਬਾਰੀ



**ਧਰਮਸ਼ਾਲਾ** : ਹਿਮਾਚਲ ਪ੍ਰਦੇਸ਼ ਵਿਚ ਧੌਲਾਧਾਰ ਦੀਆਂ ਪਹਾੜੀਆਂ ਵਿੱਚ ਤਾਜ਼ਾ ਬਰਫ਼ਬਾਰੀ ਅਤੇ ਕਾਂਗੜਾ ਤੇ ਚੰਬਾ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿੱਚ ਪੂਰੀ ਰਾਤ ਪਏ ਮੀਂਹ ਕਾਰਨ ਪਹਾੜੀ ਕਸਬਿਆਂ ਦੇ ਤਾਪਮਾਨ ਵਿੱਚ ਗਿਰਾਵਟ ਆਈ ਹੈ। ਮੌਸਮ ਵਿੱਚ ਇਸ ਤਬਦੀਲੀ ਨਾਲ ਸੂਬੇ ਵਿਚ ਸਰਦੀਆਂ ਨੇ ਸਮੇਂ ਤੋਂ ਪਹਿਲਾਂ ਦਸਤਕ ਦੇ ਦਿੱਤੀ ਹੈ। ਧਰਮਸ਼ਾਲਾ, ਮੈਕਲੋਡਗੰਜ, ਕਾਂਗੜਾ, ਪਾਲਮਪੁਰ, ਡਲਹੌਜ਼ੀ, ਚੰਬਾ ਅਤੇ ਭਰਮੌਰ ਵਿੱਚ ਪਿਛਲੇ ਕੁਝ ਦਿਨਾਂ ਤੋਂ ਜਾਰੀ ਗਰਮੀ ਦੀ ਥਾਂ ਸੀਤ ਹਵਾਵਾਂ ਅਤੇ ਠੰਢ ਨੇ ਲੈ ਲਈ ਹੈ। ਮੌਸਮ ਵਿਭਾਗ ਅਨੁਸਾਰ ਧਰਮਸ਼ਾਲਾ ਅਤੇ ਮੈਕਲੋਡਗੰਜ ਵਿੱਚ 25.5 ਮਿਲੀਮੀਟਰ, ਪਾਲਮਪੁਰ ਵਿੱਚ 10.2 ਮਿਲੀਮੀਟਰ, ਕਾਂਗੜਾ ਵਿੱਚ 18.4 ਮਿਲੀਮੀਟਰ ਅਤੇ ਚੰਬਾ ਵਿੱਚ 4 ਮਿਲੀਮੀਟਰ ਮੀਂਹ ਪਿਆ। ਘੱਟੋ-ਘੱਟ ਤਾਪਮਾਨ ਵਿੱਚ ਵੀ ਕਾਫ਼ੀ ਨਿਘਾਰ ਦੇਖਣ ਨੂੰ ਮਿਲਿਆ। ਧਰਮਸ਼ਾਲਾ ਵਿੱਚ 16.5 ਡਿਗਰੀ, ਮੈਕਲੋਡਗੰਜ ਵਿੱਚ 9.8, ਪਾਲਮਪੁਰ ਵਿੱਚ 11.5, ਕਾਂਗੜਾ ਵਿੱਚ 15.3, ਚੰਬਾ ਵਿੱਚ 16.8, ਡਲਹੌਜ਼ੀ ਵਿੱਚ 8.6 ਅਤੇ ਭਰਮੌਰ ਵਿੱਚ 13 ਡਿਗਰੀ ਸੈਲਸੀਅਤ ਤਾਪਮਾਨ ਦਰਜ ਕੀਤਾ ਗਿਆ।

CMYK

## ਨੰਬਰਦਾਰ ਯੂਨੀਅਨ ਵੱਲੋਂ ਤਹਿਸੀਲਦਾਰ ਨਾਲ ਮੁਲਾਕਾਤ



**ਜਲਾਲਾਬਾਦ (ਜੀਤ ਕੁਮਾਰ)**-ਨੰਬਰਦਾਰ ਯੂਨੀਅਨ ਮਾਨ ਗਰੁੱਪ ਦੇ ਸੀਨੀਅਰ ਨੰਬਰਦਾਰ ਹਰਭਜਨ ਸਿੰਘ ਨੰਬਰਦਾਰ ਵਾਸੀ ਚੱਕ ਪੁੰਨਾਂ ਵਾਲੀ ਤੇ ਦੇਸ ਰਾਜ ਨੰਬਰਦਾਰ ਵਾਸੀ ਅਮੀਰ ਖਾਸ (ਫੋਜੀਆਂ) ਵੱਲੋਂ ਤਹਿਸੀਲ ਜਲਾਲਾਬਾਦ ਦੇ ਨਵੇਂ ਆਏ ਤਹਿਸੀਲਦਾਰ ਸੁਖਚਰਨ ਸਿੰਘ ਚੰਨੀ ਨਾਲ ਉਨ੍ਹਾਂ ਦੇ ਦਫਤਰ ਵਿੱਚ ਮੁਲਾਕਾਤ ਕੀਤੀ ਗਈ। ਇਸ ਦੌਰਾਨ ਤਹਿਸੀਲਦਾਰ ਨੇ ਨੰਬਰਦਾਰਾਂ ਦਾ ਭਰਵਾਂ ਸਵਾਗਤ ਕੀਤਾ ਤੇ ਨੰਬਰਦਾਰਾਂ ਨੇ ਵੀ ਚੰਗੇ ਤਹਿਸੀਲਦਾਰ ਦੇ ਤੌਰ 'ਤੇ ਸਵਾਗਤ ਕੀਤਾ। ਇਸ ਮੌਕੇ ਤਹਿਸੀਲਦਾਰ ਸੁਖਚਰਨ ਸਿੰਘ ਚੰਨੀ ਨੇ ਨੰਬਰਦਾਰਾਂ ਨੂੰ ਭਰੋਸਾ ਦਿੱਤਾ ਕਿ ਜਨਤਾ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਦਫਤਰ ਵਿੱਚ ਹਰ ਵਿਅਕਤੀ ਦਾ ਮਾਣ ਸਨਮਾਨ ਕੀਤਾ ਜਾਵੇਗਾ।

## ਸਰਬਹਿੱਤਕਾਰੀ ਸਕੂਲ ਦੇ ਵਿਦਿਆਰਥੀਆਂ ਵਿਗਿਆਨ ਤੇ ਗਣਿਤ ਮੇਲੇ 'ਚ ਮਾਰੀਆਂ ਮੱਲਾਂ



**ਜਗਰਾਉਂ (ਅਮਿਤ ਖੰਨਾ)**-ਸ੍ਰੀਮਤੀ ਸਤੀਸ਼ ਗੁਪਤਾ ਸਰਬਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦੇ ਵਿਦਿਆਰਥੀਆਂ ਨੇ ਮੋਗਾ ਵਿਖੇ ਹੋਏ ਵਿਗਿਆਨ ਤੇ ਗਣਿਤ ਮੇਲੇ ਵਿੱਚ ਮੱਲਾਂ ਮਾਰੀਆਂ।ਇਸ ਵਿਗਿਆਨ ਮੇਲੇ ਵਿੱਚ ਪੰਜ ਸਕੂਲਾਂ ਨੇ ਭਾਗ ਲਿਆ, ਜੋ ਲੁਧਿਆਣਾ ਵਿਭਾਗ ਦੇ ਅੰਤਰਗਤ ਕਰਵਾਇਆ ਗਿਆ।ਵਿਗਿਆਨ ਮੇਲੇ ਵਿੱਚ ਇਸ ਸਕੂਲ ਦੇ ਵਿਦਿਆਰਥੀਆਂ ਨੇ ਵਿਗਿਆਨ ਦੀ ਪ੍ਰਤੀਯੋਗਤਾ 'ਚ ਪ੍ਰਸ਼ਨ ਮੰਚ ਵਿੱਚ ਪਹਿਲੇ ਦਰਜੇ 'ਤੇ ਰਹਿ ਕਰਕੇ 10 ਮੈਡਲ ਹਾਸਲ ਕੀਤੇ।ਵਿਗਿਆਨ ਵਿੱਚ ਦੂਜੇ ਦਰਜੇ 'ਤੇ ਆਉਣ ਕਰਕੇ 9 ਮੈਡਲ ਹਾਸਲ ਕੀਤੇ ਤੇ ਵਿਗਿਆਨ ਦੇ ਤੀਜੇ ਦਰਜੇ 'ਤੇ ਆਉਣ ਕਰਕੇ 10 ਮੈਡਲ ਹਾਸਲ ਕੀਤੇ।ਇਸੇ ਤਰ੍ਹਾਂ ਗਣਿਤ ਵਿੱਚ ਮਾਡਲ ਤੇ ਪ੍ਰਸ਼ਨ ਮੰਚ ਵਿੱਚੋਂ ਪਹਿਲੇ ਦਰਜੇ 'ਤੇ ਹੋਣ ਕਰਕੇ 7 ਮੈਡਲ ਹਾਸਲ ਕੀਤੇ ਅਤੇ ਗਣਿਤ 'ਚ ਦੂਜੇ ਦਰਜੇ ਕਰਕੇ 6 ਮੈਡਲ ਹਾਸਲ ਕੀਤੇ ਅਤੇ ਤੀਜੇ ਦਰਜੇ ਵਿੱਚ ਆਉਣ ਕਰਕੇ 5 ਮੈਡਲ ਹਾਸਲ ਕੀਤੇ।ਸਰਬਹਿੱਤਕਾਰੀ ਵਿੱਦਿਆ ਮੰਦਰ ਦੇ ਸਮਿਤੀ ਪ੍ਰਧਾਨ ਵਿਨੋ ਸਿਘਲਾ ਨੇ ਬੱਚਿਆਂ ਨੂੰ ਪੰਜ ਪਰਿਵਰਤਨ ਸਮਾਜਿਕ ਸਮਰਸਤਾ, ਕੁਟੰਬ ਪ੍ਰਬੋਧਨ, ਵਾਤਾਵਰਨ ਸੁਰੱਖਿਆ, ਸਵ ਬੋਧ ਤੇ ਨਾਗਰਿਕ ਕਰਤੱਵ ਬਾਰੇ ਜਾਣਕਾਰੀ ਦਿੱਤੀ।ਸਕੂਲ ਦੇ ਪ੍ਰਬੰਧਕ ਸ੍ਰੀ ਪ੍ਰਦੀਪ ਕੁਮਾਰ ਨੇ ਸਾਰਿਆਂ ਨੂੰ ਸੰਘ ਸ਼ਤਾਬਦੀ ਵਰ੍ਹੇ ਦੀ ਵਧਾਈ ਦਿੱਤੀ।ਜੇਤੂ ਬੱਚਿਆਂ ਨੂੰ ਵਿੱਦਿਆ ਮੰਦਰ ਸਮਿਤੀ ਦੇ ਪ੍ਰਧਾਨ ਵਿਨੋ ਸਿੰਗਲਾ, ਪ੍ਰਬੰਧਕ ਪ੍ਰਦੀਪ ਕੁਮਾਰ ਤੇ ਪ੍ਰਿੰਸੀਪਲ ਸ੍ਰੀਮਤੀ ਨੀਤੂ ਨਰੂਲਾ ਨੇ ਮੈਡਲ ਪਹਿਨਾ ਕੇ ਹੌਸਲਾ ਅਫ਼ਜ਼ਾਈ ਕੀਤੀ ਅਤੇ ਬੱਚਿਆਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।

## ਮਾਊਂਟ ਲਿਟਰਾ ਜੀ ਸਕੂਲ ਦੇ ਖਿਡਾਰੀਆਂ ਨੇ ਓਵਰਆਲ ਚੈਂਪੀਅਨਸ਼ਿਪ ਜਿੱਤੀ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਮਾਊਂਟ ਲਿਟਰਾ ਜੀ ਸਕੂਲ ਫਰੀਦਕੋਟ ਦੇ ਵਿਦਿਆਰਥੀਆਂ ਨੇ 69ਵੇਂ ਜ਼ਿਲ੍ਹਾ ਐਥਲੈਟਿਕਸ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਪੱਧਰ 'ਤੇ ਨਵਾਂ ਇਤਿਹਾਸ ਰਚ ਦਿੱਤਾ ਹੈ।ਸਕੂਲ ਨੇ ਅੰਡਰ-17 ਗਰਲਜ਼ ਕੈਟਾਗਰੀ ਵਿੱਚ ਓਵਰਆਲ ਚੈਂਪੀਅਨਸ਼ਿਪ ਹਾਸਲ ਕਰਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ।ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਕੁੱਲ 27 ਤਮਗੇ ਜਿੱਤੇ, ਜਿਨ੍ਹਾਂ ਵਿੱਚ 19 ਸੋਨੇ, 6 ਚਾਂਦੀ ਤੇ 2 ਕਾਂਸੀ ਦੇ ਤਮਗੇ ਸ਼ਾਮਲ ਹਨ।ਅੰਡਰ-17 ਗਰਲਜ਼ ਵਰਗ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਦਾ ਪ੍ਰਦਰਸ਼ਨ ਲਾਜਵਾਬ ਰਿਹਾ।ਕੈਟਾਗਰੀ ਵਿੱਚ 10 ਸੋਨੇ ਤੇ 2 ਚਾਂਦੀ (ਕੁੱਲ 12) ਤਮਗੇ ਹਾਸਲ ਕੀਤੇ ਗਏ।ਅੰਡਰ-19 ਤੇ ਅੰਡਰ-17 ਲੜਕੇ ਵਰਗ ਵਿੱਚ ਵੀ ਖਿਡਾਰੀਆਂ ਨੇ 9 ਸੋਨੇ, 4 ਚਾਂਦੀ ਤੇ 2 ਕਾਂਸੀ (ਕੁੱਲ 15) ਤਮਗੇ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਇਸ ਇਤਿਹਾਸਕ ਪ੍ਰਾਪਤੀ 'ਤੇ ਸਕੂਲ ਦੇ ਚੇਅਰਮੈਨ ਚਮਨ ਲਾਲ ਗੁਲਾਟੀ ਤੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਸਾਰੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਕੋਚਾਂ ਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਇਹ ਸਫ਼ਲਤਾ ਬੱਚਿਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਤੇ ਖੇਡ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਨਤੀਜਾ ਹੈ।ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਖਿਡਾਰੀ ਭਵਿੱਖ ਵਿੱਚ ਸਕੂਲ ਤੇ ਇਲਾਕੇ ਦਾ ਨਾਮ ਹੋਰ ਵੀ ਰੌਸ਼ਨ ਕਰਨਗੇ।

## ਰੂਪ ਵਾਟਿਕਾ ਸਕੂਲ 'ਚ ਫਨ ਪਾਰਟੀ ਮਨਾਈ




**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸਕੂਲ ਜਗਰਾਉਂ ਵਿੱਚ ਕਿੰਡਰਗਾਰਟਨ ਤੇ ਪਹਿਲੀ ਤੋਂ ਤੀਜੀ ਜਮਾਤ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਫਨ ਪਾਰਟੀ ਵਿੱਚ ਹਿੱਸਾ ਲਿਆ।ਪਾਰਟੀ ਦਾ ਮਾਹੌਲ ਹਾਸੇ ਤੇ ਖੁਸ਼ੀਆਂ ਨਾਲ ਭਰਿਆ ਹੋਇਆ ਸੀ।ਬੱਚਿਆਂ ਨੇ ਡਾਂਸ ਕੀਤਾ, ਖੇਡਾਂ ਖੇਡੀਆਂ ਤੇ ਸੰਗੀਤ ਦੇ ਨਾਲ ਮਸਤੀ ਕੀਤੀ।ਉਨ੍ਹਾਂ ਨੇ ਟਰੈਂਪੋਲੀਨ ਵਿੱਚ ਮਸਤੀ ਕੀਤੀ।ਮਿੱਕੀ ਮਾਊਸ ਵਿੱਚ ਨੱਚ-ਟੱਪ ਕੇ ਮਜ਼ੇ ਕੀਤੇ।ਸ਼ਾਮ ਦੇ ਤੌਰ 'ਤੇ ਰੋਮਾਂਚਕ ਪਲ ਤਦ ਆਇਆ, ਜਦੋਂ ਬੱਚਿਆਂ ਨੇ ਪਾਣੀ ਵਾਲੀ ਐਕਟੀਵਿਟੀ ਵਿੱਚ ਮਜ਼ੇ ਕੀਤੇ। ਅਧਿਆਪਕਾਂ ਨੇ ਵੀ ਬੱਚਿਆਂ ਨਾਲ ਖੇਡਾਂ ਦਾ ਆਨੰਦ ਲਿਆ ਤੇ ਸਭ ਨੇ ਇੱਕ ਯਾਦਗਾਰ ਦਿਨ ਬਿਤਾਇਆ।ਬੱਚਿਆਂ ਦੀ ਖੁਸ਼ੀ ਤੇ ਜੋਸ਼ ਨੂੰ ਦੇਖ ਕੇ ਸਕੂਲ ਦੇ ਮੁੱਖ ਅਧਿਆਪਕ ਸ੍ਰੀਮਤੀ ਵਿਮੀ ਠਾਕੁਰ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਬੱਚੇ ਤਰੋ-ਤਾਜ਼ਾ ਹੋ ਜਾਂਦੇ ਹਨ ਅਤੇ ਉਨ੍ਹਾਂ ਵਿੱਚ ਪੜ੍ਹਾਈ ਲਈ ਵਧੇਰੇ ਉਤਸ਼ਾਹ ਵੀ ਪੈਦਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਉਹ ਇਸੇ ਤਰ੍ਹਾਂ ਦੀਆਂ ਹੋਰ ਗਤੀਵਿਧੀਆਂ ਕਰਕੇ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਦੇ ਰਹਿਣਗੇ।

## ਕੌਂਸਲਰ ਭੁਪਿੰਦਰ ਸਿੰਘ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਚੇਅਰਮੈਨ ਢਿੱਲੋਂ ਤੇ ਘੁੱਲੀ ਨੂੰ ਚੈੱਕ ਸੌਂਪਿਆ



**ਧੂਰੀ (ਸੁਖਦੇਵ ਧੂਰੀ)**-ਸ਼ਹਿਰ ਦੇ ਵਾਰਡ ਨੰਬਰ 21, ਸੰਗਤ ਨਗਰ ਦੀ ਸਮੂਹ ਸੰਗਤ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਇਕੱਠੀ ਕੀਤੀ ਇਕਵੰਜਾ ਹਜ਼ਾਰ ਦੀ ਰਾਸ਼ੀ ਦਾ ਚੈੱਕ ਕੌਂਸਲਰ ਭੁਪਿੰਦਰ ਸਿੰਘ ਨੇ ਮਿਸ਼ਨ ਚੜ੍ਹਦੀ ਕਲਾ ਲਈ ਸੀ ਐੱਮ ਦਫ਼ਤਰ ਦੇ ਇੰਚਾਰਜਾਂ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਤੇ ਚੇਅਰਮੈਨ ਰਾਜਵੰਤ ਘੁੱਲੀ ਨੂੰ ਭੇਟ ਕੀਤਾ।ਇਸ ਮੌਕੇ ਕੌਂਸਲਰ ਭੁਪਿੰਦਰ ਸਿੰਘ ਨੇ ਵਾਰਡ ਨੰਬਰ 21 ਦੇ ਸਮੂਹ ਮੁਹੱਲਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪਣਾ ਸਭ ਦਾ ਫ਼ਰਜ਼ ਬਣਦਾ ਹੈ ਕਿ ਇਸ ਕੁਦਰਤੀ ਕਰੋਪੀ ਵਿੱਚ ਹੜ੍ਹ ਪੀੜਤਾਂ ਦੀ ਮਦਦ ਕਰੀਏ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਮੁਹੱਲਾ ਵਾਸੀਆਂ ਵੱਲੋਂ ਇਹ ਯਤਨ ਜਾਰੀ ਰਹਿਣਗੇ।ਇਸ ਮੌਕੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਤੇ ਚੇਅਰਮੈਨ ਰਾਜਵੰਤ ਘੁੱਲੀ ਨੇ ਕੌਂਸਲਰ ਭੁਪਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਹੜ੍ਹ ਪੀੜਤਾਂ ਦੀ ਮਦਦ ਕਰਨਾ ਸਮੂਹ ਵਾਰਡ ਵਾਸੀਆਂ ਦਾ ਇੱਕ ਸ਼ਲਾਘਾਯੋਗ ਉਪਰਾਲਾ ਹੈ।ਇਸ ਮੌਕੇ ਡਾਇਰੈਕਟਰ ਅਨਿਲ ਮਿੱਤਲ ਤੇ ਕੋਆਰਡੀਨੇਟਰ ਹਰਪ੍ਰੀਤ ਸਿੰਘ ਗਿੱਲ ਵੀ ਹਾਜ਼ਰ ਸਨ।

## ਸੀਵਰੇਜ ਲਾਈਨਾਂ ਦੀ ਸਫ਼ਾਈ ਕਰਵਾਈ ਜਾਵੇ : ਮੰਚ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਧੂਰੀ ਵਿਕਾਸ ਮੰਚ ਦੇ ਇੱਕ ਵਫ਼ਦ ਨੇ ਸਥਾਨਕ ਮੁੱਖ ਮੰਤਰੀ ਕੈਂਪ ਦਫ਼ਤਰ ਦੇ ਇੰਚਾਰਜ ਦਲਬੀਰ ਸਿੰਘ ਢਿੱਲੋਂ ਤੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੂੰ ਮੰਗ ਪੱਤਰ ਸੌਂਪ ਕੇ ਮੌਸਮ ਵਿਭਾਗ ਵੱਲੋਂ ਭਾਰੀ ਬਰਸਾਤ ਦੀ ਚੇਤਾਵਨੀ ਦੇ ਮੱਦੇਨਜ਼ਰ ਸ਼ਹਿਰ ਦੀਆਂ ਸੀਵਰੇਜ ਲਾਈਨਾਂ ਦੀ ਤੁਰੰਤ ਸਫ਼ਾਈ ਕਰਵਾਉਣ ਦੀ ਮੰਗ ਕੀਤੀ।ਮੰਗ ਪੱਤਰ ਸੌਂਪਣ ਉਪਰੰਤ ਮੰਚ ਦੇ ਪ੍ਰਧਾਨ ਅਮਨ ਗਰਗ ਜਨਰਲ ਸਕੱਤਰ ਹੇਮ ਰਾਜ ਬਜਾਜ ਤੇ ਉੱਪ-ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਦੱਸਿਆ ਕਿ ਲੰਘੇ ਸਤੰਬਰ ਮਹੀਨੇ ਹੋਈ ਭਾਰੀ ਬਰਸਾਤ ਕਾਰਨ ਸ਼ਹਿਰ ਸਮੇਤ ਇਲਾਕਾ ਬਰਸਾਤੀ ਪਾਣੀ ਕਾਰਨ ਪ੍ਰਭਾਵਿਤ ਹੋਇਆ ਸੀ ਅਤੇ ਸੀਵਰੇਜ ਲਾਈਨਾਂ ਬੰਦ ਹੋਣ ਕਾਰਨ ਬਰਸਾਤੀ ਪਾਣੀ ਲੋਕਾਂ ਦੇ ਘਰਾਂ ਤੇ ਦੁਕਾਨਾਂ ਅੰਦਰ ਦਾਖਲ ਹੋਣ ਕਰਕੇ ਲੋਕਾਂ ਨੂੰ ਭਾਰੀ ਨੁਕਸਾਨ ਝੱਲਣ ਲਈ ਮਜਬੂਰ ਹੋਣਾ ਪਿਆ ਸੀ ਅਤੇ ਹੁਣ ਮੌਸਮ ਵਿਭਾਗ ਦੀ ਚੇਤਾਵਨੀ ਨੂੰ ਦੇਖਦਿਆਂ ਸੀਵਰੇਜ ਲਾਈਨਾਂ ਦੀ ਤੁਰੰਤ ਸਫ਼ਾਈ ਕਰਵਾਉਣ ਦੀ ਲੋੜ ਹੈ ਤਾਂ ਕਿ ਲੋਕਾਂ ਨੂੰ ਬਰਸਾਤੀ ਪਾਣੀ ਦੀ ਮਾਰ ਤੋਂ ਬਚਾਇਆ ਜਾ ਸਕੇ।ਮੰਚ ਦੇ ਆਗੂਆਂ ਨੇ ਦੱਸਿਆ ਕਿ ਦਲਬੀਰ ਸਿੰਘ ਢਿੱਲੋਂ ਤੇ ਰਾਜਵੰਤ ਸਿੰਘ ਘੁੱਲੀ ਨੇ ਮੰਚ ਵੱਲੋਂ ਦਿਖਾਈ ਗੰਭੀਰਤਾ ਦੀ ਸ਼ਲਾਘਾ ਕਰਦਿਆਂ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਨੂੰ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਕੀਤੀ।

# ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ ਸਨਮਾਨ ਸਮਾਰੋਹ



**ਮੋਗਾ (ਇਕਬਾਲ ਸਿੰਘ ਖਹਿਰਾ)**-ਬਾਬੂ ਰਾਮ ਮੈਮੋਰੀਅਲ ਸ਼ਬਦ ਤ੍ਰਿੰਞਣ ਵੈੱਲਫੇਅਰ ਐਂਡ ਕਲਚਰਲ ਸੁਸਾਇਟੀ (ਰਜਿ.) ਬਠਿੰਡਾ ਵੱਲੋਂ ਟੀਚਰਜ਼ ਹੋਮ ਬਠਿੰਡਾ (ਪੰਜਾਬ) ਵਿਖੇ ਸਨਮਾਨ ਸਮਾਰੋਹ, ਪੁਸਤਕ ਲੋਕ ਅਰਪਣ ਤੇ ਹਾਸ ਵਿਅੰਗ ਕਵੀ ਦਰਬਾਰ ਕਰਵਾਇਆ ਗਿਆ।ਗੁਰਦੇਵ ਖੋਖਰ ਦੀ ਪ੍ਰਧਾਨਗੀ ਵਿੱਚ ਚੱਲੇ ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਿੰ. ਜਗਮੇਲ ਸਿੰਘ ਜਠੌਲ ਸਨ।ਪ੍ਰਧਾਨਗੀ ਮੰਡਲ ਵਿੱਚ ਸ੍ਰੀ ਕੇ ਐੱਲ ਗਰਗ, ਗੁਰਦੇਵ ਖੋਖਰ, ਪ੍ਰਿੰ. ਜਗਮੇਲ ਸਿੰਘ ਜਠੌਲ ਤੋਂ ਇਲਾਵਾ ਵਿਦਵਾਨ ਆਲੋਚਕ ਨਿਰੰਜਣ ਬੋਹਾ, ਸਾਹਿਤਕਾਰ ਅਮਰਜੀਤ ਸਿੰਘ ਸੁਸ਼ੋਭਿਤ ਸਨ।ਸਮਾਗਮ ਦਾ ਆਗਾਜ਼ ਕਰਦਿਆਂ ਵਿਅੰਗਕਾਰ ਰਮੇਸ਼ ਗਰਗ ਨੇ ਅਦਬੀ ਸ਼ਬਦਾਂ ਨਾਲ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਪ੍ਰਧਾਨ ਮੰਗਤ ਕੁਲਜਿੰਦ ਨੇ ਸ੍ਰੀ ਕੇ ਐੱਲ ਗਰਗ ਦੀਆਂ ਸਾਹਿਤਕ ਪ੍ਰਾਪਤੀਆਂ ਤੇ ਹਾਸ ਵਿਅੰਗ ਲਈ ਕੀਤੇ ਉਨ੍ਹਾਂ ਦੇ ਕਾਰਜਾਂ ਦੀ ਜਾਣ-ਪਛਾਣ ਕਰਵਾਈ।

ਅਮਰਜੀਤ ਸਿੰਘ ਪੇਂਟਰ ਸਟੇਟ ਐਵਾਰਡੀ ਨੇ ਉਨ੍ਹਾਂ ਲਈ ਸਨਮਾਨ-ਪੱਤਰ ਪੜ੍ਹਿਆ।ਸੁਸਾਇਟੀ ਦੇ ਅਹੁਦੇਦਾਰਾਂ ਤੇ ਪ੍ਰਧਾਨਗੀ ਮੰਡਲ ਵੱਲੋਂ ਚੌਥੇ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ-2025 ਨਾਲ ਅੱਜ ਦੇ ਪੰਜਾਬੀ ਦੇ ਹਾਸ ਵਿਅੰਗ ਸਮਰਾਟ ਸ੍ਰੀ ਕੇ. ਐੱਲ. ਗਰਗ ਨੂੰ ਸਨਮਾਨਤ ਕੀਤਾ ਗਿਆ।ਮੰਗਤ ਕੁਲਜਿੰਦ ਤੇ ਜਗਦੀਸ਼ ਕੁਲਰੀਆਂ ਵੱਲੋਂ ਸੰਪਾਦਿਤ ਕੀਤੀ ਅਤੇ ਪ੍ਰਧਾਨਗੀ ਮੰਡਲ ਵੱਲੋਂ ਲੋਕ-ਅਰਪਣ ਕੀਤੀ ਗਈ ਹਾਸ ਵਿਅੰਗ ਦੀ ਪੁਸਤਕ 'ਤ੍ਰੈ ਕਾਵਿਕ ਪਟਵਾਰੀ (2024 ਦਾ ਚੋਣਵਾਂ ਸਾਂਝਾ ਹਾਸ ਵਿਅੰਗ ਸੰਗ੍ਰਹਿ)' ਉੱਪਰ ਉੱਘੇ ਵਿਦਵਾਨ ਆਲੋਚਕ ਨਿਰੰਜਣ ਬੋਹਾ ਨੇ ਵਿਸ਼ਲੇਸ਼ਣਾਤਮਕ ਪਰਚਾ ਪੜ੍ਹਿਆ, ਜਿਸ ਨੂੰ ਵਿਦਵਾਨ ਆਲੋਚਕ ਗੁਰਦੇਵ ਖੋਖਰ ਤੇ ਪ੍ਰਿੰ. ਜਗਮੇਲ ਸਿੰਘ ਜਠੌਲ ਨੇ ਵਿਸਥਾਰ ਦਿੱਤਾ।ਵਿਅੰਗਕਾਰ ਤ੍ਰਿਲੋਕ ਸਿੰਘ ਢਿੱਲੋਂ, ਸੁਖਦਰਸ਼ਨ ਗਰਗ ਪ੍ਰਧਾਨ ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ ਤੇ ਰਮੇਸ਼ ਕੁਮਾਰ ਗਰਗ ਆਦਿ ਨੇ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਸ੍ਰੀ ਕੇ. ਐੱਲ. ਗਰਗ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਹਾਸ ਵਿਅੰਗ ਅਕਾਦਮੀ ਦੀ ਜਾਣ ਪਛਾਣ ਕਰਵਾਈ ਅਤੇ ਇਸ ਦੇ ਉਦੇਸ਼ਾਂ ਤੇ ਪ੍ਰਾਪਤੀਆਂ ਬਾਰੇ ਆਪਣੇ ਵਿਅੰਗੀ ਅੰਦਾਜ਼ ਵਿੱਚ ਚਾਨਣਾ ਪਾਇਆ।

ਸਮਾਗਮ ਵਿੱਚ ਕਰਵਾਏ ਗਏ ਹਾਸ ਵਿਅੰਗ ਕਵੀ ਦਰਬਾਰ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਕਵੀਆਂ ਨੇ ਮਜ਼ਾਹੀਆ ਲਹਿਜ਼ੇ ਤੇ ਵਿਅੰਗਾਤਮਕ ਤਰਜ਼ ਵਿੱਚ ਕਾਵਿ ਦੇ ਵੱਖ ਵੱਖ ਰੂਪਾਂ ਨੂੰ ਤਰੰਨਮ ਵਿੱਚ ਉਚਾਰ ਕੇ ਪੇਸ਼ ਕੀਤਾ।

ਬਠਿੰਡਾ ਤੇ ਇਸ ਦੇ ਆਸ-ਪਾਸ ਇਲਾਕੇ ਦੀਆਂ ਜਾਣੀਆਂ ਪਛਾਣੀਆਂ ਹਸਤੀਆਂ, ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਦੇ ਅਹੁਦੇਦਾਰ ਤੇ ਮੈਂਬਰ ਸਰਵਸ੍ਰੀ ਡਾ. ਅਜੀਤਪਾਲ ਸਿੰਘ ਵਿਦਵਾਨ ਸਾਹਿਤਕਾਰ, ਲਛਮਣ ਸਿੰਘ ਮਲੂਕਾ ਸਕੱਤਰ ਟੀਚਰਜ਼ ਹੋਮ ਟਰੱਸਟ, ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਜਨ. ਸਕੱਤਰ ਰਣਜੀਤ ਗੌਰਵ, ਲਾਲ ਚੰਦ ਸਿੰਘ, ਹਰਜਿੰਦਰ ਕੌਰ ਬਾਲਿਆਂਵਾਲੀ, ਭੁਪਿੰਦਰ ਸਿੰਘ, ਪਰਮਾਨੰਦ ਸ਼ਰਮਾ, ਪ੍ਰੋ. ਤਰਸੇਮ ਨਰੂਲਾ, ਭੋਜ ਰਾਜ ਫਾਰਮੇਸੀ ਅਫਸਰ, ਕਮਲ ਬਠਿੰਡਾ, ਰੁਲਦੂ ਸਿੰਘ, ਪਰਮਿੰਦਰ ਸਿੰਘ, ਖੁਸ਼ਹਾਲ ਭਾਰਤੀ ਆਦਿ ਇਸ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ।ਅੰਤ ਵਿੱਚ ਸੁਸਾਇਟੀ ਦੇ ਮੀਤ ਪ੍ਰਧਾਨ ਅਮਰਜੀਤ ਸਿੰਘ ਪੇਂਟਰ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਖੂਬਸੂਰਤ ਸ਼ਬਦਾਂ ਨਾਲ ਧੰਨਵਾਦ ਕੀਤਾ।ਸੁਖਦੇਵ ਰਾਮ ਭੋਲਾ ਤੇ ਸਾਥੀਆਂ ਨੇ ਲੰਗਰ ਦੀ ਸੇਵਾ ਤਨਦੇਹੀ ਨਾਲ ਨਿਭਾਈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਰਚਨਾਤਮਕ ਐਡ ਮੈਡ ਸ਼ੋਅ ਮੁਕਾਬਲੇ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਪਾਰ ਤੇ ਪ੍ਰਬੰਧਨ ਵਿਭਾਗ ਨੇ ਐਡ ਮੈਡ ਸ਼ੋਅ ਮੁਕਾਬਲੇ ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਰਚਨਾਤਮਕਤਾ, ਨਵੀਂ ਸੋਚ ਤੇ ਮਾਰਕੀਟਿੰਗ ਹੁਨਰਾਂ ਦਾ ਪ੍ਰਦਰਸ਼ਨ ਕੀਤਾ ਗਿਆ।ਕੁੱਲ 30 ਟੀਮਾਂ 'ਚ 123 ਵਿਦਿਆਰਥੀ ਨੇ ਆਪਣੇ ਕਲਪਨਾਤਮਕ ਇਸ਼ਤਿਹਾਰਾਤਮਕ ਵਿਚਾਰ ਉਤਸ਼ਾਹ ਅਤੇ ਨਵੀਨਤਾ ਨਾਲ ਪੇਸ਼ ਕੀਤੇ।ਪਹਿਲਾ ਸਥਾਨ ਬੀਬੀਏ-1 ਦੇ ਵਿਦਿਆਰਥੀ ਬਬਨਦੀਪ ਕੌਰ, ਤਰਨਵੀਰ ਸਿੰਘ, ਹਰਸ਼ਦੀਪ ਗਿੱਲ, ਖੁਸ਼ਲੀਨ ਕੌਰ ਤੇ ਪ੍ਰੀਆ ਨੇ ਪ੍ਰਾਪਤ ਕੀਤਾ।ਦੂਜਾ ਸਥਾਨ ਦੋ ਟੀਮਾਂ ਵਿੱਚ ਵੰਡਿਆ ਗਿਆ, ਜਿਸ ਵਿੱਚ ਬੀਕਾਮ-1 ਦੇ ਵਿਦਿਆਰਥੀ ਅਮ੍ਰਿਤ ਕੌਰ, ਹਰਪ੍ਰੀਤ ਕੌਰ, ਦਪਿੰਦਰਦੀਪ ਕੌਰ ਅਤੇ ਸੁਮਨਪ੍ਰੀਤ ਕੌਰ ਤੇ ਬੀਬੀਏ-1 ਦੇ ਹਰਮਨ ਬੇਨਿਪਾਲ, ਵਿਪਨਦੀਪ ਸਿੰਘ, ਹਰਸ਼, ਮਨਜੋਤ ਸਿੰਘ ਅਤੇ ਬੀਅੰਤ ਸਿੰਘ ਨੇ ਸ਼ਾਨਦਾਰ ਟੀਮਵਰਕ ਤੇ ਰਚਨਾਤਮਕਤਾ ਦਿਖਾਈ। ਤੀਜੇ ਸਥਾਨ ਤੇ ਬੀਕਾਮ-1 ਦੇ ਰਮਨਪ੍ਰੀਤ ਕੌਰ, ਮਹਿਕਪ੍ਰੀਤ ਕੌਰ, ਪ੍ਰਿਯੰਕਾ, ਸਿਮਰਨ ਕੌਰ ਤੇ ਜਸਦੀਪ ਕੌਰ ਰਹੇ। ਬੀਬੀਏ-1 ਦੀ ਇੱਕ ਹੋਰ ਟੀਮ-ਵਿਵੇਕ ਕੁਮਾਰ, ਗੁਰਬਾਜ ਸਿੰਘ ਤੇ ਸ਼ਮਸ਼ੇਰ ਸਿੰਘ ਨੂੰ ਉਨ੍ਹਾਂ ਦੀ ਨਵੀਂ ਸੋਚ ਲਈ ਸਨਮਾਨਤ ਕੀਤਾ ਗਿਆ।ਇਹ ਮੁਕਾਬਲਾ ਬਿਜ਼ਨਸ ਕਲੱਬ ਕੋਆਰਡੀਨੇਟਰ ਡਾ. ਰਮਨਦੀਪ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿੱਚ ਰੰਦੀਪ ਕੌਰ, ਨਵਨੀਤ ਕੌਰ ਤੇ ਰੇਖਾ ਨੇ ਹਿੱਸਾ ਪਾਇਆ।ਡਾ. ਨਵਲੀਨ ਕੌਰ, ਸੀਨੀਅਰ ਫੈਕਲਟੀ ਮੈਂਬਰ, ਨੇ ਇਸ ਮੁਕਾਬਲੇ ਦੇ ਜੱਜ ਵਜੋਂ ਸੇਵਾ ਨਿਭਾਈ। ਜੇਤੂਆਂ ਨੂੰ ਵਾਇਸ-ਚਾਂਸਲਰ ਤੇ ਡੀਨ ਅਕਾਦਮਿਕ ਮਾਮਲੇ ਵੱਲੋਂ ਸਨਮਾਨਿਤ ਕੀਤਾ ਗਿਆ। ਉਹਨਾਂ ਨੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ।ਵਿਭਾਗ ਦੇ ਮੁਖੀ ਡਾ. ਕੰਚਨ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਆਪਣੀਆਂ ਨਵੀਂ ਕਲਾਤਮਕ ਹੁਨਰਾਂ ਨੂੰ ਵਿਕਸਤ ਕਰਨ ਲਈ ਉਤਸ਼ਾਹਤ ਕੀਤਾ।

## ਗੁਰਪ੍ਰੀਤ ਮਲੂਕਾ ਤੇ ਗੁਰਬਿੰਦਰ ਸਿੱਧੂ ਵੱਲੋਂ ਮੰਡਲ ਪ੍ਰਧਾਨ ਦੇ ਘਰ ਫੇਰੀ

**ਬਠਿੰਡਾ/ਰਾਮਪੁਰਾ ਫੂਲ (ਰਾਜੀਵ ਗੋਇਲ/ਦਰਸ਼ਨ ਜਿੰਦਲ)**-ਭਾਜਪਾ ਹਾਈਕਮਾਨ ਵੱਲੋਂ ਸ਼ਹਿਰ ਦੇ ਉੱਘੇ ਵਪਾਰੀ ਤੇ ਸਮਾਜਸੇਵੀ ਬਬਲੇਸ਼ ਕੁਮਾਰ ਬੌਬੀ ਸਿੰਗਲਾ ਨੂੰ ਭਗਤਾ ਮੰਡਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਸਿੰਗਲਾ ਦੀ ਨਿਯੁਕਤੀ ਨੂੰ ਲੈ ਕੇ ਭਾਜਪਾ ਕਾਰਕੁੰਨ ਬਾਗੋ ਬਾਗ ਦਿਖਾਈ ਦੇ ਰਹੇ ਹਨ ਤੇ ਨਵ-ਨਿਯੁਕਤ ਪ੍ਰਧਾਨ ਨੂੰ ਵਧਾਈਆਂ ਦੇ ਰਹੇ ਹਨ। ਇਸੇ ਲੜੀ ਤਹਿਤ ਮੌਜੂਦਾ ਜ਼ਿਲ੍ਹਾ ਬਠਿੰਡਾ ਦੇ ਦਿਹਾਤੀ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ ਤੇ ਸਾਬਕਾ ਪ੍ਰਧਾਨ ਗੁਰਬਿੰਦਰ ਸਿੱਧੂ ਵੱਲੋਂ ਬੌਬੀ ਸਿੰਗਲਾ ਦੇ ਗ੍ਰਹਿ ਵਿਖੇ ਫੇਰੀ ਪਾਈ ਗਈ ਤੇ ਇਕੱਤਰ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਭਾਜਪਾ ਦੀਆਂ ਨੀਤੀਆਂ ਬਾਰੇ ਜਾਣੂ ਕਰਾਇਆ ਗਿਆ। ਬੌਬੀ ਸਿੰਗਲਾ ਵੱਲੋਂ ਕਿਹਾ ਗਿਆ ਕਿ ਸਿਰਫ਼ ਭਾਜਪਾ ਦੀ ਸਰਕਾਰ ਹੀ ਹੈ, ਜਿਹੜੀ ਆਮ ਲੋਕਾਂ ਬਾਰੇ ਸੋਚਦੀ ਹੈ ਤੇ ਆਏ ਦਿਨ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਲਈ ਸਕੀਮਾਂ ਦੇ ਗੱਫੇ ਦੇ ਰਹੀ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਨਿਧੀ ਸਕਮਿ ਤਹਿਤ ਪੈਸੇ ਪਾਏ ਜਾ ਰਹੇ ਹਨ ਤੇ ਅਵਾਸ ਯੋਜਨਾ ਤਹਿਤ ਲੋੜਵੰਦਾਂ ਨੂੰ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ।ਉਨ੍ਹਾਂ ਆਪਣੀ ਇਸ ਨਿਯੁਕਤੀ ਲਈ ਮਲੂਕਾ ਤੇ ਸਿੱਧੂ ਸਮੇਤ ਪਾਰਟੀ ਹਾਈਕਮਾਨ ਦਾ ਧੰਨਵਾਦ ਵੀ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਜਗਰੂਪ ਸਿੰਘ ਚੌਹਾਨ ਮਲੂਕਾ ਨੂੰ ਵੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਵੱਲੋਂ ਚੌਹਾਨ ਪਰਵਾਰ ਨੂੰ ਵਧਾਈ ਦਿੱਤੀ ਗਈ ਹੈ।



## 22ਵੇਂ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਲਈ ਮੀਟਿੰਗ

**ਜਲਾਲਾਬਾਦ (ਜੀਤ ਕੁਮਾਰ)**-'ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ ਸੇਵਾ ਸੁਸਾਇਟੀ' (ਰਜਿ.) ਪਿੰਡ ਫ਼ਿਰੋਜ਼ਸ਼ਾਹ ਵੱਲੋਂ ਸੱਚਖੰਡ ਵਾਸੀ ਸੰਤ ਬਾਬਾ ਅਮਰਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗਰੀਬ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ 22ਵਾਂ ਸਾਲਾਨਾ ਧਾਰਮਿਕ ਸਮਾਗਮ 14 ਦਸੰਬਰ ਨੂੰ ਪਿੰਡ ਫ਼ਿਰੋਜ਼ਸ਼ਾਹ ਵਿੱਚ ਹੋਵੇਗਾ। ਡਾ. ਬਹਾਲ ਚੰਦ ਕਲੀਨਿਕ ਵਿਖੇ ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਫ਼ਿਰੋਜ਼ਸ਼ਾਹ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸਮਾਜ ਸੇਵੀ ਡਾ. ਓਮ ਪ੍ਰਕਾਸ਼ ਹਿਸਾਨਵਾਲਾ, ਸਾਬਕਾ ਸਰਪੰਚ ਸਤਨਾਮ ਸਿੰਘ ਫਲੀਆਂਵਾਲਾ, ਸੁਖਵਿੰਦਰ ਸਿੰਘ ਸਰਾਰੀ, ਮਨੂੰ ਛਾਬੜਾ, ਡਾ. ਜਗਸੀਰ ਸਿੰਘ ਸ਼ੀਰਾ ਚੱਕ ਸੈਦੋਕੇ ਨੇ ਸ਼ਿਰਕਤ ਕਰਕੇ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ।

## ਪੀ ਐੱਮ ਸ੍ਰੀ ਸਕੂਲ ਵਿੱਚ ਵੁਸ਼ੂ ਖੇਡਾਂ ਦੇ ਮੁਕਾਬਲੇ ਹੋਏ



**ਬੁਢਲਾਡਾ (ਅਸ਼ੋਕ ਲਾਕੜਾ)**-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਨੀਲਮ ਰਾਣੀ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਪਰਮਜੀਤ ਸਿੰਘ ਭੋਗਲ ਦੀ ਅਗਵਾਈ ਵਿੱਚ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ 69ਵੀਆਂ ਸੂਬਾ ਪੱਧਰੀ ਵੁਸ਼ੂ ਦੇ ਫਸਵੇਂ ਮੁਕਾਬਲਿਆਂ ਅੰਡਰ 17 ਮੁੰਡੇ ਵਿੱਚ ਹੁਸ਼ਿਆਰਪੁਰ ਤੇ ਅੰਡਰ 19 ਮੁੰਡੇ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਓਵਰਆਲ ਟਰਾਫ਼ੀ ਉੱਪਰ ਜਿੱਤ ਪ੍ਰਾਪਤ ਕੀਤੀ।ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਅਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਅੰਡਰ 19 ਮੁੰਡੇ 48 ਕਿਲੋ ਭਾਰ ਵਰਗ 'ਚ ਰੋਹਨ ਸ਼ਰਮਾ ਸ੍ਰੀ ਅਮ੍ਰਿਤਸਰ ਸਾਹਿਬ ਨੇ ਪਹਿਲਾ, ਰਾਹੁਲ ਨਾਗੀ ਹੁਸ਼ਿਆਰਪੁਰ ਨੇ ਦੂਜਾ, 52 ਕਿਲੋ ਭਾਰ ਵਰਗ ਵਿੱਚ ਸ਼ਨੀ ਨਵਾਂ ਸ਼ਹਿਰ ਨੇ ਪਹਿਲਾ, ਸੂਰਯ ਵਿਕਰਮ ਜਲੰਧਰ ਨੇ ਦੂਜਾ, 56 ਕਿਲੋ ਭਾਰ ਵਰਗ ਵਿੱਚ ਚਿਰਾਗ ਸ਼ਰਮਾ ਮਾਨਸਾ ਨੇ ਪਹਿਲਾ, ਰਾਜਾ ਕੁਮਾਰ ਫ਼ਿਰੋਜ਼ਪੁਰ ਨੇ ਦੂਜਾ, 60 ਕਿਲੋ ਭਾਰ ਵਰਗ ਵਿੱਚ ਬਾਸਿਤ ਮਜੀਦਵਰ ਕਪੂਰਥਲਾ ਨੇ ਪਹਿਲਾ, ਨਵਦੀਪ ਕੁਮਾਰ ਫਰੀਦਕੋਟ ਨੇ ਦੂਜਾ, 65 ਕਿਲੋ ਭਾਰ ਵਰਗ 'ਚ ਦਕਸ਼ਦੀਪ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਪਹਿਲਾ, ਰਵਿੰਦਰ ਸਿੰਘ ਹੁਸ਼ਿਆਰਪੁਰ ਨੇ ਦੂਜਾ, 70 ਕਿਲੋ ਭਾਰ ਵਰਗ ਵਿੱਚ ਆਯੂਸ਼ ਕੇਸੀ ਜਲੰਧਰ ਨੇ ਪਹਿਲਾ, ਹਰਸ਼ਿਤ ਸ਼ਰਮਾ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਦੂਜਾ, 75 ਕਿਲੋ ਭਾਰ ਵਰਗ ਵਿੱਚ ਅਸ਼ੀਸ਼ਪਾਲ ਗੁਰਦਾਸਪੁਰ ਨੇ ਪਹਿਲਾ, ਸਨਜੋਤ ਹੁਸ਼ਿਆਰਪੁਰ ਨੇ ਦੂਜਾ, 80 ਕਿਲੋ ਭਾਰ ਵਰਗ ਵਿੱਚ ਦਪਿੰਦਰ ਮਠਾਰੂ ਨਵਾਂ ਸ਼ਹਿਰ ਨੇ ਪਹਿਲਾ, ਹੇਮੰਤ ਸ਼ੈਲੀ ਗੁਰਦਾਸਪੁਰ ਨੇ ਦੂਜਾ, 85 ਕਿਲੋ ਭਾਰ ਵਰਗ ਵਿੱਚ ਗੁਰਕਮਲਵੀਰ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਪਹਿਲਾ, ਜਸਕੀਰਤ ਮਾਂਗਟ ਨਵਾਂਸ਼ਹਿਰ ਨੇ ਦੂਜਾ, 90 ਕਿਲੋ ਭਾਰ ਵਰਗ ਵਿੱਚ ਦਿਲਾਵਰ ਖ਼ਾਨ ਸੰਗਰੂਰ ਨੇ ਪਹਿਲਾ, ਕਨੇਰੀਆ ਮਹਾਜਨ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਅੰਡਰ 19 ਲੜਕੀਆਂ 45 ਕਿਲੋ ਭਾਰ ਵਰਗ ਵਿੱਚ ਗੁਰਨੂਰ ਕੌਰ ਸੰਗਰੂਰ ਨੇ ਗੀਮਿਕਾ ਲੁਧਿਆਣਾ ਨੂੰ, ਰੇਣੂ ਸ਼ਹੀਦ ਭਗਤ ਸਿੰਘ ਨਗਰ ਨੇ ਕੋਮਲਪ੍ਰੀਤ ਕੌਰ ਗੁਰਦਾਸਪੁਰ ਨੂੰ, ਮਨਪ੍ਰੀਤ ਕੌਰ ਫਿਰੋਜ਼ਪੁਰ ਨੇ ਹਰਪ੍ਰੀਤ ਕੌਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ, ਅੰਡਰ 17 ਕੁੜੀਆਂ 45 ਕਿਲੋ ਭਾਰ ਵਰਗ ਵਿੱਚ ਸੰਦੀਪ ਕੌਰ ਬਰਨਾਲਾ ਨੇ ਹਰਲੀਨ ਕੌਰ ਤਰਨਤਾਰਨ ਨੂੰ, ਜਸਮੀਤ ਕੌਰ ਹੁਸ਼ਿਆਰਪੁਰ ਨੇ ਮਨਪ੍ਰੀਤ ਕੌਰ ਪਟਿਆਲਾ ਨੂੰ ਹਰਾਇਆ।

## ...ਸ.ਫਾ 1 ਦੇ ਬਾਕੀ

### ਬਾਬਾ ਜੀਵਨ ਸਿੰਘ ਯਾਦਗਾਰ...

ਕਿਉਂਕਿ ਪਹਿਲੇ ਪੜਾਅ ਵਿੱਚ ਮੁੱਖ ਇਮਾਰਤ ਦੀ ਉਸਾਰੀ ਫਰਵਰੀ 2024 ਵਿੱਚ ਪੂਰੀ ਹੋਈ ਸੀ ਅਤੇ ਇਸ ਦਾ ਉਦਘਾਟਨ ਕੀਤਾ ਗਿਆ ਸੀ। ਦੂਜੇ ਪੜਾਅ ਵਿੱਚ ਉਨ੍ਹਾ ਕਿਹਾ ਕਿ ਇਮਾਰਤ ਦੇ ਦੋਵਾਂ ਵਿੰਗਾਂ ਦੇ ਅੰਦਰ ਬਣੀਆਂ ਪੰਜ ਗੈਲਰੀਆਂ ਨੂੰ ਹੁਣ ਸਮਰਪਿਤ ਕੀਤਾ ਜਾ ਰਿਹਾ ਹੈ ਅਤੇ ਇਸ ਪ੍ਰਾਜੈਕਟ ਦੀ ਕੁੱਲ ਲਾਗਤ 29 ਕਰੋੜ ਰੁਪਏ ਹੈ।

ਉਨ੍ਹਾ ਕਿਹਾ ਕਿ ਪਹਿਲੀ ਗੈਲਰੀ ਸਿੱਖ ਗੁਰੂਆਂ ਬਾਰੇ ਜਾਣਕਾਰੀ ਦਿੰਦੀ ਹੈ ਅਤੇ ਦਰਸਾਉਂਦੀ ਹੈ ਕਿ ਕਿਵੇਂ ਬਾਬਾ ਜੀਵਨ ਸਿੰਘ ਦੇ ਪੁਰਖੇ ਸ਼ੁਰੂ ਤੋਂ ਹੀ ਉਨ੍ਹਾਂ ਨਾਲ ਅਧਿਆਤਮਕ ਤੌਰ 'ਤੇ ਜੁੜੇ ਹੋਏ ਸਨ। ਉਨ੍ਹਾ ਕਿਹਾ ਕਿ ਇੱਥੇ ਇਤਿਹਾਸ ਨੂੰ ਜੀਵਤ ਕਰਨ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਗਈ। ਦੂਜੀ ਗੈਲਰੀ ਬਾਬਾ ਜੀਵਨ ਸਿੰਘ ਦੇ ਮਾਪਿਆਂ ਦੇ ਵਿਆਹ, ਉਨ੍ਹਾ ਦੇ ਜਨਮ ਅਤੇ ਉਨ੍ਹਾ ਦੇ ਪਰਵਾਰ ਦੇ ਪੁਰਖਿਆਂ ਦੇ ਵੰਸ਼ ਨੂੰ ਦਰਸਾਉਂਦੀ ਹੈ। ਮਾਨ ਨੇ ਕਿਹਾ ਕਿ ਤੀਜੀ ਗੈਲਰੀ ਕਸ਼ਮੀਰੀ ਪੰਡਤਾਂ 'ਤੇ ਹੋਏ ਅੱਤਿਆਚਾਰ, ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੀ ਬੇਨਤੀ, ਆਨੰਦਪੁਰ ਸਾਹਿਬ ਤੋਂ ਸ਼ਹਾਦਤ ਲਈ ਉਨ੍ਹਾ ਦੀ ਵਿਦਾਇਗੀ ਅਤੇ ਬਾਬਾ ਜੀਵਨ ਸਿੰਘ ਦੇ ਮੁੱਢਲੇ ਜੀਵਨ ਅਤੇ ਸਿੱਖਿਆ ਨੂੰ ਦਰਸਾਉਂਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਵਿੱਚ ਚਾਂਦਨੀ ਚੌਕ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਆਡੀਓ-ਵਿਜ਼ੂਅਲ ਪੇਸ਼ਕਾਰੀ ਅਤੇ ਭਾਈ ਜੈਤਾ ਜੀ ਨੂੰ ਗੁਰੂ ਜੀ ਦੇ ਸੀਸ ਨੂੰ ਵਾਪਸ ਲਿਆਉਂਦੇ ਹੋਏ ਦਿਖਾਇਆ ਗਿਆ ਇੱਕ ਦ੍ਰਿਸ਼ ਵੀ ਹੈ। ਉਨ੍ਹਾ ਕਿਹਾ ਕਿ ਚੌਥੀ ਗੈਲਰੀ ਪੇਂਟਿੰਗਾਂ ਅਤੇ ਮਲਟੀ-ਮੀਡੀਆ ਰਾਹੀਂ ਉਸ ਪਲ ਨੂੰ ਪ੍ਰਦਰਸ਼ਤ ਕਰਦੀ ਹੈ, ਜਦੋਂ ਬਾਬਾ ਜੀਵਨ ਸਿੰਘ ਨੇ ਨੌਵੇਂ ਗੁਰੂ ਜੀ ਦਾ ਪਵਿੱਤਰ ਸੀਸ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ ਕੀਤਾ ਸੀ, ਜਿਸ ਤੋਂ ਬਾਅਦ ਉਨ੍ਹਾ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਦੀ ਉਪਾਧੀ ਦਿੱਤੀ ਗਈ ਸੀ।

ਉਹਨਾ ਕਿਹਾ ਕਿ ਪੰਜਵੀਂ ਗੈਲਰੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਾਬਾ ਜੀਵਨ ਸਿੰਘ ਨਾਲ ਸੰਬੰਧਤ ਇਤਿਹਾਸਕ ਸਥਾਨਾਂ, ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾ ਦੇ ਪਰਵਾਰ ਦੇ ਆਨੰਦਪੁਰ ਸਾਹਿਬ ਤੋਂ ਜਾਣ ਨੂੰ ਦਰਸਾਉਂਦੀ ਹੈ ਅਤੇ ਬਾਬਾ ਜੀਵਨ ਸਿੰਘ ਦੇ ਜੀਵਨ ਅਤੇ ਸ਼ਹਾਦਤ ਦੀ ਐਨੀਮੇਟਿਡ ਪੇਸ਼ਕਾਰੀ ਨਾਲ ਸਮਾਪਤ ਹੁੰਦੀ ਹੈ। ਉਨ੍ਹਾ ਕਿਹਾ ਕਿ ਗੈਲਰੀਆਂ ਤੋਂ ਬਾਅਦ ਇੱਕ ਤੋਹਫ਼ੇ ਦੀ ਦੁਕਾਨ ਅਤੇ ਇੱਕ ਪ੍ਰਦਰਸ਼ਨੀ ਖੇਤਰ ਹੈ, ਜਿਸ ਵਿੱਚ ਪੰਜਾਬ ਸੈਰ-ਸਪਾਟਾ ਨਾਲ ਜੁੜੇ ਸਥਾਨ ਹਨ।

### ਬਿਜਲੀ ਮੁਲਾਜ਼ਮਾਂ ਦੀਆਂ...

ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਪਹਿਲਾਂ ਹੀ ਕੰਮ ਦੇ ਬੋਝ ਹੇਠਾਂ ਦੱਬੇ ਬਿਜਲੀ ਮੁਲਾਜ਼ਮਾਂ ਦੀਆਂ ਪਰਾਲੀ (ਰਹਿੰਦ-ਖੂੰਹਦ) ਨੂੰ ਕਿਸਾਨਾਂ ਵੱਲੋਂ ਲਗਾਈ ਜਾ ਰਹੀ ਅੱਗ ਨੂੰ ਰੋਕੇ ਜਾਣ ਲਈ ਸਿਵਲ ਪ੍ਰਸ਼ਾਸਨ ਵੱਲੋਂ ਧੱਕੇ ਨਾਲ ਲਗਾਈਆਂ ਡਿਊਟੀਆਂ ਤੁਰੰਤ ਕੱਟੀਆਂ ਜਾਣ। ਆਗੂਆਂ ਕਿਹਾ ਕਿ ਪੀ ਐੱਸ ਪੀ ਸੀ ਐੱਲ ਅਦਾਰੇ ਦੇ ਮੁਲਾਜ਼ਮ ਵਿਭਾਗ ਵਿੱਚ ਪੰਜਾਹ ਹਜ਼ਾਰ ਦੇ ਕਰੀਬ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਐਮਰਜੈਂਸੀ ਸੇਵਾਵਾਂ ਹੋਣ ਕਰਕੇ ਦਿਨ-ਰਾਤ ਡਿਊਟੀਆਂ ਕਰਕੇ ਬਹੁਤ ਕਠਿਨ ਹਾਲਤਾਂ ਵਿੱਚ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਦੇ ਇਲਾਵਾ ਨਵੇਂ ਕੁਨੈਕਸ਼ਨ ਜਾਰੀ ਕਰਨ ਸਮੇਤ ਹੋਰ ਲੋੜੀਂਦੇ ਟੀਚੇ ਪੂਰੇ ਕਰਨ ਲਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਆਗੂਆਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਿਵਲ ਪ੍ਰਸ਼ਾਸਨ ਨੇ ਇਸ ਮਸਲੇ ਦੇ ਹੱਲ ਲਈ ਠੋਸ ਨੀਤੀ ਬਣਾਉਣ ਦੀ ਬਜਾਏ ਬਿਜਲੀ ਮੁਲਾਜ਼ਮਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਤਾਂ ਸੰਘਰਸ਼ਾਂ ਰਾਹੀਂ ਇਸ ਧੱਕੇਸ਼ਾਹੀ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ, ਜਿਸ ਤੋਂ ਨਿਕਲੇ ਸਿੱਟਿਆ ਦੀ ਜ਼ਿੰਮੇਵਾਰੀ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

### ਸ੍ਰੀ ਅਨੰਦਪੁਰ ਸਾਹਿਬ 'ਚ...

ਮੀਟਰ ਲੰਮਾ ਰਸਤਾ ਮੁੱਖ ਤੌਰ 'ਤੇ ਦੋ ਹਿੱਸਿਆਂ ਵਿੱਚ ਵੰਡਿਆ ਜਾਵੇਗਾ, ਇੱਕ ਪਵਿੱਤਰ ਸਰੋਵਰ ਦੇ ਸਾਹਮਣੇ ਤੋਂ ਲੰਘਦਾ ਹੈ ਅਤੇ ਦੂਜਾ ਤਖ਼ਤ ਸਾਹਿਬ ਤੱਕ ਜਾਣ ਵਾਲੀਆਂ ਪੌੜੀਆਂ ਦੇ ਨਾਲ ਹੈ, ਜੋ ਸ਼ਰਧਾਲੂਆਂ ਦੀ ਸਹੂਲਤ ਨੂੰ ਯਕੀਨੀ ਬਣਾਉਂਦਾ ਹੈ।

ਮਾਨ ਨੇ ਕਿਹਾ ਕਿ ਇਸ ਮਾਰਗ ਦੇ ਦੋਵੇਂ ਪਾਸੇ ਸ਼ਾਨਦਾਰ ਪੇਂਟਿੰਗਜ਼ ਅਤੇ ਕਲਾਤਮਕ ਤਕਨੀਕਾਂ ਰਾਹੀਂ ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ ਨੂੰ ਹੋਰ ਸੁੰਦਰ ਢੰਗ ਨਾਲ ਦਰਸਾਇਆ ਜਾਵੇਗਾ। ਮੁੱਖ ਗੇਟ ਤੋਂ ਇਲਾਵਾ ਸਰੋਵਰ ਨੂੰ ਜਾਣ ਵਾਲੇ ਰਸਤਿਆਂ ਅਤੇ ਪਾਰਕਿੰਗ ਖੇਤਰਾਂ ਦੇ ਨਾਲ ਹੋਰ ਗੇਟ ਬਣਾਏ ਜਾਣਗੇ, ਤਾਂ ਜੋ ਸਮੁੱਚੇ ਡਿਜ਼ਾਈਨ ਵਿੱਚ ਇਕਸਾਰਤਾ ਬਣਾਈ ਰੱਖੀ ਜਾ ਸਕੇ।ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜ ਤਖ਼ਤ ਸਹਿਬਾਨ ਨੂੰ ਰੇਲ ਮਾਰਗ ਰਾਹੀਂ ਜੋੜਨ ਦਾ ਮੁੱਦਾ ਕੇਂਦਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਏਗੀ।

ਸੂਬਾ ਸਰਕਾਰ ਸ੍ਰੀ ਅਨੰਦਪੁਰ ਸਾਹਿਬ-ਮਾਤਾ ਨੈਣਾ ਦੇਵੀ ਰੋਪਵੇਅ 'ਤੇ ਜਲਦੀ ਹੀ ਕੰਮ ਸ਼ੁਰੂ ਕਰਨ ਲਈ ਜ਼ੋਰਦਾਰ ਢੰਗ ਨਾਲ ਪੈਰਵੀ ਕਰੇਗੀ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਤਰੁਣਪ੍ਰੀਤ ਸਿੰਘ ਸੌਂਦ, ਸਲਾਹਕਾਰ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੀਪਕ ਬਾਲੀ ਅਤੇ ਹੋਰ ਵੀ ਮੌਜੂਦ ਸਨ।

### ਖਜ਼ਾਨਾ ਸੁਧਾਰਾਂ ਨਾਲ...

ਪ੍ਰੋਤਸਾਹਨ ਪ੍ਰਾਪਤ ਕਰਨ ਦਾ ਟੀਚਾ ਮਿਥਿਆ ਗਿਆ ਹੈ।

ਇੱਕ ਹੋਰ ਮੁੱਖ ਪਹਿਲਕਦਮੀ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਸਾਰੇ ਪੈਨਸ਼ਨਰਾਂ ਦਾ ਕੇਂਦਰੀਕ੍ਰਿਤ ਡੇਟਾਬੇਸ ਬਣਾਉਣ ਅਤੇ ਬੈਂਕਾਂ ਤੇ ਖਜ਼ਾਨੇ ਵਿਚਕਾਰ ਆਨਲਾਈਨ ਪੈਨਸ਼ਨ ਕੇਸ ਪ੍ਰੋਸੈਸਿੰਗ ਦੀ ਸਹੂਲਤ ਲਈ, ਪੰਜਾਬ ਡਿਵੈੱਲਪਮੈਂਟ ਕਮਿਸ਼ਨ (ਪੀ ਡੀ ਸੀ) ਨਾਲ ਸਲਾਹ-ਮਸ਼ਵਰਾ ਕਰਕੇ ਪੈਨਸ਼ਨਰ ਸੇਵਾ ਪੋਰਟਲ (ਪੀ ਐੱਸ ਪੀ) ਵਿਕਸਤ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਇਹ ਪੋਰਟਲ ਖਜ਼ਾਨੇ ਤੋਂ ਬੈਂਕਾਂ ਨੂੰ ਈ-ਪੀ ਪੀ ਓ ਭੇਜਣ ਵਰਗੀਆਂ ਗਤੀਵਿਧੀਆਂ ਨੂੰ ਸਮਰੱਥ ਬਣਾਉਂਦਾ ਹੈ ਅਤੇ ਪੈਨਸ਼ਨਰਾਂ ਨੂੰ ਪੈਨਸ਼ਨ ਅਪਡੇਟਸ ਦੀ ਅਸਲ-ਸਮੇਂ ਦੀ ਟ੍ਰੈਕਿੰਗ, ਸ਼ਿਕਾਇਤ ਨਿਵਾਰਨ, ਜੀਵਨ ਸਰਟੀਫਿਕੇਟ ਏਕੀਕਰਣ ਅਤੇ ਅਪਡੇਸ਼ਨ ਬੇਨਤੀਆਂ ਜਮ੍ਹਾਂ ਕਰਨ ਦੀ ਸਮਰੱਥਾ ਪ੍ਰਦਾਨ ਕਰਦਾ ਹੈ।

## ਸਿਹਤ ਵਿਭਾਗ ਵੱਲੋਂ ਦੁਕਾਨਾਂ ਦਾ ਨਿਰੀਖਣ

**ਮਾਨਸਾ (ਆਤਮਾ ਸਿੰਘ ਪਮਾਰ)**-ਸਟੇਟ ਕਮਿਸ਼ਨਰ, ਫੂਡ ਤੇ ਡਰੱਗਜ਼ ਐਡਮਨਿਸਟ੍ਰੇਸ਼ਨ ਪੰਜਾਬ ਦਿਲਰਾਜ ਸਿੰਘ ਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਆਈ.ਏ.ਐਸ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰਣਜੀਤ ਸਿੰਘ ਰਾਏ ਦੀ ਅਗਵਾਈ ਹੇਠ ਕਸਬਾ ਭੀਖੀ ਵਿਖੇ ਰੈਸਟੋਰੈਂਟ, ਢਾਬਾ, ਮਿਠਾਈ ਆਦਿ ਦੀਆਂ ਦੁਕਾਨਾਂ ਦਾ ਨਿਰੀਖਣ ਕੀਤਾ ਗਿਆ।ਇਸੇ ਦੌਰਾਨ ਮਠਿਆਈ ਤੇ ਮਸਾਲਿਆਂ ਦੇ ਕੁੱਲ 06 ਸੈਂਪਲ ਵੀ ਲਏ ਗਏ।ਜ਼ਿਲ੍ਹਾ ਸਿਹਤ ਅਫ਼ਸਰ ਵੱਲੋਂ ਦੁਕਾਨਦਾਰਾਂ ਨੂੰ ਹਮੇਸ਼ਾਂ ਬਿੱਲ ਤੇ ਹੀ ਕੱਚਾ ਮਾਲ ਖਰੀਦਣ, ਖਾਣ-ਪੀਣ ਵਾਲੀਆਂ ਵਸਤਾਂ ਦੀ ਸਾਫ਼-ਸਫ਼ਾਈ, ਅਦਾਰਿਆਂ ਦੇ ਲਾਇਸੰਸ/ਰਜਿਸਟ੍ਰੇਸ਼ਨ ਸਬੰਧੀ, ਆਦਰਿਆਂ ਵਿੱਚ ਕੰਮ ਕਰ ਰਹੇ ਮੁਲਾਜ਼ਮਾਂ ਦੇ ਮੈਡੀਕਲ ਕਰਾਉਣ ਅਤੇ ਲੋਕਾਂ ਨੂੰ ਕੇਵਲ ਸਾਫ-ਸੁਥਰਾ ਅਤੇ ਪੌਸ਼ਟਿਕ ਖਾਣਾ ਵੇਚਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਤੇ ਸੁਚੇਤ ਕੀਤਾ ਕਿ ਇਹ ਮੁਹਿੰਮ ਆਉਣ ਵਾਲੇ ਸਮੇਂ ਦੌਰਾਨ ਵੀ ਲਗਾਤਾਰ ਜਾਰੀ ਰਹੇਗੀ।

## ਸਰਪੰਚ ਭਾਵੜਾ ਦੀ ਅੰਤਿਮ ਯਾਤਰਾ 'ਚ ਕੁਲਬੀਰ ਜ਼ੀਰਾ, ਆਸ਼ੂ ਬੰਗੜ ਤੇ ਖਾਰਾ ਸਮੇਤ ਵੱਡੀ ਗਿਣਤੀ ਲੋਕ ਸ਼ਾਮਲ ਹੋਏ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਬੀਤੀ ਇੱਕ ਅਕਤੂਬਰ ਨੂੰ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ 'ਤੇ ਪਿੰਡ ਨੌਰੰਗ ਕੇ ਲੇਲੀ (ਲੇਲੀ ਵਾਲਾ) ਨਜ਼ਦੀਕ ਸੜਕ ਹਾਦਸੇ ਵਿੱਚ ਇਲਾਕੇ ਦੀ ਨਾਮਵਰ ਸ਼ਖਸੀਅਤ ਸਰਪੰਚ ਗੁਰਮੀਤ ਸਿੰਘ ਭਾਵੜਾ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਸਪੁੱਤਰ ਲਵਪ੍ਰੀਤ ਸਿੰਘ, ਜੋ ਕਿ ਵਿਦੇਸ਼ ਵਿੱਚ ਹੋਣ ਕਾਰਨ ਵਾਪਸ ਇੰਡੀਆ ਪਰਤਣ 'ਤੇ ਗੁਰਮੀਤ ਸਿੰਘ ਭਾਵੜਾ ਦਾ ਅੰਤਮ ਸੰਸਕਾਰ ਕੀਤਾ ਗਿਆ।ਉਹ ਇਲਾਕੇ ਦੀ ਨਾਮਵਰ ਹਸਤੀ ਸ੍ਰ. ਕਰਨੈਲ ਸਿੰਘ ਭਾਵੜਾ ਦੇ ਨਜ਼ਦੀਕੀ ਰਿਸ਼ਤੇਦਾਰ ਸਨ। ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਸੀਨੀਅਰ ਆਗੂ ਕੁਲਬੀਰ ਸਿੰਘ ਜ਼ੀਰਾ, ਅਮਰਦੀਪ ਸਿੰਘ ਆਸ਼ੂ ਬੰਗੜ ਇੰਚਾਰਜ ਹਲਕਾ ਫਿਰੋਜ਼ਪੁਰ ਦਿਹਾਤੀ, ਸਰਕਲ ਪ੍ਰਧਾਨ ਗੁਰਬਚਨ ਸਿੰਘ ਕਾਲਾ ਟਿੱਬਾ ਸਾਬਕਾ ਉੱਪ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਸਤਨਾਮ ਸਿੰਘ ਢਿੱਲੋਂ ਰਿਟਾ. ਸਕੱਤਰ ਮਾਰਕੀਟ ਕਮੇਟੀ, ਸਰਜੀਤ ਸਿੰਘ ਫੁਲਰਵੰਨ, ਹਰਪਾਲ ਸਿੰਘ ਸੋਢੀ, ਦਰਸ਼ਨ ਸਿੰਘ ਜੋਧਪੁਰ, ਬਲਕਾਰ ਸਿੰਘ ਸਰਪੰਚ ਜੋਧਪੁਰ, ਸਮੇਤ ਵੱਡੀ ਗਿਣਤੀ ਵਿੱਚ ਨਾਮਵਰ ਸ਼ਖਸੀਅਤਾਂ ਤੇ ਇਲਾਕਾ ਨਿਵਾਸੀ ਪਹੁੰਚੇ ਹੋਏ ਸਨ, ਜਿਨ੍ਹਾਂ ਵੱਲੋਂ ਸਰਪੰਚ ਗੁਰਮੀਤ ਸਿੰਘ ਦੇ ਸਪੁੱਤਰ ਲਵਪ੍ਰੀਤ ਸਿੰਘ, ਕਰਨੈਲ ਸਿੰਘ ਭਾਵੜਾ ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।

## ਪੈਰਾਡਾਈਜ਼ ਸਕੂਲ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਦੇ ਖਿਡਾਰੀਆਂ ਨੇ ਜ਼ੋਨਲ ਐਥਲੈਟਿਕਸ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲਾਂ ਦੇ ਐਥਲੀਟਾਂ ਵਿਚਕਾਰ ਹੋਈ ਕੜੀ ਮੁਕਾਬਲੇਬਾਜ਼ੀ ਵਿੱਚ ਪੈਰਾਡਾਈਜ਼ ਸਕੂਲ ਦੇ ਖਿਡਾਰੀਆਂ ਨੇ ਤਾਕਤ, ਹੁਨਰ ਤੇ ਦ੍ਰਿੜ੍ਹਤਾ ਨਾਲ ਚੋਟੀ ਦੇ ਸਥਾਨ ਹਾਸਲ ਕੀਤੇ।ਸਕੂਲ ਦੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਨੇ ਦੱਸਿਆ ਕਿ ਤੇਜਵੀਰ ਸਿੰਘ ਨੇ ਅੰਡਰ-14 ਸ਼ਾਟਪੁੱਟ 'ਚੋਂ ਮੁਹੰਮਦ ਹਰਸ਼, ਅੰਡਰ-19 ਹਾਈ ਜੰਪ 'ਚੋਂ ਹਰਨੀਤ ਸਿੰਘ, ਅੰਡਰ-19 ਟ੍ਰਿਪਲ ਜੰਪ 'ਚੋਂ ਦੀਕਸ਼ੀ ਸ਼ਰਮਾ, ਅੰਡਰ-19 ਜੈਵਲਿਨ ਥ੍ਰੋ ਤੇ ਡਿਸਕਸ ਥ੍ਰੋ 'ਚੋਂ ਮਹਿਕਪ੍ਰੀਤ ਕੌਰ ਨੇ ਸੋਨੇ ਦੇ ਤਮਗੇ ਜਿੱਤੇ। ਅਗਮਪ੍ਰੀਤ ਸਿੰਘ ਨੇ ਅੰਡਰ-17 ਟ੍ਰਿਪਲ ਜੰਪ, ਹਰਜੋਤ ਸਿੰਘ ਨੇ ਅੰਡਰ-17 ਜੈਵਲਿਨ ਥ੍ਰੋ, ਮੁਹੰਮਦ ਹੁਸੈਨ ਨੇ ਅੰਡਰ-19 ਟ੍ਰਿਪਲ ਜੰਪ, ਅਵਿਜੋਤ ਸਿੰਘ ਨੇ ਅੰਡਰ-19 ਸ਼ਾਟਪੁਟ ਤੇ ਡਿਸਕਸ ਥ੍ਰੋ, ਰੁਦਰਪ੍ਰਤਾਪ ਸਿੰਘ ਨੇ ਅੰਡਰ-19, 400 ਮੀਟਰ ਦੌੜ ਤੇ ਹਾਈ ਜੰਪ, ਮਹਿਕਪ੍ਰੀਤ ਕੌਰ ਨੇ ਅੰਡਰ-19, 100 ਮੀਟਰ ਦੌੜ, ਏਕਮਜੋਤ ਕੌਰ ਨੇ ਅੰਡਰ-19 ਲੰਬੀ ਛਾਲ ਵਿੱਚੋਂ ਚਾਂਦੀ ਦੇ ਤਮਗੇ ਅਤੇ ਸੁਖਬੀਰ ਸਿੰਘ ਨੇ ਅੰਡਰ-17 ਟ੍ਰਿਪਲ ਜੰਪ, ਹਰਨੀਤ ਸਿੰਘ ਨੇ ਅੰਡਰ-19 ਡਿਸਕਸ ਥ੍ਰੋ, ਅਰਮੀਤ ਕੌਰ ਨੇ ਅੰਡਰ-19 ਜੈਵਲਿਨ ਥ੍ਰੋ, ਜਸਲੀਨ ਕੌਰ ਨੇ ਅੰਡਰ-19 ਜੈਵਲਿਨ ਥ੍ਰੋ 'ਚ ਤਾਂਬੇ ਦੇ ਤਮਗੇ ਹਾਸਲ ਕੀਤੇ। ਸਕੂਲ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਲਗਨ, ਸਖ਼ਤ ਮਿਹਨਤ ਤੇ ਖੇਡਾਂ ਪ੍ਰਤੀ ਸਮਰਪਣ ਦੀ ਪ੍ਰਸ਼ੰਸਾ ਕੀਤੀ।

## ਮਾਰਕੀਟ ਕਮੇਟੀ ਨੇ ਨਮੀ ਵਾਲਾ ਝੋਨਾ ਲੈ ਕੇ ਆਈਆਂ ਟਰਾਲੀਆਂ ਵਾਪਸ ਭੇਜੀਆਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਅਨਾਜ ਮੰਡੀ ਵਿਚ ਝੋਨੇ ਦੀ ਆਮਦ ਨੂੰ ਲੈ ਕੇ ਮਾਰਕੀਟ ਕਮੇਟੀ ਵਲੋਂ ਪ੍ਰਮੁੱਖ ਗੇਟਾਂ 'ਤੇ ਟੀਮਾਂ ਬਿਠਾ ਦਿੱਤੀਆਂ ਹਨ ਤਾਂ ਜੋ ਫਸਲ ਵਿੱਚ ਨਮੀ ਦੀ ਮਾਤਰਾ ਚੈੱਕ ਕੀਤੀ ਜਾ ਸਕੇ। ਅੱਜ ਮਾਛੀਵਾੜਾ ਮਾਰਕੀਟ ਕਮੇਟੀ ਸਕੱਤਰ ਕਮਲਦੀਪ ਸਿੰਘ ਨੇ ਦੱਸਿਆ ਕਿ ਕੁਝ ਕਿਸਾਨ ਮਾਛੀਵਾੜਾ ਮੰਡੀ ਵਿੱਚ ਵੱਧ ਨਮੀ ਵਾਲਾ ਝੋਨਾ ਲੈ ਕੇ ਆ ਰਹੇ ਹਨ, ਜਿਸ ਕਾਰਨ ਟਰਾਲੀਆਂ ਵਿੱਚ ਨਮੀ ਦੀ ਜਾਂਚ ਕੀਤੀ ਗਈ ਅਤੇ ਜਿਨ੍ਹਾਂ ਵਿੱਚ ਮਾਤਰਾ ਵੱਧ ਪਾਈ ਗਈ, ਉਨ੍ਹਾਂ ਨੂੰ ਵਾਪਸ ਮੋੜ ਦਿੱਤਾ ਗਿਆ। ਸਕੱਤਰ ਨੇ ਦੱਸਿਆ ਕਿ 17 ਫੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਮੰਡੀਆਂ ਵਿੱਚ ਨਹੀਂ ਆਉਣ ਦਿੱਤਾ ਜਾਵੇਗਾ, ਕਿਉਂਕਿ ਇਸ ਨਾਲ ਜਿੱਥੇ ਵਿਕਣ ਵਿੱਚ ਮੁਸ਼ਕਲ ਆਉਂਦੀ ਹੈ, ਉੱਥੇ ਫੜ੍ਹਾਂ ਦੀ ਘਾਟ ਵੀ ਪੈਦਾ ਹੋ ਜਾਂਦੀ ਹੈ। ਸਕੱਤਰ ਨੇ ਕਿਹਾ ਕਿ ਅੱਜ ਵੀ ਕਈ ਝੋਨੇ ਨਾਲ ਭਰੀਆਂ ਟਰਾਲੀਆਂ, ਜਿਨ੍ਹਾਂ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਸੀ, ਨੂੰ ਵਾਪਸ ਮੋੜ ਦਿੱਤਾ ਗਿਆ ਅਤੇ ਇਹ ਚੈਕਿੰਗ ਸਾਰਾ ਸੀਜ਼ਨ ਜਾਰੀ ਰਹੇਗੀ। ਸਕੱਤਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਕਿਸਾਨ ਸੁੱਕਾ ਝੋਨਾ ਲੈ ਕੇ ਆਉਣ ਤੇ 17 ਫੀਸਦੀ ਨਮੀ ਵਾਲੀ ਫਸਲ ਖਰੀਦ ਏਜੰਸੀਆਂ ਵੱਲੋਂ ਤੁਰੰਤ ਖਰੀਦੀ ਜਾਵੇਗੀ, ਜਦਕਿ ਵੱਧ ਨਮੀ ਵਾਲਾ ਝੋਨਾ ਖਰੀਦਿਆ ਨਹੀਂ ਜਾਵੇਗਾ।

## ਸੜਕ 'ਤੇ ਪਾਇਆ ਪੱਥਰ ਪਿੰਡ ਵਾਸੀਆਂ ਲਈ ਮੁਸੀਬਤ ਬਣਿਆ



**ਬੱਧਨੀ ਕਲਾਂ (ਲਵਲੀ ਕੁਮਾਰ)**-ਪਿੰਡ ਭਾਗੀਕੇ ਤੋਂ ਬਾਹਰਲੀ ਬਸਤੀ ਸੜਕ ਉੱਪਰ ਪਿਆ ਪੱਥਰ ਪਿੰਡ ਵਾਸੀਆਂ ਲਈ ਵੱਡੀ ਸਿਰਦਰਦੀ ਤੇ ਮੁਸੀਬਤ ਬਣਿਆ ਹੋਇਆ ਹੈ। ਉਨ੍ਹਾਂ ਵੱਲੋਂ ਮੰਗ ਕੀਤੀ ਗਈ ਹੈ ਕਿ ਇਸ 'ਤੇ ਜਲਦੀ ਪ੍ਰੀਮਿਕਸ ਪਾਇਆ ਜਾਵੇ ਤਾਂ ਜੋ ਕਿਸੇ ਦਾ ਜਾਨੀ-ਮਾਲੀ ਨੁਕਸਾਨ ਨਾ ਹੋ ਸਕੇ।ਇਸ ਮੌਕੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਪੰਚ ਹਰਜਿੰਦਰ ਸਿੰਘ, ਜਗਜੀਤ ਸਿੰਘ, ਜਗਦੇਵ ਸਿੰਘ, ਦਰਸ਼ਨ ਸਿੰਘ ਫੌਜੀ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਤੇ ਪੀ ਐੱਸ ਪੀ ਸੀ ਐੱਲ ਖਿਲਾਫ ਸੰਘਰਸ਼ ਦਾ ਐਲਾਨ : ਤਰਲੋਚਨ ਚੋਪੜਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਬ ਅਰਬਨ ਮੰਡਲ ਪੀਐੱਸਪੀਸੀਐੱਲ ਫਿਰੋਜ਼ਪੁਰ ਦੀ ਜਨਰਲ ਬਾਡੀ ਦੀ ਮੀਟਿੰਗ ਵਿੱਚ ਸਕੱਤਰ ਤਰਲੋਚਨ ਚੋਪੜਾ ਨੇ ਦੱਸਿਆ ਪੰਜਾਬ ਸਰਕਾਰ ਤੇ ਬੋਰਡ ਮੈਨੇਜਮੈਂਟ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਬਿਲਕੁਲ ਹੀ ਅਣਗੌਲਿਆ ਕੀਤਾ ਹੋਇਆ ਹੈ ਅਤੇ ਵਾਰ ਵਾਰ ਮੀਟਿੰਗਾਂ ਦੇ ਕੇ ਪੰਜਾਬ ਸਰਕਾਰ ਮੀਟਿੰਗਾਂ ਤੋਂ ਭੱਜ ਰਹੀ ਹੈ। ਪੰਜਾਬ ਸਰਕਾਰ ਦੀ ਇਸ ਘਟੀਆ ਤੇ ਨਿੰਦਣਯੋਗ ਨੀਤੀ/ਰਵੱਈਆ ਖਿਲਾਫ ਸੂਬਾ ਕਮੇਟੀ ਵੱਲੋਂ ਉਲੀਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ, ਜਿਸ ਅਨੁਸਾਰ 11 ਅਕਤੂਬਰ 2025 ਨੂੰ ਸੰਗਰੂਰ ਵਿਖੇ ਲਾ-ਮਸਾਲ ਧਰਨਾ ਦਿੱਤਾ ਜਾਵੇਗਾ ਅਤੇ ਉਪਰੰਤ 7 ਨਵੰਬਰ ਨੂੰ ਪੈਨਸ਼ਨਰਾਂ ਵੱਲੋਂ ਹੈੱਡ ਆਫਿਸ ਪਟਿਆਲਾ ਵਿਖੇ ਲਾ-ਮਿਸਾਲ ਧਰਨਾ ਦਿੱਤਾ ਜਾਵੇਗਾ ਤਾਂ ਜੋ ਕੁੰਭਕਰਨੀ ਨੀਂਦ ਸੁੱਤੀ ਸਰਕਾਰ ਨੂੰ ਜਗਾਇਆ ਜਾ ਸਕੇ। ਮੀਟਿੰਗ ਵਿੱਚ ਸ਼ਾਮ ਸਿੰਘ, ਰਮੇਸ਼ ਸ਼ਰਮਾ, ਸੁਰਜੀਤ ਸਿੰਘ, ਮੁਖਤਿਆਰ ਸਿੰਘ, ਰਾਜ ਕੁਮਾਰ ਨੇ ਸੰਬੋਧਨ ਕੀਤਾ। ਇਸ ਮੌਕੇ ਪ੍ਰਧਾਨ ਸੁਖਚੈਨ ਲਾਲ ਨੇ ਆਏ ਹੋਏ ਸਾਥੀਆਂ ਨੂੰ ਸੂਬਾ ਕਮੇਟੀ ਵੱਲੋਂ ਦਿੱਤੇ ਹੋਏ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।



ਦੁਸਹਿਰੇ ਦੇ ਪਵਿੱਤਰ ਤਿਉਹਾਰ 'ਤੇ ਰਾਮਲੀਲ੍ਹਾ ਉਤਸਵ ਕਮੇਟੀ ਵੱਲੋਂ ਚੇਅਰਮੈਨ ਬਾਊ ਸੁਭਾਸ਼ ਗੋਇਲ ਨੂੰ ਸਨਮਾਨਤ ਕਰਦੇ ਹੋਏ ਪ੍ਰਧਾਨ ਪ੍ਰਵੀਨ ਗੋਇਲ, ਰਜੇਸ਼ ਰਾਜਾ, ਸੁਰਿੰਦਰ ਬਾਂਸਲ, ਰਜਿੰਦਰ ਗੋਇਲ, ਤੀਰਥ ਬਾਂਸਲ, ਅਸ਼ਵਨੀ ਸ਼ਰਮਾ ਤੇ ਹੋਰ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)



ਦੁਸਹਿਰੇ ਦੇ ਪਵਿੱਤਰ ਤਿਉਹਾਰ 'ਤੇ ਰਾਮਲੀਲ੍ਹਾ ਉਤਸਵ ਕਮੇਟੀ ਦੇ ਪ੍ਰਧਾਨ ਅਰੁਣ ਬਾਂਸਲ ਤੇ ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ ਵਿਧਾਇਕ ਅੰਮ੍ਰਿਤਪਾਲ ਸਿੰਘ ਸੁੱਖਾਨੰਦ ਅਤੇ ਪੰਜਾਬ ਪ੍ਰਧਾਨ ਸ੍ਰੀ ਬਾਲ ਕ੍ਰਿਸ਼ਨ ਬਾਲੀ ਨੂੰ ਸਨਮਾਨਤ ਕਰਦੇ ਹੋਏ, ਨਾਲ ਹਨ ਪ੍ਰਧਾਨ ਪਵਨ ਗੁਪਤਾ ਤੇ ਭੂਸ਼ਣ ਜੈਨ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

6 Oct Page 3.qxd 10/5/2025 9:27 PM Page 1



# ਧਰਮਾ ਕਤਲਕਾਂਡ 'ਚ 3 ਮੁਲਜ਼ਮ ਗ੍ਰਿਫ਼ਤਾਰ

**ਛੇਹਰਟਾ (ਮਨੋਜ ਕੁਮਾਰ)**- ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਧਰਮਜੀਤ ਸਿੰਘ ਉਰਫ਼ ਧਰਮਾ ਦੇ ਕਤਲਕਾਂਡ ਨੂੰ ਹੱਲ ਕਰਦਿਆਂ ਇਸ ਮਾਮਲੇ ਵਿਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ 26 ਸਤੰਬਰ ਦੀ ਰਾਤ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਪੈਰੋਲ ਉਤੇ ਆਏ ਧਰਮਜੀਤ ਸਿੰਘ ਉਰਫ਼ ਧਰਮਾ ਦਾ ਗੋਲੀਆਂ ਮਾਰ ਕੇ



ਕਤਲ ਕਰ ਦਿੱਤਾ ਸੀ। ਜਾਣਕਾਰੀ ਦਿੰਦੇ ਹੋਏ ਪੁਲਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਚ ਨਵਰਾਜ ਸਿੰਘ ਉਰਫ਼ ਨੂਰ, ਦਲਵਿੰਦਰ ਸਿੰਘ ਉਰਫ਼ ਬਿੱਲੀ ਤੇ ਸ਼ੁਭਦੀਪ ਸਿੰਘ ਉਰਫ਼ ਸ਼ੁਭ (ਸਾਰੇ ਵਾਸੀ ਸੁਭਾਸ਼ ਰੋਡ, ਛੇਹਰਟਾ) ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਖ਼ਿਲਾਫ਼ ਪਿਛਲਾ ਕੋਈ ਮਾਮਲਾ ਦਰਜ ਨਹੀਂ ਹੈ। ਸ਼ੂਟਰਾਂ ਦੀ ਪਛਾਣ ਮਨਕਰਨ ਸਿੰਘ, ਸੈਮ ਤੇ ਜੋਬਨ ਵਜੋਂ ਹੋਈ ਹੈ, ਜਿਨ੍ਹਾਂ ਨੂੰ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਦਲਵਿੰਦਰ ਸਿੰਘ ਉਰਫ਼ ਬਿੱਲੀ ਤੇ ਸ਼ੁਭਦੀਪ ਸਿੰਘ ਉਰਫ਼ ਸ਼ੁਭ ਇਸ ਕਤਲਕਾਂਡ ਦੇ ਮੁੱਖ ਸਾਜ਼ਿਸ਼ਕਰਤਾ ਸਨ, ਜੋ ਅੰਕੁਸ਼ ਉਰਫ਼ ਬਾਹਮਣ ਵਾਸੀ ਛੇਹਰਟਾ (ਵਰਤਮਾਨ ਵਿਚ ਆਸਟਰੇਲੀਆ ਵਿਚ) ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਦਲਵਿੰਦਰ ਬਿੱਲੀ ਨੇ ਨਵਰਾਜ ਸਿੰਘ ਉਰਫ਼ ਨੂਰ ਦੀ ਮਦਦ ਨਾਲ ਧਰਮਾ ਦੀ ਰੈਕੀ ਕਰਵਾਈ। ਸ਼ੁਭਦੀਪ ਸਿੰਘ ਉਰਫ਼ ਸ਼ੁਭ ਨੇ ਨਿਸ਼ਾਨੇਬਾਜ਼ਾਂ ਲਈ ਮੋਟਰਸਾਈਕਲ ਤੇ ਹਥਿਆਰਾਂ ਦਾ ਪ੍ਰਬੰਧ ਕੀਤਾ। ਉਨ੍ਹਾਂ ਦੱਸਿਆ ਕਿ ਇਸ ਕੇਸ ਨੂੰ ਸੁਲਝਾਉਣ ਵਾਲੇ ਪੁਲਸ ਅਧਿਕਾਰੀਆਂ ਵਿਚ ਡੀਸੀਪੀ (ਇਨਵੈਸਟੀਗੇਸ਼ਨ) ਰਵਿੰਦਰਪਾਲ ਸਿੰਘ, ਏਡੀਸੀਪੀ-2 ਹਰਪਾਲ ਸਿੰਘ, ਏਸੀਪੀ (ਵੈਸਟ) ਸ਼ਿਵਦਰਸ਼ਨ ਸਿੰਘ ਤੇ ਥਾਣਾ ਛੇਹਰਟਾ ਦੇ ਐੱਸਐੱਚਓ ਇੰਸਪੈਕਟਰ ਵਿਨੋਦ ਸ਼ਰਮਾ ਸ਼ਾਮਿਲ ਹਨ। ਜ਼ਿਕਰਯੋਗ ਹੈ ਕਿ ਧਰਮਜੀਤ ਸਿੰਘ ਉਰਫ਼ ਧਰਮਾ 2012 ਵਿਚ ਛੇਹਰਟਾ ਚੌਕ ਵਿਚ ਹੋਏ ਬਹੁਚਰਚਿਤ ਏਐੱਸਆਈ ਰਵਿੰਦਰ ਸਿੰਘ ਕਤਲਕਾਂਡ ਵਿਚ ਜ਼ੇਲ੍ਹ ਵਿਚ ਬੰਦ ਸੀ ਤੇ 14 ਦਿਨ ਦੀ ਪੈਰੋਲ ਉਤੇ ਆਇਆ ਹੋਇਆ ਸੀ।

# ਸਰਕਾਰਾਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਅਣਦੇਖੀ ਵਿਰੁੱਧ ਰੋਸ ਪ੍ਰਦਰਸ਼ਨ 9 ਨੂੰ : ਐੱਸਕੇਐੱਮ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਸੰਯੁਕਤ ਕਿਸਾਨ ਮੋਰਚਾ ਪੰਜਾਬ ਜ਼ਿਲਾ ਤਰਨ ਤਾਰਨ ਦੀ ਇੱਕ ਅਹਿਮ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨ ਤਾਰਨ ਵਿਖੇ ਗੁਰਬਚਨ ਸਿੰਘ ਘੜਕਾ ਜ਼ਿਲ੍ਹਾ ਪ੍ਰਧਾਨ ਕਿਸਾਨ ਸੰਘਰਸ਼ ਕਮੇਟੀ ਪੰਨੂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਲਏ ਗਏ ਫੈਸਲੇ



ਅਨੁਸਾਰ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਿੱਚ ਅਸਮਰਥ ਰਹਿਣ ਕਾਰਨ ਕੇਂਦਰ ਅਤੇ ਪੰਜਾਬ ਸਰਕਾਰ ਦੀ ਢਿੱਲ-ਮੱਠ ਦੀ ਨੀਤੀ ਵਿਰੁੱਧ 09 ਅਕਤੂਬਰ ਨੂੰ ਡਿਪਟੀ ਕਮਿਸ਼ਨਰ ਜ਼ਿਲਾ ਪ੍ਰਸ਼ਾਸਕੀ ਦਫਤਰ ਦੇ ਬਾਹਰ ਧਰਨਾ ਲਗਾਇਆ ਜਾਏਗਾ।ਇਸ ਧਰਨੇ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਲੋਕ ਵੱਡੀ ਗਿਣਤੀ ਵਿੱਚ ਪਹੁੰਚਣਗੇ ।ਮੀਟਿੰਗ ਵਿੱਚ ਬੀਕੇਯੂ ਰਾਜੇਵਾਲ, ਕਿਰਤੀ ਕਿਸਾਨ ਯੂਨੀਅਨ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਏਕਤਾ, ਪੰਜਾਬ ਕਿਸਾਨ ਯੂਨੀਅਨ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਟਾਂਡਾ, ਕੌਮੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਕੁਲ ਹਿੰਦ ਕਿਸਾਨ ਸਭਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ (ਹਰਜੀਤ ਰਵੀ) ਆਦਿ ਜਥੇਬੰਦੀਆਂ ਨੇ ਤਿਆਰੀ ਮੀਟਿੰਗ ਵਿਚ ਭਾਗ ਲਿਆ।ਇਸ ਮੌਕੇ ਕਿਸਾਨ ਆਗੂ ਅੰਮ੍ਰਿਤਪਾਲ ਸਿੰਘ ਜੌੜਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਤਰਸੇਮ ਸਿੰਘ ਲੁਹਾਰ, ਮਨਜੀਤ ਸਿੰਘ ਬੱਗੂ, ਸੁਖਚੈਨ ਸਿੰਘ ਸਰਹਾਲੀ, ਜਤਿੰਦਰਪਾਲ ਸਿੰਘ ਡਾਲੇਕੇ, ਸੁਖਦੇਵ ਸਿੰਘ ਤੁੜ, ਭੁਪਿੰਦਰ ਸਿੰਘ ਨਦੋਹਰ ਆਦਿ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਿੱਚ ਪੂਰੀ ਤਰਾਂ ਅਸਫਲ ਰਹੀਆਂ ਹਨ।ਇੰਨਾ ਸਮਾਂ ਬੀਤਣ ਬਾਅਦ ਵੀ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕੋਈ ਅਗਾਊਂ ਰਾਹਤ ਦੇਣ 'ਚ ਸਰਕਾਰਾਂ ਬੁਰੀ ਤਰ੍ਹਾਂ ਫਲਾਪ ਹੋਈਆਂ ਹਨ।ਕੋਟ ਬੁੱਢਾ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਸਬੰਧੀ ਵੀ ਚਰਚਾ ਕੀਤੀ ਗਈ।ਨਛੱਤਰ ਸਿੰਘ ਮੁਗਲਚੱਕ ਨੇ ਦੱਸਿਆ ਕਿ ਸਾਹਿਬ ਸਿੰਘ, ਬਹਾਲ ਸਿੰਘ, ਪ੍ਰਗਟ ਸਿੰਘ ਕੋਟ ਬੁੱਢਾ ਆਦਿ ਕਿਸਾਨ ਵੀਰਾਂ ਦੀਆਂ ਮੁਸ਼ਕਲਾਂ ਹੱਲ ਕਰਵਾਉਣ ਲਈ ਪ੍ਰਸ਼ਾਸਨ ਨੂੰ ਵੱਖਰਾ ਮੰਗ ਪੱਤਰ ਦਿੱਤਾ ਜਾਵੇਗਾ। ਉਨ੍ਹ ਪੰਜਾਬ ਸਰਕਾਰ ਦੀ ਡਰਾਮੇਬਾਜ਼ੀ ਦੀ ਨਿਖੇਧੀ ਕੀਤੀ। ਆਗੂਆਂ ਕਿਹਾ ਕਿ 70000 ਰੁਪਏ ਪ੍ਰਤੀ ਏਕੜ ਤੋਂ ਘੱਟ ਮੁਆਵਜ਼ਾ ਕਦਾਚਿੱਤ ਮਨਜ਼ੂਰ ਨਹੀਂ। ਦਰਿਆ ਬੁਰਦ ਜ਼ਮੀਨਾਂ ਦੇ ਇਵਜ਼ਾਨੇ ਬਾਰੇ ਸਰਕਾਰ ਦੀ ਚੁੱਪ ਨਿਖੇਧੀਯੋਗ ਹੈ।

# 2.5 ਕਿੱਲੋ ਹੈਰੋਇਨ ਤੇ 5 ਪਿਸਤੌਲਾਂ ਸਮੇਤ 2 ਗ੍ਰਿਫਤਾਰ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਾਂ ਵਾਲੇ ਸਰਹੱਦ ਪਾਰ ਦੇ ਹਥਿਆਰ ਅਤੇ ਨਸ਼ਾ ਤਸਕਰੀ ਮਾਡਿਊਲ ਦੇ ਦੋ ਕਾਰਕੁਨਾਂ ਨੂੰ 2.5 ਕਿਲੋਗ੍ਰਾਮ ਹੈਰੋਇਨ ਅਤੇ ਪੰਜ ਆਧੁਨਿਕ ਪਿਸਤੌਲਾਂ ਨਾਲ ਗ੍ਰਿਫਤਾਰ ਕਰਕੇ ਇਸ ਗਿਰੋਹ ਦਾ ਪਰਦਾਫਾਸ਼ ਕੀਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਦੇ ਪਿੰਡ ਢੋਲਣ ਦੇ ਵਸਨੀਕ ਗੁਰਜੰਟ ਸਿੰਘ ਅਤੇ ਤਰਨਤਾਰਨ ਦੇ ਪਿੰਡ ਛੀਨਾ ਬਿਧੀ ਚੰਦ ਦੇ ਵਸਨੀਕ ਗੁਰਵੇਲ ਸਿੰਘ ਵਜੋਂ ਹੋਈ ਹੈ।ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਚਾਰ 9 ਐੱਮਐੱਮ ਗਲੌਕ ਪਿਸਤੌਲ ਸਮੇਤ ਮੈਗਜ਼ੀਨ ਅਤੇ ਇੱਕ .30 ਬੋਰ ਪਿਸਤੌਲ ਸਮੇਤ ਮੈਗਜ਼ੀਨ ਸ਼ਾਮਲ ਹੈ।ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਸ ਟੀਮਾਂ ਨੇ ਉਨ੍ਹਾਂ ਦੀ ਮਹਿੰਦਰਾ 3ਐੱਕਸਓ ਕਾਰ ਵੀ ਜ਼ਬਤ ਕੀਤੀ ਹੈ, ਜੋ ਖੇਪਾਂ ਦੀ ਢੋਆ-ਢੁਆਈ ਲਈ ਵਰਤੀ ਜਾ ਰਹੀ ਸੀ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਤਸਕਰ ਦੇ ਨਿਰਦੇਸ਼ਾਂ 'ਤੇ ਤਸਕਰੀ ਕਰ ਰਹੇ ਸਨ। ਅੰਮ੍ਰਿਤਸਰ-ਭਿੱਖੀਵਿੰਡ ਰੋਡ ਤੋਂ ਦੋਵਾਂ ਸ਼ੱਕੀਆਂ ਨੂੰ ਉਦੋਂ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਤਰਨਤਾਰਨ ਦੇ ਪਿੰਡ ਪੰਜਵੜ ਨੇੜਲੇ ਖੇਤਰ ਵਿੱਚ ਕਿਸੇ ਨੂੰ ਅੱਗੇ ਖੇਪ ਪਹੁੰਚਾਉਣ ਜਾ ਰਹੇ ਸਨ।ਮੁਲਜ਼ਮਾਂ ਦੀ ਗੱਡੀ ਵਿੱਚੋਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਬਰਾਮਦ ਕੀਤੀਆਂ ਗਈਆਂ ਹਨ।ਪੂਰੇ ਗਠਜੋੜ ਦਾ ਪਰਦਾਫਾਸ਼ ਕਰਨ ਲਈ ਅਗਲੇ ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਪੁਲਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਐੱਨਡੀਪੀਐੱਸ ਐਕਟ ਦੀ ਧਾਰਾ 21, 25 ਅਤੇ 29 ਅਤੇ ਆਰਮਜ਼ ਐਕਟ ਦੀ ਧਾਰਾ 25 ਦੇ ਤਹਿਤ ਐੱਫਆਈਆਰ ਨੰਬਰ 57 ਮਿਤੀ 04-10-2025 ਨੂੰ ਕੇਸ ਦਰਜ ਕੀਤਾ ਗਿਆ ਹੈ।




# ਆਰਚਬਿਸ਼ਪ ਸਾਰਾਹ ਮਲੱਲੀ ਦੀ ਇਤਿਹਾਸਕ ਨਿਯੁਕਤੀ ਦਾ ਸਵਾਗਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਡਾਇਓਸਿਸ ਆਫ਼ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ



(ਸੀਐੱਨਆਈ) ਨੇ ਲੰਡਨ ਦੀ ਬਿਸ਼ਪ ਦ ਮੋਸਟ ਰੈਵਰੈਂਡ ਸਾਰਾਹ ਮਲੱਲੀ ਦੀ ਕੈਂਟਰਬਰੀ ਦੀ ਪਹਿਲੀ ਮਹਿਲਾ ਆਰਚਬਿਸ਼ਪ ਵਜੋਂ ਨਿਯੁਕਤੀ ਦੀ ਸ਼ਲਾਘਾ ਕੀਤੀ ਹੈ।ਦਿ ਰਾਈਟ ਰੈਵਰੈਂਡ ਮਨੋਜ ਚਰਨ, ਬਿਸ਼ਪ, ਡਾਇਓਸਿਸ ਆਫ਼ ਅੰਮ੍ਰਿਤਸਰ, ਸੀਐੱਨਆਈ, ਅਤੇ ਐਕਟਿੰਗ ਡਿਪਟੀ ਮੌਡੇਰੇਟਰ, ਸੀਐੱਨਆਈ ਨੇ ਇਸ ਮੌਕੇ ਆਰਚਬਿਸ਼ਪ ਮਲੱਲੀ ਨੂੰ ਦਿਲੋਂ ਵਧਾਈਆਂ ਦਿੱਤੀਆਂ।ਇਹ ਨਿਯੁਕਤੀ ਚਰਚ ਆਫ਼ ਇੰਗਲੈਂਡ ਅਤੇ ਗਲੋਬਲ ਐਂਗਲੀਕਨ ਕਮਿਊਨੀਅਨ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ।ਡਾਇਓਸਿਸ ਆਫ਼ ਅੰਮ੍ਰਿਤਸਰ, ਸੀਐੱਨਆਈ, ਆਰਚਬਿਸ਼ਪ ਮਲੱਲੀ ਦੇ ਆਪਣੇ ਵਿਸ਼ਵਾਸ ਪ੍ਰਤੀ ਸਮਰਪਣ ਅਤੇ ਉਨ੍ਹਾਂ ਦੀ ਸ਼ਾਨਦਾਰ ਅਗਵਾਈ ਦੀ ਸ਼ਲਾਘਾ ਕਰਦੀ ਹੈ ਅਤੇ ਪ੍ਰਾਰਥਨਾ ਕਰਦੀ ਹੈ ਕਿ ਉਨ੍ਹਾਂ ਦਾ ਕਾਰਜਕਾਲ ਬੁੱਧੀ, ਹਮਦਰਦੀ ਅਤੇ ਵਿਸ਼ਵਾਸ ਤੋਂ ਪ੍ਰੇਰਿਤ ਹੋਵੇ।ਬਿਸ਼ਪ ਚਰਨ ਨੇ ਕਿਹਾ ਕਿ ਅਸੀਂ ਆਰਚਬਿਸ਼ਪ ਮਲੱਲੀ ਲਈ ਹਰ ਅਸ਼ੀਰਵਾਦ ਅਤੇ ਸਫਲਤਾ ਦੀ ਕਾਮਨਾ ਕਰਦੇ ਹਾਂ ਜਦ ਕਿ ਉਹ ਵਿਸ਼ਵਵਿਆਪੀ ਐਂਗਲੀਕਨ ਕਮਿਊਨੀਅਨ ਦੀ ਸੇਵਾ ਦੇ ਇਸ ਨਵੇਂ ਅਧਿਆਏ ਦੀ ਸ਼ੁਰੂਆਤ ਕਰਦੇ ਹਨ।

# ਨਗਰ ਸੁਧਾਰ ਟਰੱਸਟ ਬਟਾਲਾ ਦੀ ਦਹਾਕਿਆਂ ਤੋਂ ਵੀਰਾਨ ਪਈ ਜਗ੍ਹਾ ਨੂੰ ਸ਼ੈਰੀ ਕਲਸੀ ਨੇ ਕੀਤਾ ਆਬਾਦ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਸ਼ੈਰੀ ਕਲਸੀ ਵਲੋਂ ਵਿਕਾਸ ਕਾਰਜਾਂ ਵਿੱਚ ਇੱਕ ਹੋਰ ਨਵਾਂ ਕੀਰਤੀਮਾਨ ਸਥਾਪਿਤ ਕਰਦਿਆਂ ਨਗਰ



ਸੁਧਾਰ ਟਰੱਸਟ ਬਟਾਲਾ ਦੀ ਸਕੀਮ ਤਹਿਤ ਵੀਰਾਨ ਪਈ ਜਗ੍ਹਾ ਨੂੰ ਆਬਾਦ ਕੀਤਾ ਗਿਆ ਹੈ।ਸ਼ੈਰੀ ਕਲਸੀ ਨੇ ਕਾਹਨੂੰਵਾਨ ਰੋਡ, ਸਿੰਬਲ ਪੁਲਸ ਚੌਂਕੀ ਨਜ਼ਦੀਕ ਪਾਰਕਿੰਗ ਏਰੀਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ, ਐਕਸੀਅਨ ਬਿਕਰਮ ਸਿੰਘ, ਈ. ਓ. ਅਰਵਿੰਦ ਸ਼ਰਮਾ, ਯੂਥ ਪ੍ਰਧਾਨ ਵੀਨੂੰ ਕਾਹਲੋਂ, ਮਨਜੀਤ ਸਿੰਘ ਬੁਮਰਾਹ, ਐੱਮ. ਸੀ. ਬਲਵਿੰਦਰ ਸਿੰਘ ਮਿੰਟਾ, ਭੁਪਿੰਦਰ ਸਿੰਘ ਤੇ ਮਾਰਕਿਟ ਵਾਲੇ ਵੱਡੀ ਗਿਣਤੀ ਵਿੱਚ ਮੌਜੂਦ ਸਨ।ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਅੰਦਰ ਵਿਕਾਸ ਕਾਰਜ ਜਾਰੀ ਹਨ ਅਤੇ ਦਹਾਕਿਆਂ ਤੋਂ ਵੀਰਾਨ ਪਏ ਇਸ ਸਥਾਨ ਤੇ ਪਾਰਕਿੰਗ ਬਣਾਈ ਜਾਵੇਗੀ, ਜਿਸ ਨਾਸ ਦੁਕਾਨਦਾਰਾਂ ਅਤੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ।ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ।ਚੌਂਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ।ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ।ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ।ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ।ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।

# ਡੀ ਸੀ ਦਫ਼ਤਰ ਅੱਗੇ ਧਰਨਾ ਹੁਣ 10 ਨੂੰ



**ਛੇਹਰਟਾ (ਮਨੋਜ ਕੁਮਾਰ)**- ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਕਾਮਰੇਡ ਸੁੱਚਾ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਡੀ. ਸੀ. ਦਫ਼ਤਰ ਵਿਚ ਕਿਸਾਨ ਤੇ ਮਜ਼ਦੂਰ ਹੜ੍ਹ ਪੀੜਤਾਂ ਨੂੰ ਰਾਹਤ ਦਿਵਾਉਣ ਲਈ 8 ਅਕਤੂਬਰ ਨੂੰ ਦਿੱਤਾ ਜਾਣ ਵਾਲਾ ਧਰਨਾ ਉਸ ਦਿਨ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਰਕਾਰੀ ਛੁੱਟੀ ਹੋਣ ਕਰਕੇ ਹੁਣ 10 ਅਕਤੂਬਰ ਨੂੰ ਸਵੇਰੇ 11 ਵਜੇ ਕਰਨ ਦਾ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ। ਇਸੇ ਦੌਰਾਨ ਮੰਡੀਆਂ ਵਿੱਚ ਹੋ ਰਹੀ ਕਿਸਾਨਾਂ ਦੀ ਲੁੱਟ ਬਾਰੇ ਵੀ ਚਰਚਾ ਕੀਤੀ ਗਈ ਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ ਮੰਡੀਆਂ ਵਿਚ ਅਧਿਕਾਰੀ ਜਾ ਕੇ ਕਿਸਾਨਾਂ ਦੀ ਹੋ ਰਹੀ ਲੁੱਟ ਬੰਦ ਕਰਾਉਣ। ਇਸ ਤੋਂ ਇਲਾਵਾ ਕਿਸਾਨਾਂ ਨੂੰ ਖਾਦ ਦੀ ਬੋਰੀ ਨਾਲ ਸਲਫਰ ਤੇ ਹੋਰ ਸਾਮਾਨ ਦੇਣ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਖੇਤੀ ਅਧਿਕਾਰੀਆਂ ਨੂੰ ਤੁਰੰਤ ਦੁਕਾਨਾਂ ਤੇ ਸੋਸਾਇਟੀ ਵਿਚ ਹੋ ਰਹੀ ਘਪਲੇਬਾਜ਼ੀ ਦੀ ਪੜਤਾਲ ਕਰਕੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿਚ ਜਮਹੂਰੀ ਕਿਸਾਨ ਸਭਾ ਵੱਲੋਂ ਡਾਕਟਰ ਸਤਨਾਮ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਭੁਪਿੰਦਰਜੀਤ ਛੀਨਾ, ਕਿਰਤੀ ਕਿਸਾਨ ਯੂਨੀਅਨ ਤੋਂ ਅਮਰੀਕ ਸਿੰਘ, ਧਨਵੰਤ ਸਿੰਘ ਖਤਰਾਏ ਕਲਾਂ, ਤਜਿੰਦਰ ਸਿੰਘ ਛੀਨਾ, ਸਰਤਾਜ ਸਿੰਘ ਭੋਏਵਾਲੀ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪ੍ਰੋ. ਬਲਦੇਵ ਸਿੰਘ ਵੇਰਕਾ, ਸ਼ਮਸ਼ੇਰ ਸਿੰਘ ਹੇਰ, ਆਜ਼ਾਦ ਸੰਘਰਸ਼ ਕਮੇਟੀ ਤੋਂ ਹਰਜੀਤ ਸਿੰਘ ਝੀਤਾ, ਕਿਰਤੀ ਕਿਸਾਨ ਯੂਨੀਅਨ ਤੋਂ ਤਜਿੰਦਰ ਸਿੰਘ ਛੀਨਾ ਆਦਿ ਸਾਥੀ ਵੀ ਹਾਜ਼ਰ ਸਨ। ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਪ੍ਰਬੰਧਾਂ ਦੀ ਦੇਖਭਾਲ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਦੁਆਰਾ ਮੀਟਿੰਗ 7 ਅਕਤੂਬਰ ਨੂੰ ਡੀ. ਸੀ. ਦਫਤਰ ਵਿਚ 11 ਵਜੇ ਹੋਵੇਗੀ।

### ਮਾਮਲਾ ਕੋਟੇ ਦੀਆਂ ਸੀਟਾਂ ਦੀ ਬਹਾਲੀ ਦਾ :

# ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ ਵੱਲੋਂ ਛੇ ਪ੍ਰਾਈਵੇਟ ਸਕੂਲਾਂ ਨੂੰ ਪੱਤਰ ਜਾਰੀ

**ਬਿਆਸ (ਪਰਮਜੀਤ ਸਿੰਘ ਰੱਖੜਾ)**- ਸਿੱਖਿਆ ਵਿਭਾਗ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ ਨੇ ਜ਼ਿਲ੍ਹੇ ਦੇ 6 ਪ੍ਰਾਈਵੇਟ ਸਕੂਲਾਂ ਨੂੰ ਪੱਤਰ ਜਾਰੀ ਕੀਤਾ ਹੈ।ਬੱਚਿਆਂ ਦੇ ਹੱਕਾਂ ਦੀ ਹਮਾਇਤ ਕਰਨ ਵਾਲੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਅਤੇ ਪਟੀਸ਼ਨਰ ਸਤਨਾਮ ਸਿੰਘ ਗਿੱਲ ਨੇ ਪ੍ਰੈੱਸ ਨੂੰ ਦੱਸਿਆ ਕਿ ਨਰਸਰੀ ਤੋਂ ਲੈ ਕੇ ਯੂਕੇ ਜੀ ਤੱਕ ਬੱਚਿਆਂ ਨੂੰ ਕੋਟੇ ਦੀਆਂ ਰਾਖਵੀਆਂ ਸੀਟਾਂ ਤੇ ਮੁਫਤ ਦਾਖਲੇ ਦੇਣ ਲਈ ਪਟੀਸ਼ਨਰ ਤੇ ਸੇਵਾ ਮੁਕਤ ਆਈ. ਏ. ਐੱਸ. ਉਕਾਂਰ ਨਾਥ ਨੇ ਜ਼ਿਲਾ ਅੰਮ੍ਰਿਤਸਰ ਦੇ ਸਿੱਖਿਆ ਅਫਸਰ ਨੂੰ ਲਿਖਿਆ ਸੀ ਕਿ ਆਰਟੀਈ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਜਿਸ ਦੇ ਆਧਾਰ ਤੇ ਜ਼ਿਲ੍ਹਾ ਸਿੱਖਿਆ ਅਫਸਰ ਨੇ 6 ਨਿੱਜੀ ਸਕੂਲਾਂ ਨੂੰ ਲਿਖਿਆ ਹੈ ਕਿ ਨਿਯਮਾਂ ਦੀ ਪਾਲਣਾ ਕਰਦਿਆਂ ਰਾਖਵੀਆਂ ਸੀਟਾਂ ਦੀ ਬਹਾਲੀ ਨੂੰ ਯਕੀਨੀ ਨੂੰ ਬਣਾਉਂਦਿਆਂ ਪਟੀਸ਼ਨਰ ਕਰਤਾ ਨੂੰ ਵੀ ਸਿੱਧੇ ਤੌਰ 'ਤੇ ਸੂਚਿਤ ਕੀਤਾ ਜਾਵੇ।ਸ: ਗਿੱਲ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਡੀਈਓ ਨੇ ਬੱਚਿਆਂ ਦੇ ਪੱਖ 'ਚ ਅਤੇ ਕਨੂੰਨ ਦੇ ਹੱਕ 'ਚ ਫੱਤਵਾ ਦੇ ਕੇ ਬਾਕੀ ਦੇ 23 ਜ਼ਿਲਾ ਸਿੱਖਿਆ ਅਫਸਰਾਂ ਨੂੰ ਸੰਦੇਸ਼ ਦਿੱਤਾ ਹੈ ਕਿ 'ਫਰਜ਼' ਨੂੰ ਪਛਾਣਦਿਆਂ ਐਕਟ ਦੀ ਪਾਲਣਾ ਕਰਕੇ ਰਾਜ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਪੇਰੈਂਟਸ ਮੀਟਿੰਗ ਸਫਲਤਾਪੂਰਵਕ ਸੰਪੰਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਪ੍ਰੀਖਿਆਵਾਂ ਤੋਂ ਬਾਅਦ ਅਧਿਆਪਕ ਮਾਪੇ ਮਿਲਣੀ ਕਰਵਾਈ ਗਈ ਜਿਸ ਵਿੱਚ ਵਿਦਿਆਰਥੀਆਂ ਦੇ ਮਿਡ ਟਰਮ ਦੇ ਨਤੀਜੇ ਐਲਾਨੇ ਗਏ ।ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਅਤੇ ਪੋਸਟ ਮਿਡ ਟਰਮ ਦੇ ਸਿਲੇਬਸ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।ਸਿਲੇਬਸ ਨਾਲ ਸੰਬੰਧਿਤ ਆਉਣ ਵਾਲੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਗਿਆ। ਮਾਪਿਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਹਿੱਸਾ ਲਿਆ ਅਤੇ ਅਧਿਆਪਕਾਂ ਦੁਆਰਾ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਸੁਣਦੇ ਹੋਏ ਦਿਲਚਸਪੀ ਦਿਖਾਈ।ਪ੍ਰਿੰ. ਕਿਰਨ ਕੇਸਰ ਨੇ ਮਾਪਿਆਂ ਦਾ ਸਕੂਲ ਆਉਣ' ਤੇ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਰੁਝੇਵੇਂ ਭਰੀ ਜ਼ਿੰਦਗੀ ਵਿੱਚੋਂ ਕੁਝ ਪਲ ਆਪਣੇ ਬੱਚਿਆਂ ਦੇ ਵਿਕਾਸ ਲਈ ਜ਼ਰੂਰ ਕੱਢਣੇ ਚਾਹੀਦੇ ਹਨ ਅਤੇ ਸਕੂਲ ਦੀ ਹਰ ਮੀਟਿੰਗ ਵਿੱਚ ਜ਼ਰੂਰ ਸ਼ਾਮਿਲ ਹੋਣਾ ਚਾਹੀਦਾ ਹੈ। ਸ਼ੈਰੀ ਕਲਸੀ ਨੇ ਨਗਰ ਸੁਧਾਰ ਟਰੱਸਟ

ਬਟਾਲਾ ਦੀ ਦਹਾਕਿਆਂ ਤੋਂ ਵੀਰਾਨ ਪਈ ਜਗ੍ਹਾ ਨੂੰ ਆਬਾਦ ਕੀਤਾ ਬਟਾਲਾ, (ਡਾ. ਮਲਵਿੰਦਰ ਸਿੰਘ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ



ਨੌਜਵਾਨ ਵਿਧਾਇਕ ਸ਼ੈਰੀ ਕਲਸੀ ਵਲੋਂ ਵਿਕਾਸ ਕਾਰਜਾਂ ਵਿੱਚ ਇੱਕ ਹੋਰ ਨਵਾਂ ਕੀਰਤੀਮਾਨ ਸਥਾਪਿਤ ਕਰਦਿਆਂ ਨਗਰ ਸੁਧਾਰ ਟਰੱਸਟ ਬਟਾਲਾ ਦੀ ਸਕੀਮ ਤਹਿਤ ਵੀਰਾਨ ਪਈ ਜਗ੍ਹਾ ਨੂੰ ਆਬਾਦ ਕੀਤਾ ਗਿਆ ਹੈ।ਸ਼ੈਰੀ ਕਲਸੀ ਨੇ ਕਾਹਨੂੰਵਾਨ ਰੋਡ, ਸਿੰਬਲ ਪੁਲਸ ਚੌਂਕੀ ਨਜ਼ਦੀਕ ਪਾਰਕਿੰਗ ਏਰੀਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ, ਐਕਸੀਅਨ ਬਿਕਰਮ ਸਿੰਘ, ਈ. ਓ. ਅਰਵਿੰਦ ਸ਼ਰਮਾ, ਯੂਥ ਪ੍ਰਧਾਨ ਵੀਨੂੰ ਕਾਹਲੋਂ, ਮਨਜੀਤ ਸਿੰਘ ਬੁਮਰਾਹ, ਐੱਮ. ਸੀ. ਬਲਵਿੰਦਰ ਸਿੰਘ ਮਿੰਟਾ, ਭੁਪਿੰਦਰ ਸਿੰਘ ਤੇ ਮਾਰਕਿਟ ਵਾਲੇ ਵੱਡੀ ਗਿਣਤੀ ਵਿੱਚ ਮੌਜੂਦ ਸਨ।ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਅੰਦਰ ਵਿਕਾਸ ਕਾਰਜ ਜਾਰੀ ਹਨ ਅਤੇ ਦਹਾਕਿਆਂ ਤੋਂ ਵੀਰਾਨ ਪਏ ਇਸ ਸਥਾਨ ਤੇ ਪਾਰਕਿੰਗ ਬਣਾਈ ਜਾਵੇਗੀ, ਜਿਸ ਨਾਸ ਦੁਕਾਨਦਾਰਾਂ ਅਤੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ।ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ।ਚੌਂਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ।ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ।ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ।ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ।ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।

# ਧਾਲੀਵਾਲ ਨੂੰ 'ਪੰਜਾਬ ਦਾ ਪੁੱਤਰ' ਐਵਾਰਡ ਦੇਣ 'ਤੇ ਧੰਨਵਾਦ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਹੜ੍ਹਾਂ ਦੌਰਾਨ ਜੋ ਆਫਤ ਅਜਨਾਲਾ ਹਲਕੇ ਵਿੱਚ ਆਈ ਉਸ ਆਫਤ ਵਿੱਚ ਹਰੇਕ ਪਰਿਵਾਰ ਨਾਲ ਬਗੈਰ ਕਿਸੇ ਸਿਆਸੀ ਵਿਤਕਰੇ ਤੋਂ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਅਜਨਾਲਾ ਦੇ ਮੌਜੂਦਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੂੰ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਅਜਨਾਲਾ ਵੱਲੋਂ ਦੁਸਹਿਰੇ ਦੇ ਮੌਕੇ 'ਤੇ 'ਪੰਜਾਬ ਦੇ ਪੁੱਤਰ' ਹੋਣ ਦਾ ਐਵਾਰਡ ਦੇਣ 'ਤੇ ਅਜਨਾਲਾ ਦੇ ਬਲਾਕ ਪ੍ਰਧਾਨ ਅਤੇ ਟਕਸਾਲੀ ਆਗੂ ਦਵਿੰਦਰ ਸਿੰਘ ਸੋਨੂ ਵੱਲੋਂ ਕਲੱਬ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇੱਕ ਨੇਕ ਦਿਲ ਇਨਸਾਨ ਨੂੰ ਇਹ ਐਵਾਰਡ ਦੇ ਕੇ ਸਨਮਾਨਿਤ ਕੀਤਾ ਅਤੇ ਮੈਂ ਇਸ ਗੱਲ ਦਾ ਵਿਸ਼ਵਾਸ ਵੀ ਦਿਵਾਉਂਦਾ ਹਾਂ ਕਿ ਕੁਲਦੀਪ ਸਿੰਘ ਧਾਲੀਵਾਲ ਅਜਨਾਲੇ ਦੇ ਹਰ ਇਨਸਾਨ ਦੇ ਸੁੱਖ-ਦੁੱਖ ਦੇ ਭਾਈਵਾਲ ਅਤੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣਗੇ ਅਤੇ ਅਜਨਾਲੇ ਦੇ ਰਹਿੰਦੇ ਬਾਕੀ ਵਿਕਾਸ ਕਾਰਜ ਬਹੁਤ ਜਲਦ ਆਪਣੇ ਵਾਅਦੇ ਮੁਤਾਬਕ ਪੂਰੇ ਕਰਨਗੇ। ਉਨ੍ਹਾਂ ਨੇ ਕਿਹਾ ਕਿ ਜ਼ਿਆਦਾਤਰ ਆਪਣੇ ਵਾਅਦੇ ਆਮ ਆਦਮੀ ਪਾਰਟੀ ਸਰਕਾਰ ਨੇ ਅਤੇ ਸਰਦਾਰ ਧਾਲੀਵਾਲ ਨੇ ਪੂਰੇ ਕਰ ਦਿੱਤੇ ਹਨ ਫਿਰ ਵੀ ਜੇ ਕੋਈ ਕੰਮ ਅਧੂਰੇ ਹਨ ਤਾਂ ਉਹ ਵੀ ਆਪਣੇ ਕਾਰਜਕਾਲ ਵਿੱਚ ਪੂਰੇ ਕੀਤੇ ਜਾਣਗੇ।

# ਸਵ: ਬਲਕਾਰ ਸਿੰਘ ਨਾਗ ਨਵੇਂ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ

**ਮਜੀਠਾ (ਸੋਇਮ ਆਨੰਦ)**- ਯੂਥ ਅਕਾਲੀ ਆਗੂ ਜਗਦੀਪ ਸਿੰਘ ਤੇ ਰਣਜੀਤ ਸਿੰਘ ਦੇ ਪਿਤਾ ਸਵ: ਬਲਕਾਰ ਸਿੰਘ ਨਾਗ ਨਵੇਂ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਨਾਗ ਨਵੇਂ ਗੁਰਦੁਆਰਾ ਸਹਿਬ ਵਿਖੇ ਹੋਇਆ ਜਿਸ ਦੌਰਾਨ ਹਜ਼ੂਰੀ



ਰਾਗੀ ਗੁਰਦੁਆਰਾ ਝਾੜ ਸਹਿਬ ਭਾਈ ਮੰਗਤ ਸਿੰਘ ਦੇ ਕੀਰਤਨੀ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ ਤੇ ਸ੍ਰੀ ਹਰਿਮੰਦਰ ਸਹਿਬ ਅੰਮ੍ਰਿਤਸਰ ਦੇ ਹਜ਼ੂਰੀ ਅਰਦਾਸੀਏ ਸਿੰਘ ਵੱਲੋਂ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਗਮ ਹੋਇਆ ਜਿਸ ਵਿੱਚ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਹਲਕਾ ਵਿਧਾਇਕ ਗਨੀਵ ਕੌਰ ਮਜੀਠੀਆ ਵਲੋਂ ਉਨ੍ਹਾਂ ਦੇ ਓਐੱਸਡੀ ਮੇਜਰ ਸ਼ਿਵ ਚਰਨ ਸਿੰਘ, ਮਾਰਕੀਟ ਕਮੇਟੀ ਮਜੀਠਾ ਦੇ ਸਾਬਕਾ ਚੇਅਰਮੈਨ ਬਲਬੀਰ ਸਿੰਘ ਚੰਦੀ, ਜੋਧ ਸਿੰਘ ਸਮਰਾ, ਸਰਬਜੀਤ ਸਿੰਘ ਸੁਪਾਰੀਵਿੰਡ, ਐਡਵੋਕੇਟ ਰਕੇਸ਼ ਪਰਾਸ਼ਰ, ਗਗਨਦੀਪ ਸਿੰਘ ਭਕਨਾ, ਲਖਬੀਰ ਸਿੰਘ ਗਿੱਲ, ਨਗਰ ਕੌਂਸਲ ਮਜੀਠਾ ਦੇ ਪ੍ਰਧਾਨ ਸਲਵੰਤ ਸਿੰਘ ਸੇਠ, ਮਨਪ੍ਰੀਤ ਸਿੰਘ ਉਪਲ ਡੱਡੀਆਂ, ਸਾਬਕਾ ਵਾਇਸ ਪ੍ਰਧਾਨ ਸੁਰਿੰਦਰ ਪਾਲ ਸਿੰਘ ਗੋਕਲ, ਨੰਬਰਦਾਰ ਤਜਿੰਦਰ ਸਿੰਘ ਲਾਟੀ ਮਜੀਠਾ, ਸਾਬਕਾ ਪ੍ਰਧਾਨ ਤਰੁਨ ਕੁਮਾਰ ਅਬਰੋਲ, ਸੀਨੀਅਰ ਮੀਤ ਪ੍ਰਧਾਨ ਪ੍ਰਿੰਸ ਨਈਅਰ, ਅਵਤਾਰ ਸਿੰਘ ਗਿੱਲ, ਸਾਰਜ ਸਿੰਘ ਸੋਨੂੰ ਰਾਇਲ ਵਿਲਾ ਵਾਲੇ, ਜਤਿੰਦਰ ਸਿੰਘ ਸਾਝਾ ਹਮਯਾ, ਬਾਬਾ ਮੋਹਣ ਸਿੰਘ ਬਾਬਾ ਭਾਈ ਸਾਲੋ ਪੰਡੋਰੀ ਵਾਲ, ਮਾਲਕ ਸਿੰਘ ਸਰਪੰਚ, ਜੇ ਈ ਕੁਲਦੀਪ ਸਿੰਘ ਪੰਡੋਰੀ ਤੋਂ ਇਲਾਵਾ ਬਹੁਤ ਸਾਰੇ ਸੱਜਣ ਸਨੇਹੀ ਤੇ ਰਿਸ਼ਤੇਦਾਰ ਸ਼ਾਮਲ ਸਨ।

# ਅਕਾਲ ਅਕੈਡਮੀ ਰਸੂਲਪੁਰ ਬੇਟ ਨੇ ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰੀਆਂ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕਲਗੀਧਰ ਟਰੱਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਰਸੂਲਪੁਰ ਬੇਟ ਵੱਲੋਂ 2024-25 ਸੈਸ਼ਨ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਭਾਗ ਲੈ ਕੇ ਸ਼ਾਨਦਾਰ ਮੱਲਾਂ ਮਾਰੀਆਂ ਹਨ। ਇਹ ਪ੍ਰੀਖਿਆ ਐੱਸ. ਜੀ. ਪੀ. ਸੀ. ਵੱਲੋਂ ਵੱਖ-ਵੱਖ ਸਕੂਲਾਂ ਵਿੱਚ ਸਿੱਖ ਧਰਮ ਤੇ ਇਤਿਹਾਸ ਪ੍ਰਤੀ ਰੁਚੀ ਵਧਾਉਣ ਲਈ ਕਰਵਾਈ ਜਾਂਦੀ ਹੈ। ਇਸ ਸੰਬੰਧੀ ਅਕੈਡਮੀ ਦੇ ਪ੍ਰਿੰਸੀਪਲ ਅਮਨਦੀਪ ਕੌਰ ਭੰਗੂ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਅਕਾਲ ਅਕੈਡਮੀ ਰਸੂਲਪੁਰ ਬੇਟ ਦੇ ਲਗਭਗ 60 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਦਰਜਾ ਪਹਿਲਾ ਦੇ 50 ਅਤੇ ਦਰਜਾ ਦੂਜਾ ਦੇ 10 ਬੱਚੇ ਸ਼ਾਮਿਲ ਸਨ। ਪ੍ਰੀਖਿਆ ਦੇ ਨਤੀਜਿਆਂ ਅਨੁਸਾਰ ਅਕੈਡਮੀ ਦੀਆਂ ਤਿੰਨ ਵਿਦਿਆਰਥਣਾਂ ਪਲਵਿੰਦਰ ਕੌਰ, ਪਰਨੀਤ ਕੌਰ ਅਤੇ ਗੁਰਸ਼ਰਨ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕਾਲਰਸ਼ਿਪ ਹਾਸਿਲ ਕੀਤੀ। ਇਨ੍ਹਾਂ ਤੋਂ ਇਲਾਵਾ 10 ਹੋਰ ਵਿਦਿਆਰਥੀਆਂ ਨੇ ਸੁਨਹਿਰੀ ਤਗਮੇ (ਗੋਲਡ ਮੈਡਲ) ਜਿੱਤੇ। ਬਾਕੀ ਸਾਰੇ ਵਿਦਿਆਰਥੀਆਂ ਨੇ ਵੀ ਚੰਗੇ ਨੰਬਰ ਹਾਸਿਲ ਕਰਕੇ ਐੱਸ. ਜੀ. ਪੀ. ਸੀ. ਵੱਲੋਂ ਸਰਟੀਫਿਕੇਟ ਪ੍ਰਾਪਤ ਕੀਤੇ। ਪ੍ਰਿੰਸੀਪਲ ਅਮਨਦੀਪ ਕੌਰ ਭੰਗੂ ਨੇ ਇਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੀ ਸਫਲਤਾ 'ਤੇ ਵਧਾਈ ਦਿੱਤੀ ਅਤੇ ਅਗਲੇ ਸੈਸ਼ਨ ਦੀ ਪ੍ਰੀਖਿਆ ਵਿੱਚ ਹੋਰ ਮਿਹਨਤ ਅਤੇ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦਸਤਾਵੇਜ਼ੀ ਫਿਲਮ ਰਿਲੀਜ਼

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਵਿਖੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬਿਲਾਸ ਫਾਊਂਡੇਸ਼ਨ ਵੱਲੋਂ ਤਿਆਰ ਕੀਤੀ ਵਿਸ਼ੇਸ਼ ਡਾਕੂਮੈਂਟਰੀ ਰਿਲੀਜ਼ ਕੀਤੀ। ਇਸ ਮੌਕੇ ਬਿਲਾਸ ਫਾਊਂਡੇਸ਼ਨ ਦੇ ਡਾਇਰੈਕਟਰ ਡਾ. ਟੀ. ਪੀ. ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਦਸਤਾਵੇਜ਼ੀ ਫਿਲਮ ਦਾ ਮੁੱਖ ਉਦੇਸ਼ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਰਵਉਚ ਬਲੀਦਾਨ, ਨਿਆਂ, ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਕੇ ਨੌਜਵਾਨ ਪੀੜ੍ਹੀ ਨੂੰ ਸਿੱਖਿਅਤ ਅਤੇ ਪ੍ਰੇਰਿਤ ਕਰਨਾ ਹੈ।ਇਸ ਮੌਕੇ ਡਾ. ਅਮਨਪ੍ਰੀਤ ਕੌਰ (ਸਹਾਇਕ ਪ੍ਰੋਫੈਸਰ, ਚਿਤਕਾਰਾ ਯੂਨੀਵਰਸਿਟੀ, ਪੰਜਾਬ) ਨੇ ਦਰਸ਼ਕਾਂ ਨਾਲ ਗੱਲਬਾਤ ਕੀਤੀ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਨੌਜਵਾਨ ਪੀੜ੍ਹੀ ਨੂੰ ਇਤਿਹਾਸਕ ਤੱਥਾਂ ਤੋਂ ਜਾਣੂ ਕਰਵਾਉਣਾ ਪਵੇਗਾ ਅਤੇ



ਦਿੱਤੀਆਂ ਗਈਆਂ ਕੁਰਬਾਨੀਆਂ ਅੱਜ ਵੀ ਓਨੀਆਂ ਹੀ ਢੁੱਕਵੀਆਂ ਹਨ।ਇਹ ਛੋਟੀ ਦਸਤਾਵੇਜ਼ੀ ਸਾਰੇ ਜਨਤਕ ਅਤੇ ਸਮਾਜਿਕ ਪਲੇਟਫਾਰਮਾਂ ਤੇ ਉਪਲਬਧ ਕਰਵਾਈ ਗਈ ਹੈ ਤਾਂ ਜੋ ਵਿਆਪਕ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ।ਇਸ ਤੋਂ ਇਲਾਵਾ ਡਾ. ਟੀ. ਪੀ. ਸਿੰਘ ਨੇ ਇਤਿਹਾਸਕ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿੱਚ, ਦਸਤਾਵੇਜ਼ੀ ਦੇ ਸਕੈਨੇਰ ਲਿੰਕ ਨਾਲ ਜੁੜੇ ਵਿਸ਼ੇਸ਼ ਤੌਰ 'ਤੇ ਅਨੁਕੂਲਿਤ ਕੀ-ਰਿੰਗਾਂ ਨੂੰ ਜਾਰੀ ਕਰਨ ਦਾ ਐਲਾਨ ਕੀਤਾ।ਡਾ. ਨਿੱਝਰ ਨੇ ਸਿੱਖ ਇਤਿਹਾਸ ਨੂੰ ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਹਿੰਮਤ, ਕੁਰਬਾਨੀ ਅਤੇ ਧਾਰਮਿਕਤਾ ਦੇ ਮੂਲ ਮੁੱਲਾਂ ਨੂੰ ਪੈਦਾ ਕਰਨ ਵੱਲ ਚੁੱਕੇ ਇਸ ਕਦਮ ਦੀ ਸ਼ਲਾਘਾ ਕੀਤੀ।ਇਸ ਮੌਕੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਨੀਕ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀਸ਼ਨਲ ਆਨਰੇਰੀ ਸਕੱਤਰ ਹਰਿੰਦਰਪਾਲ ਸਿੰਘ ਚੁੱਘ, ਡਾ. ਆਤਮਬੀਰ ਸਿੰਘ ਬੱਤਰਾ, ਆਦਰਸ਼ਪਿੰਦਰ ਸਿੰਘ ਮਾਨ ਤੇ ਹੋਰ ਅਹੁਦੇਦਾਰ ਹਾਜ਼ਰ ਸਨ ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਨਵਜੋਤ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਕਿਹਾ ਕਿ ਇਹ ਡਾਕੂਮੈਂਟਰੀ ਸਿਰਫ਼ ਇਤਿਹਾਸ ਦੀ ਪ੍ਰਸਤੁਤੀ ਨਹੀਂ, ਸਗੋਂ ਨੌਜਵਾਨ ਪੀੜ੍ਹੀ ਲਈ ਇਕ ਸੰਦੇਸ਼ ਹੈ। ਇਸ ਮੌਕੇ ਆਨਰੇਰੀ ਸਕੱਤਰ ਰਵਿੰਦਰ ਸਿੰਘ, ਮਨਜੀਤ ਸਿੰਘ ਢਿਲੋਂ, ਕੁਲਦੀਪ ਸਿੰਘ ਕੁਹਾੜਕਾ, ਬਲਦੇਵ ਸਿੰਘ, ਸਤਵਿੰਦਰ ਸਿੰਘ, ਤਜਿੰਦਰਪਾਲ ਸਿੰਘ, ਪ੍ਰੇਮ ਸਿੰਘ ਤੇ ਸਕੂਲ ਦੇ ਪ੍ਰਿੰ. ਸਤਵੰਤ ਸਿੰਘ ਬੈਂਸ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਕਟਾਰੂਚੱਕ ਨੇ ਨਰੋਟ ਮਹਿਰਾ ਪੁਲੀ 'ਤੇ ਹੰਗਰੀ ਪੁਆਇੰਟ ਦਾ ਕੀਤਾ ਉਦਘਾਟਨ

**ਪਠਾਨਕੋਟ (ਦਵਿੰਦਰ ਸਿੰਘ)**- ਸਰਨਾ ਵਿਖੇ ਨਰੋਟ ਮਹਿਰਾ ਪੁਲੀ ਦੇ ਨਜ਼ਦੀਕ ਹੰਗਰੀ ਪੁਆਇੰਟ ਫੂਡ ਜੰਕਸ਼ਨ ਦਾ ਉਦਘਾਟਨ ਕੀਤਾ ਗਿਆ। ਜ਼ਿਕਰਯੋਗ ਹੈ



ਕਿ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਹੰਗਰੀ ਪੁਆਇੰਟ ਦੇ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਰੀਬਨ ਕੱਟ ਕੇ ਫੂਡ ਜੰਕਸ਼ਨ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਖੁਸ਼ਬੀਰ ਕਾਟਲ ਅਤੇ ਹੋਰ ਵੀ ਹਾਜ਼ਰ ਸਨ।ਜਾਣਕਾਰੀ ਦਿੰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਸਰਨਾ ਵਿਖੇ ਨਰੋਟ ਮਹਿਰਾ ਪੁਲੀ 'ਤੇ ਫੂਡ ਜੰਕਸ਼ਨ ਹੰਗਰੀ ਪੁਆਇੰਟ ਦਾ ਸ਼ੁਭ ਆਰੰਭ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਰਨਾ ਵਿਖੇ ਅਜਿਹੇ ਫੂਡ ਜੰਕਸ਼ਨ ਦਾ ਖੁੱਲ੍ਹਣਾ ਇਸ ਖੇਤਰ ਦੀ ਹੋਰ ਵੀ ਸ਼ੋਭਾ ਵਧਾਵੇਗਾ। ਉਨ੍ਹਾਂ ਕਿਹਾ ਕਿ ਉਹ ਫੂਡ ਜੰਕਸ਼ਨ ਦੇ ਮਾਲਕ ਨੂੰ ਸ਼ੁਭਕਾਮਨਾਵਾਂ ਦਿੰਦੇ ਹਨ ਅਤੇ ਆਸ ਕਰਦੇ ਹਨ ਕਿ ਲੋਕਾਂ ਦੇ ਖਾਣ ਪੀਣ ਦੀਆਂ ਵਸਤੂਆਂ ਤਿਆਰ ਕਰਨ ਵਿੱਚ ਸ਼ੁੱਧਦਾ ਅਤੇ ਗੁਣਵੱਤਾ ਦਾ ਧਿਆਨ ਰੱਖਿਆ ਜਾਵੇਗਾ।

# ਵਿਧਾਨ ਸਭਾ ਹਲਕਾ ਭੋਆ ਅੰਦਰ ਸੜਕਾਂ ਦੇ ਚਲ ਰਹੇ ਵਿਕਾਸ ਕਾਰਜਾਂ ਦਾ ਕਟਾਰੂਚੱਕ ਨੇ ਲਿਆ ਜਾਇਜ਼ਾ

**ਪਠਾਨਕੋਟ (ਦਵਿੰਦਰ ਸਿੰਘ)**- ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਦੀਨਾਨਗਰ ਤੋਂ ਘਰੋਟਾ ਰੋਡ ਦੇ ਚਲ ਰਹੇ ਨਿਰਮਾਣ ਕਾਰਜ ਦਾ ਨਿਰੀਖਣ ਕੀਤਾ।ਇਸ ਮੌਕੇ ਉਨ੍ਹਾਂ ਨਾਲ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਖੁਸ਼ਬੀਰ ਕਾਟਲ ਅਤੇ ਹੋਰ ਵੀ ਹਾਜ਼ਰ ਸਨ।ਕਟਾਰੂਚੱਕ




ਨੇ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਘਰੋਟਾ ਤੋਂ ਦੀਨਾਨਗਰ, ਤਾਰਾਗੜ੍ਹ ਤੋਂ ਧੋਬੜਾ ਅਤੇ ਸ਼ੇਰਪੁਰ ਤੋਂ ਪੰਜੋਰ ਤੱਕ ਚਲ ਰਹੇ ਰੋਡ ਦੇ ਨਿਰਮਾਣ ਕਾਰਜਾਂ ਦਾ ਨਿਰੀਖਣ ਕੀਤਾ ।ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਦੀਨਾਨਗਰ ਤੋਂ ਘਰੋਟਾ ਮਾਰਗ ਦੇ ਨਿਰਮਾਣ ਲਈ 9 ਕਰੋੜ 65 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਇਹ ਸੜਕ ਕਰੀਬ 11-12 ਕਿਲੋਮੀਟਰ ਹੈ। ਇਹ ਮਾਰਗ ਸ਼ਹੀਦ ਗੁਰਬਚਨ ਸਿੰਘ ਸਲਾਰੀਆ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਬਾਲੀਵੁੱਡ ਦੇ ਮਹਾਨ ਸਟਾਰ ਦੇਵ ਅਨੰਦ ਦੇ ਜੱਦੀ ਪਿੰਡ ਘਰੋਟਾ ਨੂੰ ਵੀ ਇਹ ਮਾਰਗ ਮੁੱਖ ਮਾਰਗ ਨਾਲ ਜੋੜਦਾ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਦੋਂ ਮਹਾਨ ਸ਼ਖਸੀਅਤਾਂ ਨਾਲ ਜੁੜਿਆ ਹੋਇਆ ਇਹ ਮਾਰਗ।ਉਨ੍ਹਾਂ ਕਿਹਾ ਕਿ ਇਸ ਮਾਰਗ ਤੇ ਉਨ੍ਹਾਂ ਵੱਲੋਂ ਪਿੰਡ ਜੰਗਲਾ ਭਵਾਨੀ ਦੇ ਨਜ਼ਦੀਕ ਕੀਤੇ ਜਾ ਰਹੇ ਰੋਡ ਦੇ ਨਿਰਮਾਣ ਕਾਰਜਾਂ ਦਾ ਨਿਰੀਖਣ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਨ੍ਹਾਂ ਮਾਰਗਾਂ ਦੇ ਨਿਰਮਾਣ ਕਾਰਜਾਂ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ।ਉਨ੍ਹਾਂ ਇਸ ਮੌਕੇ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਜਲਦੀ ਹੀ ਰੋਡ ਦਾ ਕਾਰਜ ਮੁਕੰਮਲ ਕੀਤਾ ਜਾਵੇ ਅਤੇ ਸੜਕ ਦੇ ਨਿਰਮਾਣ ਕਾਰਜ ਵਿੱਚ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

# ਵਾਰਡ ਨੰਬਰ 30 'ਚ ਮਲਾਵੇ ਦੀ ਕੋਠੀ ਵਿਖੇ ਸਟਰੀਟ ਲਾਈਟਾਂ ਲਾਉਣ ਦਾ ਕੰਮ ਸ਼ੁਰੂ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸ਼ਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਖਾਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਵਾਰਡ ਵਾਸੀਆਂ ਦੀ ਮੌਜੂਦਗੀ ਵਿੱਚ ਵਾਰਡ



ਨੰਬਰ 30, ਮਲਾਵੇ ਦੀ ਕੋਠੀ ਵਿਖੇ ਸਟਰੀਟ ਲਾਈਟਾਂ ਲਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ।ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ।ਸ਼ਹਿਰ ਅੰਦਰ ਚੌਂਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ।ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ।ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ।ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ।ਲੋਕਾਂ ਨੂੰ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਪੁੱਜਦਾ ਕਰਨ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ।ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਕੇਂਦਰ ਬਟਾਲਾ ਵਿਖੇ ਸ਼ਿਵ ਬਟਾਲਵੀ ਦਾ ਆਦਮ ਕੱਦ ਬੁੱਤ ਲਗਾਇਆ ਗਿਆ ਹੈ। ਸ਼ਹਿਰ ਅੰਦਰ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।ਇਸ ਮੌਕੇ ਵਾਰਡ ਵਾਸੀਆਂ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਜ਼ਿਕਰਯੋਗ ਉਪਰਾਲੇ ਕੀਤੇ ਗਏ ਹਨ ਲੋਕਾਂ ਨੂੰ ਲਗਾਤਾਰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ।

# ਖ਼ਾਲਸਾ ਕਾਲਜ ਦੇ ਜੈਂਡਰ ਚੈਂਪੀਅਨ ਕਲੱਬ ਵੱਲੋਂ ਲਿੰਗ ਸਮਾਨਤਾ 'ਤੇ ਨੁੱਕੜ ਨਾਟਕ ਪੇਸ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਦੇ ਜੈਂਡਰ ਚੈਂਪੀਅਨ ਕਲੱਬ ਵੱਲੋਂ ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਲਿੰਗ ਸਮਾਨਤਾ ਦੇ ਵਿਸ਼ੇ 'ਤੇ ਨੁੱਕੜ ਨਾਟਕ ਪੇਸ਼ ਕੀਤਾ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਉਕਤ ਨਾਟਕ ਨੋਡਲ ਅਫਸਰ ਡਾ. ਰਜਿੰਦਰਪਾਲ ਕੌਰ ਅਤੇ ਪ੍ਰੋ. ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਅਧਿਆਪਕ ਸਿਖਲਾਈ ਸੈਮੀਨਾਰਾਂ ਦੇ ਤਹਿਤ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਵਿਦਿਆਰਥੀਆਂ ਨੇ ਸ਼ਕਤੀਸ਼ਾਲੀ ਸੰਵਾਦ ਅਤੇ ਅਸਲ ਜੀਵਨ ਦੀਆਂ ਸਥਿਤੀਆਂ ਰਾਹੀਂ ਲਿੰਗ ਰੂੜੀਵਾਦੀ ਧਾਰਨਾਵਾਂ ਨੂੰ ਤੋੜਨ ਦੀ ਜ਼ਰੂਰਤ ਨੂੰ ਉਜਾਗਰ ਕੀਤਾ।ਇਸ ਦੌਰਾਨ ਦਰਸ਼ਕਾਂ ਨੇ ਅਜਿਹੇ ਮਹੱਤਵਪੂਰਨ ਸਮਾਜਿਕ ਮੁੱਦੇ 'ਤੇ ਜਾਗਰੂਕਤਾ ਫੈਲਾਉਣ ਲਈ ਜੈਂਡਰ ਚੈਂਪੀਅਨ ਕਲੱਬ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਰਜਿੰਦਰਪਾਲ ਕੌਰ ਨੇ ਕਿਹਾ ਕਿ ਅਧਿਆਪਕਾਂ ਨੂੰ ਲਿੰਗ ਸਮਾਨਤਾ ਸਬੰਧੀ ਸੰਵੇਦਨਸ਼ੀਲ ਬਣਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ



ਉਹ ਨੌਜਵਾਨ ਮਨਾਂ ਨੂੰ ਆਕਾਰ ਦੇਣ 'ਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਉਨ੍ਹਾਂ ਥੀਏਟਰ ਵਿਭਾਗ ਦੇ ਅਧਿਆਪਕ ਪ੍ਰੋ. ਵਿਸ਼ਾਲ ਸ਼ਰਮਾ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਪ੍ਰਦਰਸ਼ਨ ਸਬੰਧੀ ਸਿਖਲਾਈ ਦਿੱਤੀ ਅਤੇ ਤਿਆਰ ਕੀਤਾ।

ਨਵਾਂ ਜ਼ਮਾਨਾ
ਸੋਮਵਾਰ, 6 ਅਕਤੂਬਰ 2025

# ਸ਼ਰਾਰਤੀ ਮੀਡੀਆ

ਨਿਊਜ਼ ਚੈਨਲਾਂ ਨੂੰ ਮਰਿਆਦਾ ਦੀ ਉਲੰਘਣਾ ਤੋਂ ਰੋਕਣ ਲਈ ਬਣੀ ਨਿਊਜ਼ ਬ੍ਰਾਡਕਾਸਟਿੰਗ ਐਂਡ ਡਿਜੀਟਲ ਸਟੈਂਡਰਡਜ਼ ਅਥਾਰਟੀ (ਐੱਨ ਬੀ ਡੀ ਐੱਸ ਏ) ਨੇ 'ਜ਼ੀ ਨਿਊਜ਼' ਤੇ 'ਟਾਈਮਜ਼ ਨਾਓ ਨਵਭਾਰਤ' ਨੂੰ 'ਮਹਿੰਦੀ ਜਿਹਾਦ' ਤੇ 'ਲਵ ਜਿਹਾਦ' ਵਰਗੇ ਮੁੱਦਿਆਂ 'ਤੇ ਗੁੰਮਰਾਹਕੁੰਨ ਤੇ ਫਿਰਕੂ ਜਨੂੰਨ ਫੈਲਾਉਣ ਵਾਲੇ ਵੀਡੀਓ ਚਲਾਉਣ ਲਈ ਸਖਤ ਫਟਕਾਰ ਲਾਈ ਹੈ। ਅਥਾਰਟੀ ਦੇ ਚੇਅਰਮੈਨ ਜਸਟਿਸ (ਰਿਟਾਇਰਡ) ਐੱਸ ਕੇ ਸੀਕਰੀ ਦੀ ਕਮੇਟੀ ਨੇ ਦੋਵਾਂ ਚੈਨਲਾਂ ਨੂੰ ਇਖਲਾਕੀ ਜ਼ਾਬਤੇ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਹੈ। ਸਮਾਜੀ ਕਾਰਕੁਨ ਇੰਦਰਜੀਤ ਘੋਰਪੜੇ ਨੇ ਅਕਤੂਬਰ 2024 ਵਿੱਚ ਸ਼ਿਕਾਇਤ ਦਰਜ ਕਰਾਈ ਸੀ ਕਿ ਇਨ੍ਹਾਂ ਚੈਨਲਾਂ ਨੇ ਬਿਨਾਂ ਤੱਥਾਂ ਦੀ ਜਾਂਚ ਦੇ ਫਿਰਕੂ ਪ੍ਰਚਾਰ ਕੀਤਾ। ਅਥਾਰਟੀ ਨੇ ਗੈਰ-ਕਾਨੂੰਨੀ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਅਦਾਲਤ ਦੇ ਫੈਸਲੇ ਦੀ ਰਿਪੋਰਟਿੰਗ ਕਰਦੇ ਸਮੇਂ 'ਲਵ ਜਿਹਾਦ' ਉੱਤੇ ਕੁਝ ਅਜਿਹੇ ਟਿਕਰਾਂ ਦਾ ਇਸਤੇਮਾਲ ਕਰਨ ਲਈ 'ਟਾਈਮਜ਼ ਨਾਓ' ਦੀ ਅਲੋਚਨਾ ਕਰਦਿਆਂ ਕਿਹਾ ਕਿ ਇਸ ਨੇ ਟਿਕਰ 'ਚ ਕੁਝ ਅਜਿਹੇ ਤੱਤ ਸ਼ਾਮਲ ਕੀਤੇ, ਜਿਹੜੇ ਫੈਸਲੇ ਦਾ ਹਿੱਸਾ ਨਹੀਂ ਸਨ। ਸ਼ਿਕਾਇਤਕਰਤਾ ਨੇ 'ਜ਼ੀ ਨਿਊਜ਼' ਦੇ ਚਾਰ ਪ੍ਰੋਗਰਾਮਾਂ ਬਾਰੇ ਸ਼ਿਕਾਇਤ ਕੀਤੀ ਸੀ, ਜਿਹੜੇ 'ਮਹਿੰਦੀ ਜਿਹਾਦ' ਦੇ ਵਿਚਾਰ ਦਾ ਪ੍ਰਚਾਰ ਕਰਦੇ ਸਨ। ਇਨ੍ਹਾਂ ਪ੍ਰਸਾਰਨਾਂ ਵਿੱਚ ਦੋਸ਼ ਲਾਇਆ ਗਿਆ ਕਿ ਮੁਸਲਮਾਨ ਮਹਿੰਦੀ ਕਲਾਕਾਰ ਹਿੰਦੂ ਮਹਿਲਾਵਾਂ ਦੇ ਮਹਿੰਦੀ ਲਾਉਣ ਤੋਂ ਪਹਿਲਾਂ ਉਸ ਵਿੱਚ ਥੁੱਕਦੇ ਹਨ ਅਤੇ ਮੁਸਲਮ ਮਰਦ ਮਹਿੰਦੀ ਕਲਾਕਾਰ ਵਜੋਂ ਕੰਮ ਕਰਕੇ ਹਿੰਦੂ ਮਹਿਲਾਵਾਂ ਦੇ ਫੋਨ ਨੰਬਰ ਹਾਸਲ ਕਰਦੇ ਹਨ, ਜਿਨ੍ਹਾਂ ਦਾ ਗੁਪਤ ਉਦੇਸ਼ ਉਨ੍ਹਾਂ ਨਾਲ ਵਿਆਹ ਕਰਾਉਣ ਲਈ ਉਨ੍ਹਾਂ ਦਾ ਧਰਮ ਪਰਿਵਰਤਨ ਕਰਾਉਣਾ ਹੁੰਦਾ ਹੈ। ਇਨ੍ਹਾਂ ਪ੍ਰਸਾਰਨਾਂ ਵਿੱਚ ਕੁਝ ਗਰੁੱਪਾਂ ਵੱਲੋਂ ਲਾਏ ਗਏ ਹਿੰਸਕ ਨਾਅਰਿਆਂ ਤੇ ਮੁਸਲਮ ਮਹਿੰਦੀ ਕਲਾਕਾਰਾਂ ਦੇ ਬਾਈਕਾਟ ਦੇ ਸੱਦੇ ਨੂੰ ਵੀ ਬੜ੍ਹਾਵਾ ਦਿੱਤਾ ਗਿਆ। ਇਨ੍ਹਾਂ ਪ੍ਰਸਾਰਨਾਂ ਵਿੱਚ ਇਹ ਲਾਈਨਾਂ ਚਲਾਈਆਂ ਗਈਆਂ : 'ਮਹਿੰਦੀ ਜਿਹਾਦ ਪਰ ਦੇ ਦਨਾ-ਦਨ', 'ਆਵੇਦਨ ਨਿਵੇਦਨ ਨਹੀਂ ਮਾਨੇ ਤੋ ਦੇ ਦਨਾ-ਦਨ', 'ਮਹਿੰਦੀ ਜਿਹਾਦ ਕੇ ਖਿਲਾਫ ਲੱਠ ਮਾਡਲ ਲਾਂਚ' ਅਤੇ 'ਪਕੜਨੇ ਪਰ ਸਬਕ ਸਿਖਾਇਆ ਜਾਏਗਾ'। 'ਜ਼ੀ ਨਿਊਜ਼' ਨੇ ਅਥਾਰਟੀ ਅੱਗੇ ਦਲੀਲ ਦਿੱਤੀ ਕਿ ਉਸ ਨੇ ਤਾਂ ਸਿਰਫ ਜਥੇਬੰਦੀਆਂ ਦੇ ਬਿਆਨਾਂ ਦੀ ਰਿਪੋਰਟਿੰਗ ਕੀਤੀ। ਅਥਾਰਟੀ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਪੇਸ਼ਕਾਰੀ ਅਜਿਹੀ ਸੀ ਕਿ ਜਿਵੇਂ ਚੈਨਲ ਖੁਦ ਉਨ੍ਹਾਂ ਜਥੇਬੰਦੀਆਂ ਦੇ ਦਾਅਵਿਆਂ ਦੀ ਹਮਾਇਤ ਕਰ ਰਿਹਾ ਹੋਵੇ। ਉਸ ਨੇ ਟਿਕਰਾਂ ਨੂੰ ਚਲਾਉਣ ਵੇਲੇ ਸਪੱਸ਼ਟ ਨਹੀਂ ਕੀਤਾ ਕਿ ਇਹ ਕਿਸੇ ਤੀਜੀ ਧਿਰ ਵੱਲੋਂ ਦਿੱਤੇ ਗਏ ਬਿਆਨ ਹਨ। ਨਾ ਹੀ ਇਹ ਕਿਹਾ ਕਿ ਉਹ ਇਨ੍ਹਾਂ ਵਿਚਾਰਾਂ ਦਾ ਸਮਰਥਨ ਨਹੀਂ ਕਰਦਾ।

ਅਥਾਰਟੀ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਹਾਲਾਂਕਿ ਉਹ ਚੈਨਲਾਂ ਦੇ ਸੰਪਾਦਕੀ ਵਿਵੇਕਾਧਿਕਾਰ 'ਤੇ ਟਿੱਪਣੀ ਨਹੀਂ ਕਰਨਾ ਚਾਹੁੰਦੀ, ਕਿਉਂਕਿ ਇਹ ਪ੍ਰਗਟਾਵੇ ਦੀ ਆਜ਼ਾਦੀ ਤਹਿਤ ਆਉਂਦਾ ਹੈ, ਫਿਰ ਵੀ ਮੀਡੀਆ ਨੂੰ ਚੌਥੇ ਥੰਮ੍ਹ ਦੇ ਰੂਪ ਵਿੱਚ ਸਰਵਜਨਕ ਸੰਵਾਦ ਨੂੰ ਆਕਾਰ ਦੇਣ 'ਚ ਉਸ ਦੀ ਭੂਮਿਕਾ ਚੇਤੇ ਕਰਾਉਣੀ ਜ਼ਰੂਰੀ ਹੈ। ਸੰਭਾਵਤ ਸੰਵੇਦਨਸ਼ੀਲ ਮੁੱਦਿਆਂ ਨਾਲ ਨਜਿੱਠਦਿਆਂ ਪ੍ਰਸਾਰਕਾਂ ਨੂੰ ਪੱਤਰਕਾਰੀ ਦੀ ਮਰਿਆਦਾ ਦਾ ਖਿਆਲ ਰੱਖਦਿਆਂ ਪੂਰੀ ਜਾਂਚ-ਪਰਖ ਕਰਨੀ ਚਾਹੀਦੀ ਹੈ।

ਅਥਾਰਟੀ ਕੋਲ ਅਜਿਹੀਆਂ ਕਈ ਸ਼ਿਕਾਇਤਾਂ ਪੁੱਜਦੀਆਂ ਹਨ, ਜਿਨ੍ਹਾਂ 'ਚ ਚੈਨਲਾਂ ਵੱਲੋਂ ਫਿਰਕੂ ਤੇ ਗੁੰਮਰਾਹਕੁੰਨ ਪ੍ਰਚਾਰ ਵੱਲ ਧਿਆਨ ਦਿਵਾਇਆ ਜਾਂਦਾ ਹੈ। ਅਥਾਰਟੀ ਆਮ ਤੌਰ 'ਤੇ ਫਟਕਾਰ ਲਾ ਕੇ ਹੀ ਮਾਮਲਾ ਨਿਬੇੜ ਦਿੰਦੀ ਹੈ। ਜਦੋਂ ਤੱਕ ਉਹ ਚੈਨਲ ਦਾ ਪ੍ਰਸਾਰਨ ਕੁਝ ਹਫਤਿਆਂ ਜਾਂ ਮਹੀਨਿਆਂ ਤੱਕ ਰੋਕਣ ਵਰਗੇ ਹੁਕਮ ਨਹੀਂ ਦਿੰਦੀ, ਇਸ ਬਿਮਾਰੀ ਨੂੰ ਠੱਲ੍ਹ ਨਹੀਂ ਪੈਣੀ।

# ਏਕ ਨੂਰ ਤੇ ਸਭ ਜਗ ਉਪਜਿਆ...

ਪਿਛਲੇ ਦਿਨੀਂ ਸੋਸ਼ਲ ਮੀਡੀਆ ਰਾਹੀਂ ਅਮਨ, ਸ਼ਾਂਤੀ ਨਾਲ ਵਸਦੇ-ਰਸਦੇ ਪੰਜਾਬ ਦੇ ਲੋਕਾਂ ਨੂੰ ਭੜਕਾਉਣ ਲਈ ਫਿਰਕਾਪ੍ਰਸਤੀ ਤੇ ਜਾਤੀਵਾਦ ਦੀਆਂ ਘਟਨਾਵਾਂ ਨੂੰ ਉਭਾਰਿਆ ਗਿਆ। ਪਹਿਲੀ ਗੱਲ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੌਮੀ ਆਗੂ ਮੈਂਬਰ ਪਾਰਲੀਮੈਂਟ ਰਾਹੁਲ ਗਾਂਧੀ ਪੰਜਾਬ ਹੜ੍ਹ ਪੀੜਤ ਪਰਵਾਰਾਂ ਨੂੰ ਮਿਲਣ ਲਈ ਆਏ ਸਨ। ਉਹ ਆਪਣੀ ਸ਼ਰਧਾ-ਭਾਵਨਾ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨੱਤਮਸਤਕ ਹੋਣ ਲਈ ਗੁਰਦਵਾਰਾ ਸਾਹਿਬ ਰਮਦਾਸ ਵਿਖੇ ਮੱਥਾ ਟੇਕਣ ਲਈ ਆਏ। ਉਨ੍ਹਾਂ ਦੇ ਨਤਮਸਤਕ ਹੋਣ ਤੋਂ ਬਾਅਦ ਹੈੱਡ ਗ੍ਰੰਥੀ ਵੱਲੋਂ ਉਨ੍ਹਾਂ ਦਾ ਮਾਣ-ਸਨਮਾਨ ਕਰਨ ਲਈ ਉਨ੍ਹਾਂ ਨੂੰ ਸਿਰੋਪਾਓ ਪਾਇਆ ਗਿਆ। ਇਸ ਘਟਨਾ ਦਾ ਵਿਦੇਸ਼ੀ ਏਜੰਸੀਆਂ ਦੇ ਇਸ਼ਾਰਿਆਂ 'ਤੇ ਚਲਦੇ ਕੁੱਝ ਫੁੱਟ ਪਾਊ ਤੇ ਫਿਰਕਾਪ੍ਰਸਤੀ ਲੋਕਾਂ ਵੱਲੋਂ ਖੰਡਨ ਕੀਤਾ ਗਿਆ। ਪਿਛਲੇ ਦਿਨੀਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਪਿੰਡ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਨੇ ਇੱਕ ਨਾਬਾਲਗ ਬੱਚੇ ਨਾਲ਼ ਬਦਫੈਲੀ ਕਰਨ ਤੋਂ ਬਾਅਦ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਜੋ ਕਿ ਬਹੁਤ ਹੀ ਸ਼ਰਮਨਾਕ ਤੇ ਨਿੰਦਣਯੋਗ ਘਟਨਾ ਵਾਪਰੀ ਹੈ, ਪਰ ਪੰਜਾਬ ਦੇ ਲੋਕਾਂ ਨੇ ਇਸ ਘਟਨਾ ਦੇ ਦੋਸ਼ੀ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਤਾਂ ਕੀ ਕਰਨੀ ਸੀ, ਸਗੋਂ ਪੰਜਾਬ ਦੇ ਕੁੱਝ ਸ਼ਰਾਰਤੀ ਤੇ ਫੁੱਟਪਾਊ ਲੋਕਾਂ ਨੇ ਆਰ ਐੱਸ ਐੱਸ ਤੇ ਜਾਤੀਵਾਦ ਦੀ ਫਿਰਕਾਪ੍ਰਸਤੀ ਫੈਲਾਉਣ ਲਈ ਇੱਕ ਚਿਣਗ ਨੂੰ ਭਾਂਬੜ ਬਣਾ ਦਿੱਤਾ ਗਿਆ। ਇਹ ਭਾਂਬੜ ਪੰਜਾਬ ਦੇ ਕੋਨੇ-ਕੋਨੇ 'ਤੇ ਜੰਗਲ ਦੀ ਅੱਗ ਵਾਂਗ ਫੈਲ ਗਿਆ। ਪੰਜਾਬ ਦੇ ਕਸਬਿਆਂ, ਛੋਟੇ-ਵੱਡੇ ਸ਼ਹਿਰਾਂ ਵਿੱਚ ਇਹ ਫਿਰਕੂ ਤੇ ਫੁੱਟ-ਪਾਊ ਟੋਲਿਆਂ ਵੱਲੋਂ 'ਪੰਜਾਬ ਬਚਾਓ, ਭੱਈਏ ਭਜਾਓ' ਦੇ ਨਾਅਰੇ ਲਾਉਂਦਿਆਂ ਪ੍ਰਵਾਸੀ ਮਜ਼ਦੂਰਾਂ ਦੀਆਂ ਰੇਹੜੀਆਂ, ਹੋਟਲਾਂ ਤੇ ਢਾਬਿਆਂ 'ਤੇ ਹਮਲੇ ਕਰਕੇ ਉਨ੍ਹਾਂ ਦੇ ਕੰਮਕਾਰਾਂ ਨੂੰ ਠੱਪ ਕਰਵਾਇਆ ਗਿਆ। ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਵੱਲੋਂ ਆਪੋ ਆਪਣੇ ਪਿੰਡਾਂ ਵਿੱਚੋਂ ਪ੍ਰਵਾਸੀ ਮਜ਼ਦੂਰਾਂ ਨੂੰ ਕੱਢਣ ਦੇ ਮਤੇ ਪਾਏ ਗਏ। ਪ੍ਰਵਾਸੀ ਮਜ਼ਦੂਰ ਆਪਣੀਆਂ ਜਾਨਾਂ ਬਚਾਉਂਦਿਆਂ ਆਪਣਾ ਲੋੜੀਂਦਾ ਸਾਮਾਨ ਚੁੱਕ ਕੇ ਆਪੋ-ਆਪਣੇ ਸੂਬਿਆਂ ਵਿੱਚ ਜਾਣ ਲਈ ਰੇਲਵੇ ਸਟੇਸ਼ਨਾਂ 'ਤੇ ਜਾ ਬੈਠੇ, ਜਦ ਕਿ ਪ੍ਰਵਾਸੀ ਮਜ਼ਦੂਰ ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ, ਖੇਤੀਬਾੜੀ ਦੇ ਕੰਮਾਂ, ਸੈਲਰਾਂ, ਭੱਠਿਆਂ, ਕਾਰਖਾਨਿਆਂ, ਮੈਰਿਜ ਪੈਲੇਸਾਂ, ਰੈਸਟੋਰੈਂਟਾਂ, ਢਾਬਿਆਂ, ਖਰੀਦ ਕੇਂਦਰਾਂ, ਠੇਕਿਆਂ 'ਚ ਕੰਮ ਕਰਨ ਤੋਂ ਇਲਾਵਾ ਆਪੋ-ਆਪਣੇ ਪੱਕੇ ਕਾਰੋਬਾਰ ਕਰੀ ਬੈਠੇ ਹਨ। ਇਸੇ ਤਰ੍ਹਾਂ ਹੀ ਅਨੇਕਾਂ ਪੰਜਾਬੀ ਪਰਵਾਰ, ਰਾਜਸਥਾਨ, ਯੂ ਪੀ, ਗੁਜਰਾਤ, ਮਹਾਰਾਸ਼ਟਰ, ਹਰਿਆਣਾ ਤੋਂ ਇਲਾਵਾ ਵਿਦੇਸ਼ਾਂ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਅਸਟ੍ਰੇਲੀਆ, ਸਪੇਨ, ਮਲੇਸ਼ੀਆ ਵਿੱਚ ਆਪੋ-ਆਪਣੇ ਕਾਰੋਬਾਰ, ਟਰਾਂਸਪੋਰਟ, ਖੇਤੀਬਾੜੀ, ਹੋਟਲ, ਢਾਬੇ, ਬਾਗ਼ ਆਦਿ ਬਣਾਈ ਬੈਠੇ ਹਨ। ਜੇਕਰ ਪੰਜਾਬ ਦੇ ਸ਼ਰਾਰਤੀ ਅਨਸਰ ਫਿਰਕਾਪ੍ਰਸਤੀ ਤੇ ਜਾਤਪਾਤ ਦੇ ਨਾਂਅ 'ਤੇ ਪ੍ਰਵਾਸੀ ਮਜ਼ਦੂਰਾਂ ਨੂੰ ਭਜਾਉਣ ਦੀਆਂ ਗੱਲਾਂ ਕਰਦੇ ਨੇ ਤਾਂ ਵਿਦੇਸ਼ਾਂ ਤੇ ਦੂਜੇ ਸੂਬਿਆਂ ਵਿੱਚ ਬੈਠੇ ਹਿੰਦੂ, ਮੁਸਲਮ ਤੇ ਇਸਾਈ ਭਾਈਚਾਰੇ ਦੇ ਲੋਕ ਪੰਜਾਬੀਆਂ ਨੂੰ ਬਖਸ਼ਣਗੇ। ਵਿਦੇਸ਼ੀ ਏਜੰਸੀਆਂ ਤੇ ਆਰ ਐੱਸ ਐੱਸ ਦੇ ਇਸ਼ਾਰਿਆਂ 'ਤੇ ਚਲਦੇ, ਸ਼ਰਾਰਤੀ ਬਦਮਾਸ਼ ਤੇ ਜਾਤਪਾਤ ਦੇ ਨਾਂਅ 'ਤੇ ਮਨੁੱਖਤਾ ਨੂੰ ਲੜਾਉਣ ਵਾਲੇ ਅਕਲ ਦੇ ਅੰਨ੍ਹੇ ਲੋਕੋ, 'ਅੱਗ ਲਾਈ ਡੱਬੂ ਕੰਧ 'ਤੇ ਵਾਲੀਆਂ ਚਾਲਾਂ ਨਾ ਖੇਡੋ। ਖ਼ੂਨ ਸਮੁੱਚੀ ਮਨੁੱਖਤਾ ਦਾ ਡੁੱਲ੍ਹਣਾ ਹੈ। ਮਰਨ ਵਾਲੇ ਵੀ ਇਨਸਾਨ ਨੇ, ਤੇ ਮਾਰਨ ਵਾਲੇ ਵੀ ਇਨਸਾਨ ਨੇ।

**ਜਸਵੰਤ ਚਾਹਲ ਮੱਤੀ**

# ਰੂਸ-ਯੂਕਰੇਨ ਜੰਗ ਦੀ ਭੇਟ ਚੜ੍ਹਦੇ ਭਾਰਤੀ ਨੌਜਵਾਨ



ਪਾਵੇਲ ਕੁੱਸਾ

ਰੂਸ ਤੇ ਯੂਕਰੇਨ ਜੰਗ ਵੇਲੇ ਤੋਂ ਹੀ ਭਾਰਤੀ ਨੌਜਵਾਨਾਂ ਨੂੰ ਰੂਸੀ ਫੌਜ ਵਿੱਚ ਸ਼ਾਮਲ ਕਰਕੇ ਜੰਗ ਵਿੱਚ ਝੋਕ ਦਿੱਤੇ ਜਾਣ ਦੀਆਂ ਖਬਰਾਂ ਆ ਰਹੀਆਂ ਹਨ। ਇਨ੍ਹਾਂ 'ਚੋਂ ਕਈ ਨੌਜਵਾਨ ਇਸ ਜੰਗ ਦੀ ਭੇਟ ਚੜ੍ਹ ਰਹੇ ਹਨ। ਰੂਸ ਤੋਂ ਪੰਜਾਬੀ ਨੌਜਵਾਨਾਂ ਦੀਆਂ ਆਈਆਂ ਵੀਡੀਓਜ਼ ਡੂੰਘੀ ਤਕਲੀਫ਼ ਦੇਣ ਵਾਲੀਆਂ ਹਨ, ਜਿਨ੍ਹਾਂ 'ਚ ਉਹ ਦੱਸ ਰਹੇ ਹਨ ਕਿ ਉਹ ਇਥੇ ਵਿਦਿਆਰਥੀ ਵੀਜ਼ੇ 'ਤੇ ਆਏ ਸਨ ਤੇ ਹੁਣ ਉਹਨਾਂ ਨੂੰ ਯੂਕਰੇਨ ਨਾਲ ਜੰਗ ਦੇ ਮੋਰਚਿਆਂ 'ਚ ਲੜਨ ਲਈ ਭੇਜਿਆ ਜਾ ਰਿਹਾ ਹੈ। ਹੁਣ ਕੁਝ ਦਿਨ ਪਹਿਲਾਂ 5 ਪੰਜਾਬੀ ਨੌਜਵਾਨਾਂ ਦੀ ਮੌਤ ਤੇ ਤਿੰਨ ਨੌਜਵਾਨਾਂ ਦੇ ਲਾਪਤਾ ਹੋਣ ਦੀਆਂ ਖਬਰਾਂ ਦਰਮਿਆਨ ਭਾਰਤ ਦੀ ਸਰਕਾਰ ਨੇ ਰੂਸ ਤੋਂ ਮੰਗ ਕੀਤੀ ਸੀ ਕਿ ਉਹ ਰੂਸੀ ਫੌਜ 'ਚ ਭਾਰਤੀ ਨਾਗਰਿਕਾਂ ਨੂੰ ਸਹਾਇਕ ਵਜੋਂ ਭਰਤੀ ਕਰਨਾ ਬੰਦ ਕਰੇ ਅਤੇ ਨਾਲ ਹੀ ਰੂਸੀ ਫੌਜ 'ਚ ਕੰਮ ਕਰ ਰਹੇ ਸਾਰੇ ਭਾਰਤੀਆਂ ਨੂੰ ਛੱਡਣ ਦੀ ਮੰਗ ਕੀਤੀ ਗਈ ਸੀ।

ਬਿਨਾਂ ਸ਼ੱਕ ਅਜਿਹੀ ਮੰਗ ਕਰਨੀ ਵਾਜਬ ਹੈ ਤੇ ਨਾ ਸਿਰਫ ਮੰਗ ਕਰਨੀ ਚਾਹੀਦੀ ਹੈ, ਸਗੋਂ ਇਸ ਲਈ ਅਮਲੀ ਕਦਮ ਵੀ ਚੁੱਕੇ ਜਾਣੇ ਚਾਹੀਦੇ ਹਨ, ਪਰ ਨਾਲ ਹੀ ਇਹ ਸਵਾਲ ਉੱਠਦਾ ਹੈ ਕਿ ਕੀ ਭਾਰਤ ਸਰਕਾਰ ਸੱਚਮੁੱਚ ਹੀ ਅਜਿਹਾ ਵਰਤਾਰਾ ਰੋਕਣ ਲਈ ਸੁਹਿਰਦ ਹੈ, ਕੀ ਇਹ ਪਹਿਲੀ ਵਾਰੀ ਹੋ ਰਿਹਾ ਹੈ ਕਿ ਇੱਕ ਸਾਮਰਾਜੀ ਮੁਲਕ ਦੇ ਆਪਣੇ ਸਾਮਰਾਜੀ ਜੰਗੀ ਹਿੱਤਾਂ ਲਈ ਲੜੀ ਜਾ ਰਹੀ ਜੰਗ ਵਿੱਚ ਭਾਰਤੀ ਨੌਜਵਾਨਾਂ ਦਾ ਲਹੂ ਡੁੱਲ੍ਹ ਰਿਹਾ ਹੈ। ਇਸ ਪੱਖੋਂ ਜਦੋਂ ਭਾਰਤ ਦੀਆਂ ਸਰਕਾਰਾਂ ਦੇ ਹੁਣ ਤੱਕ ਦੇ ਰਿਕਾਰਡ 'ਤੇ ਨਿਗਾ ਮਾਰਦੇ ਤੇ ਅਗਲੀਆਂ ਵਿਉਤਾਂ ਜਾਂਚਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਪਹਿਲੀ ਵਾਰ ਵਾਪਰ ਰਿਹਾ ਵਰਤਾਰਾ ਨਹੀਂ। ਹਕੂਮਤਾਂ ਦੀ ਨੀਤੀ ਕਾਰਨ ਸਾਮਰਾਜੀ ਮੁਲਕਾਂ ਦੇ ਲੁਟੇਰੇ ਜੰਗੀ ਮਿਸ਼ਨਾਂ ਦੀ ਭੇਟ ਚੜ੍ਹਨਾ ਭਾਰਤੀ ਨੌਜਵਾਨਾਂ ਦੀ ਹੋਣੀ ਬਣੀ ਹੋਈ ਹੈ। ਹੁਣ ਰੂਸ ਦੇ ਮਾਮਲੇ ਵਿੱਚ ਸਿਰਫ ਤਰੀਕਾ ਹੀ ਵੱਖਰਾ ਹੈ। ਇੱਥੇ ਰੂਸ ਅੰਦਰ ਰਿਜ਼ਕ ਕਮਾਉਣ ਗਈ ਸਾਡੇ ਮੁਲਕ ਦੀ ਜਵਾਨੀ ਨੂੰ ਧੱਕੇ ਨਾਲ ਜੰਗੀ ਮੁਹਾਜ਼ਾਂ 'ਤੇ ਮਰਨ ਭੇਜਿਆ ਜਾ ਰਿਹਾ ਹੈ, ਜਦ ਕਿ ਹੁਣ ਤੱਕ ਅਜਿਹੇ ਮਜਬੂਰੀ ਸਾਡੇ ਮੁਲਕ ਦੀਆਂ ਹਕੂਮਤਾਂ ਆਪਣੀਆਂ ਫੌਜਾਂ 'ਚ ਭਰਤੀ ਕਰਕੇ ਪੈਦਾ ਕਰਦੀਆਂ ਆਈਆਂ ਹਨ ਅਤੇ ਇਹਨਾਂ ਫੌਜਾਂ ਨੂੰ ਸਾਮਰਾਜੀ ਜੰਗੀ ਮਿਸ਼ਨਾਂ ਦੀ ਸੇਵਾ 'ਚ ਵਰਤਦੀਆਂ ਆ ਰਹੀਆਂ ਹਨ।

ਰੂਸ ਵਰਗੇ ਮੁਲਕ ਸਮੇਤ ਵਿਦੇਸ਼ਾਂ ਨੂੰ ਜਾਣ ਦੀ ਅਜਿਹੀ ਮਜਬੂਰੀ ਤਾਂ ਨੌਜਵਾਨਾਂ ਦੀ ਬੇਰੁਜ਼ਗਾਰੀ ਦੇ ਸੰਕਟਾਂ ਦੀ ਹਾਲਤ 'ਚੋਂ ਨਿਕਲਦੀ ਹੈ। ਕਾਨੂੰਨੀ ਤੇ ਗੈਰ-ਕਾਨੂੰਨੀ ਢੰਗਾਂ ਨਾਲ ਏਜੰਟਾਂ ਦੇ ਧੱਕੇ ਚੜ੍ਹੇ ਨੌਜਵਾਨ ਕਿਰਤ ਕਮਾਈਆਂ ਦੀ ਤਾਂਘ ਲੈ ਕੇ ਰੂਸ ਪੁੱਜਦੇ ਹਨ ਤਾਂ ਅਗਾਂਹ ਰੂਸੀ ਸਾਮਰਾਜੀਏ ਇਸ ਬੇਵਸੀ ਦੇ ਹਾਲਾਤ ਦਾ ਫਾਇਦਾ ਉਠਾਉਂਦੇ ਹਨ ਤੇ ਜਬਰੀ ਜੰਗਾਂ 'ਚ ਧੱਕਦੇ ਹਨ। ਜਵਾਨੀ ਦੀ ਅਜਿਹੀ ਤਰਾਸਦੀ ਲਈ ਸਾਡੇ ਮੁਲਕ ਦੀਆਂ ਹਕੂਮਤਾਂ ਤੇ ਇਸ ਦੇਸ਼ ਦਾ ਲੋਕ ਦੋਖੀ ਨਿਜ਼ਾਮ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਮੁਲਕ ਅੰਦਰ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਦੀ ਥਾਂ ਪਹਿਲਿਆਂ ਦਾ ਵੀ ਉਜਾੜਾ ਕੀਤਾ ਹੈ। ਇਹ ਤਾਜ਼ਾ ਧੱਕੇਸ਼ਾਹੀ ਤਾਂ ਰੂਸੀ ਹਾਕਮ ਕਰ ਰਹੇ ਹਨ, ਪਰ ਭਾਰਤੀ ਹਾਕਮਤਾਂ ਦੀ ਆਪਣੀ ਨੀਤੀ ਵੀ ਮੁਲਕ ਦੀ ਜਵਾਨੀ ਨੂੰ ਸਾਮਰਾਜੀ ਲੁਟੇਰੇ ਜੰਗੀ ਮਕਸਦਾਂ ਦੀ ਸੇਵਾ ਵਿੱਚ ਝੋਕਣ ਦੀ ਹੀ ਤੁਰੀ ਆ ਰਹੀ ਹੈ। ਇਸ ਪੱਖੋਂ ਭਾਰਤੀ ਰਾਜ ਦਾ 1947 ਦੀ ਤਬਦੀਲੀ ਤੋਂ ਮਗਰੋਂ ਦਾ ਲੰਮਾ ਇਤਿਹਾਸ ਹੈ। ਅਜਿਹੇ ਬਹੁਤ ਮੌਕੇ ਹਨ ਜਦੋਂ ਭਾਰਤ ਦੀਆਂ ਵੱਖ-ਵੱਖ ਸਰਕਾਰਾਂ ਨੇ ਸਾਮਰਾਜੀ ਜੰਗੀ ਮਿਸ਼ਨਾਂ ਲਈ ਭਾਰਤੀ ਫੌਜ ਦੀਆਂ ਸੇਵਾਵਾਂ ਅਰਪਤ ਕੀਤੀਆਂ ਹਨ।

ਸੰਯੁਕਤ ਰਾਸ਼ਟਰ ਦੇ ਸ਼ਾਂਤੀ ਮਿਸ਼ਨਾਂ ਦੇ ਨਾਂਅ ਹੇਠ ਦੁਨੀਆ ਭਰ 'ਚ ਭਾਰਤੀ ਫੌਜੀਆਂ ਨੂੰ ਭੇਜਿਆ ਜਾਂਦਾ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਨਾਂਅ ਹੇਠ ਸਾਮਰਾਜੀ ਤਾਕਤਾਂ ਖਾਸ ਕਰਕੇ ਪੱਛਮੀ ਸਾਮਰਾਜੀ ਤਾਕਤਾਂ ਦੁਨੀਆ ਭਰ ਦੇ ਮੁਲਕਾਂ ਅੰਦਰ ਫੌਜੀ ਜੰਗੀ ਮੁਹਿੰਮਾਂ 'ਤੇ ਸਵਾਰ ਰਹੀਆਂ ਹਨ ਤੇ ਭਾਰਤ ਦੀਆਂ ਸਰਕਾਰਾਂ ਇਹਨਾਂ ਜੰਗੀ ਮੁਹਿੰਮਾਂ 'ਚ ਭਾਰਤੀ ਫੌਜੀ ਟੁਕੜੀਆਂ ਦੀਆਂ ਸੇਵਾਵਾਂ ਅਰਪਿਤ ਕਰਦੀਆਂ ਰਹੀਆਂ ਹਨ। ਇਹਨਾਂ ਮਿਸ਼ਨਾਂ ਨੂੰ ਸ਼ਾਂਤੀ ਤੇ ਸੁਰੱਖਿਆ ਵਰਗੇ ਵੱਖ-ਵੱਖ ਤਰ੍ਹਾਂ ਦੇ ਭਰਮਾਊ ਨਾਂਅ ਦਿੱਤੇ ਜਾਂਦੇ ਰਹੇ ਹਨ, ਪਰ ਤੱਤ ਵਿੱਚ ਇਹ ਕਾਰਵਾਈਆਂ ਪੱਛੜੇ ਤੇ ਗਰੀਬ ਮੁਲਕਾਂ ਦੇ ਲੋਕਾਂ ਦੀਆਂ ਟਾਕਰਾ ਲਹਿਰਾਂ ਨੂੰ ਕੁਚਲਣ ਵਜੋਂ ਕੀਤੀਆਂ ਜਾਂਦੀਆਂ ਰਹੀਆਂ ਹਨ। 1947 'ਚ ਭਾਰਤੀ ਰਾਜ ਬਣਨ ਵੇਲੇ ਤੋਂ ਲੈ ਕੇ ਇਸ ਲੰਮੀ ਸੂਚੀ ਵਿੱਚ 1950 ਤੋਂ '54 'ਚ ਲੜੀ ਗਈ ਕੋਰੀਆ ਜੰਗ, ਫਿਰ 1960 ਤੋਂ '64 ਦਰਮਿਆਨ ਕਾਂਗੋ ਚ, ਇਉਂ ਹੀ 1956 ਤੋਂ '67 ਦਰਮਿਆਨ ਮਿਡਲ ਈਸਟ ਚ, 1993-94 ਚ ਹੋਏ ਸੋਮਾਲੀਆ ਦੇ ਫੌਜੀ ਅਪਰੇਸ਼ਨਾਂ 'ਚ ਭਾਰਤੀ ਫੌਜੀ ਟੁਕੜੀਆਂ ਸ਼ਾਮਿਲ ਰਹੀਆਂ ਹਨ। ਹੁਣ ਵੀ ਭਾਰਤੀ ਫੌਜਾਂ ਦੀਆਂ ਟੁਕੜੀਆਂ ਲਿਬਨਾਨ, ਗੋਲਾਨ ਹਾਈਟਸ ਅਤੇ ਕਾਂਗੋ ਚ ਮੌਜੂਦ ਹਨ। ਲਿਬਨਾਨ ਤੇ ਗੋਲਾਂ ਹਾਈਟਸ ਤਾਂ ਸਿੱਧੇ ਤੌਰ 'ਤੇ ਹੀ ਅਮਰੀਕੀ ਸਾਮਰਾਜੀ ਹੁਕਮਰਾਨਾਂ ਵੱਲੋਂ ਅਰਬ ਅੰਦਰ ਮਚਾਈ ਹੋਈ ਤਬਾਹੀ ਹੰਢਾਉਣ ਵਾਲੇ ਖੇਤਰ ਹਨ। ਇਹਨਾਂ ਖੇਤਰਾਂ 'ਚ ਅਮਰੀਕੀ-ਇਜ਼ਰਾਇਲੀ ਲੁਟੇਰੇ ਹਿੱਤਾਂ ਦੀ ਸਲਾਮਤੀ ਦੇ ਮਸਲੇ ਬਣੇ ਹੋਏ ਹਨ। ਅਫਗਾਨਿਸਤਾਨ ਵਿੱਚ ਅਮਰੀਕੀ ਫੌਜੀ ਕਬਜ਼ੇ ਦੇ ਦੌਰਾਨ ਵੀ ਭਾਰਤੀ ਫੌਜਾਂ ਅਮਰੀਕੀ ਸਾਮਰਾਜੀਆਂ ਦੀਆਂ ਫੌਜਾਂ ਦਾ ਹੱਥ ਵਟਾਉਂਦੀਆਂ ਰਹੀਆਂ ਹਨ। ਚਾਹੇ ਇਹ ਸੇਵਾਵਾਂ ਅਫਗਾਨਿਸਤਾਨ ਦੀ ਫੌਜ ਪੁਲਸ ਨੂੰ ਟ੍ਰੇਨਿੰਗ ਦੇਣ ਅਤੇ ਨਾਟੋ ਫੌਜਾਂ ਦੀ ਆਵਾਜਾਈ ਲਈ ਸੜਕਾਂ ਵਿਛਾਉਣ ਅਤੇ ਹੋਰ ਇੰਤਜ਼ਾਮਾਂ ਤੱਕ ਸੀਮਤ ਸਨ, ਪਰ ਤਾਂ ਵੀ ਇਹ ਅਫਗਾਨਿਸਤਾਨ 'ਤੇ ਮੜ੍ਹੀ ਗਈ ਨਿਹੱਕੀ ਧਾੜਵੀ ਜੰਗ ਵਿੱਚ ਭਾਰਤੀ ਫੌਜਾਂ ਦਾ ਸਹਿਯੋਗ ਸੀ।

21ਵੀਂ ਸਦੀ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਭਾਰਤੀ ਹੁਕਮਰਾਨਾਂ ਨੇ ਅਮਰੀਕੀ ਸਾਮਰਾਜੀ ਯੁੱਧਨੀਤਕ ਮੰਤਵਾਂ ਨਾਲ ਨੱਥੀ ਹੋਣ ਦਾ ਰਾਹ ਫੜਿਆ ਹੋਇਆ ਹੈ। ਇਸ ਤਹਿਤ ਭਾਰਤ ਨੇ ਅਮਰੀਕਾ ਨਾਲ ਫੌਜੀ ਸੰਧੀਆਂ ਕੀਤੀਆਂ ਹਨ। ਹੁਣ ਮਗਰੋਂ 'ਕੁਆਡ' ਗੱਠਜੋੜ ਵਿੱਚ ਵੀ ਭਾਰਤ ਦੀ ਸ਼ਮੂਲੀਅਤ ਹੈ, ਜਿਸ ਵਿੱਚ ਅਮਰੀਕਾ ਤੇ ਆਸਟਰੇਲੀਆ, ਜਪਾਨ ਵਰਗੇ ਇਸ ਦੇ ਸਹਿਯੋਗੀ ਮੁਲਕਾਂ ਨਾਲ ਸਾਂਝੀਆਂ ਜੰਗੀ ਮਸ਼ਕਾਂ ਕੀਤੀਆਂ ਜਾਂਦੀਆਂ ਹਨ। ਇਹ ਸਭ ਕੁਝ ਅਮਰੀਕੀ ਸਾਮਰਾਜੀ ਜੰਗਾਂ ਦੀ ਸੇਵਾ ਵਿੱਚ ਭਾਰਤੀ ਫੌਜਾਂ ਨੂੰ ਝੋਕਣ ਦੀ ਕੀਤੀ ਜਾ ਰਹੀ ਤਿਆਰੀ ਹੀ ਹੈ। ਅਮਰੀਕੀ ਸਾਮਰਾਜੀ ਮਹਾਂ-ਸ਼ਕਤੀ ਦੇ ਇਉਂ ਸੇਵਾਦਾਰਾਂ ਵਜੋਂ ਪੇਸ਼ ਹੋਣ ਨਾਲ ਭਾਰਤ ਇਸਲਾਮਿਕ ਟਾਕਰਾ ਸ਼ਕਤੀਆਂ ਦੇ ਨਿਸ਼ਾਨੇ 'ਤੇ ਆਇਆ ਹੈ। 2016 ਵਾਲੇ ਪਠਾਨਕੋਟ ਏਅਰ ਬੇਸ ਹਮਲੇ ਪਿੱਛੇ ਵੀ ਭਾਰਤ ਦੀ ਅਜਿਹੀ ਭੂਮਿਕਾ ਇਕ ਹੀ ਵਜ੍ਹਾ ਬਣੀ ਸੀ।

ਸਾਮਰਾਜੀ ਮੁਲਕਾਂ ਦੀ ਅਜਿਹੀ ਫੌਜੀ ਸੇਵਾ ਕਰਨ ਦੀ ਭਾਰਤੀ ਦਲਾਲ ਹਾਕਮ ਜਮਾਤਾਂ ਦੀ ਇਹ ਪਹੁੰਚ '47 ਤੋਂ ਵੀ ਪਹਿਲਾਂ ਦੀ ਤੁਰੀ ਆ ਰਹੀ ਹੈ। ਦੋਵੇਂ ਸੰਸਾਰ ਜੰਗਾਂ 'ਚ ਖਾਸ ਕਰਕੇ ਪਹਿਲੀ ਸੰਸਾਰ ਜੰਗ 'ਚ ਮੁਲਕ ਦੀਆਂ ਇਹਨਾਂ ਦਲਾਲ ਜਮਾਤਾਂ ਨੇ ਬਰਤਾਨਵੀ ਫੌਜਾਂ 'ਚ ਮੁਲਕ ਦੀ ਜਵਾਨੀ ਦੀ ਭਰਤੀ ਪੂਰੇ ਜ਼ੋਰ-ਸ਼ੋਰ ਨਾਲ ਕਰਵਾਈ ਸੀ। ਭਾਰਤ ਦੀ ਧਰਤੀ ਦੇ ਕਿਰਤੀ ਜਾਏ ਯੂਰਪ ਦੇ ਦੂਰ-ਦੁਰਾਡੇ ਦੇ ਮੁਲਕਾਂ 'ਚ ਸਾਮਰਾਜੀ ਤਾਕਤਾਂ ਦੇ ਵਿਚਾਲੇ ਲੜੀਆਂ ਜਾ ਰਹੀਆਂ ਜੰਗਾਂ ਦਾ ਖਾਜਾ ਬਣੇ ਸਨ। ਸਾਮਰਾਜੀਆਂ ਦੀ ਸੇਵਾ ਭਾਵਨਾ ਵਾਲੀ ਇਸ ਵਿਰਾਸਤ ਨੂੰ ਹੁਣ ਵੀ ਭਾਰਤੀ ਹੁਕਮਰਾਨ ਉਚਿਆਉਂਦੇ ਆ ਰਹੇ ਹਨ ਤੇ ਸਾਰਾਗੜ੍ਹੀ ਦੀ ਜੰਗ ਵਿੱਚ ਭੇਟ ਚੜ੍ਹੇ ਪੰਜਾਬੀ ਜਵਾਨਾਂ ਦੀ ਬਹਾਦਰੀ ਦੇ ਸੋਹਲੇ ਗਾਉਣ ਦੇ ਨਾਂਅ ਥੱਲੇ ਇਸ ਨਿਹੱਕੀ ਜੰਗ ਦੇ ਜਸ਼ਨ ਮਨਾਉਂਦੇ ਹਨ। ਸਾਰਾਗੜ੍ਹੀ ਦੀ ਜੰਗ ਦੇ ਦਿਹਾੜੇ ਇਸੇ ਕਰਕੇ ਮਨਾਏ ਜਾਂਦੇ ਹਨ, ਤਾਂ ਕਿ ਸਾਮਰਾਜੀ ਜੰਗਾਂ 'ਚ ਸੇਵਾ ਕਰਨ ਦੀ ਇਸ ਵਿਰਾਸਤ ਨੂੰ ਜਿਉਂਦਾ ਰੱਖਿਆ ਜਾ ਸਕੇ, ਅੱਗੇ ਵਧਾਇਆ ਜਾ ਸਕੇ ਤੇ ਅਜੋਕੇ ਸਮੇਂ ਅੰਦਰ ਅਜਿਹੀਆਂ ਸੇਵਾਵਾਂ ਖਾਤਰ ਮੁਲਕ ਦੀ ਜਵਾਨੀ ਨੂੰ ਪ੍ਰੇਰਤ ਕੀਤਾ ਜਾ ਸਕੇ।

ਹੁਣ ਰੂਸ-ਯੂਕਰੇਨ ਜੰਗ ਅੰਦਰ ਮੁਲਕ ਦੇ ਨੌਜਵਾਨਾਂ ਦੀ ਸ਼ਮੂਲੀਅਤ ਦੇ ਮਸਲੇ ਨੂੰ ਸੰਬੋਧਨ ਹੋਣ ਵੇਲੇ ਭਾਰਤੀ ਰਾਜ ਦੀ ਇਸ ਨੀਤੀ ਨੂੰ ਚਰਚਾ ਹੇਠ ਲਿਆਉਣਾ ਚਾਹੀਦਾ ਹੈ, ਜਿਸ ਨੀਤੀ ਤਹਿਤ ਭਾਰਤੀ ਫੌਜਾਂ ਸਾਮਰਾਜੀ ਯੁੱਧਨੀਤਕ ਜੰਗੀ ਮਿਸ਼ਨਾਂ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ। ਰੂਸੀ ਫੌਜ ਵਿੱਚ ਅਜਿਹੀ ਕਿਸੇ ਵੀ ਤਰ੍ਹਾਂ ਦੀ ਭਰਤੀ ਰੋਕਣ ਦੀ ਮੰਗ ਦੇ ਨਾਲ-ਨਾਲ ਭਾਰਤੀ ਰਾਜ ਵੱਲੋਂ ਭਾਰਤ ਦੀ ਜਵਾਨੀ ਦਾ ਲਹੂ ਸਾਮਰਾਜੀ ਲੁਟੇਰੇ ਮੰਤਵਾਂ ਖ਼ਾਤਰ ਭੇਟ ਕਰਨ ਦੀ ਨੀਤੀ ਤਿਆਗਣ ਲਈ ਵੀ ਗੱਲ ਹੋਣੀ ਚਾਹੀਦੀ ਹੈ।

**# ਸੰਪਰਕ : 94170-54015**

# ਤਰਸਿੱਕਾ ਬਲਾਕ ਦੀ ਮੁੜ ਬਹਾਲੀ ਸੰਬੰਧੀ



ਲਖਬੀਰ ਸਿੰਘ ਨਿਜ਼ਾਮਪੁਰ

ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਦਾ ਮੁੱਖ ਧੁਰਾ ਬਲਾਕਾਂ ਦੇ ਪੁਨਰਗਠਨ ਸੰਬੰਧੀ ਜੋ ਫੈਸਲਾ ਕੀਤਾ ਹੈ, ਉਹ ਦਰਅਸਲ ਰਾਜ ਕਰਦੀ ਪਾਰਟੀ ਵੱਲੋਂ ਪਿਛਲੀਆਂ ਸਰਕਾਰਾਂ ਵੱਲੋਂ ਕੀਤੇ ਗਏ ਲੋਕ ਮਾਰੂ ਫੈਸਲਿਆਂ ਦੀ ਅਗਲੀ ਕੜੀ ਹੈ। ਜਿਥੇ ਅਕਾਲੀ ਸਰਕਾਰ ਸਮੇਂ ਆਪਣੇ ਰਾਜ ਪ੍ਰਬੰਧ ਨੂੰ ਸਥਾਈ ਬਣਾਉਣ ਅਤੇ ਐੱਮ ਐੱਲ ਏ ਨੂੰ ਬੇਤਾਜ ਬਾਦਸ਼ਾਹ ਬਣਾਉਣ ਲਈ ਥਾਣਿਆਂ ਦਾ ਪੁਨਰਗਠਨ ਕਰਕੇ ਇੱਕ ਐੱਮ ਐਲ ਏ ਅਧੀਨ ਇੱਕ ਡੀ ਐਸ ਪੀ ਅਤੇ ਉਸ ਦੇ ਅਧੀਨ ਤਿੰਨ ਐੱਸ ਐੱਚ ਓ ਤਾਇਨਾਤ ਕਰਕੇ ਪੂਰੀ ਤਾਕਤ ਐੱਮ ਐੱਲ ਏ ਦੇ ਹਵਾਲੇ ਕਰ ਦਿੱਤੀ ਗਈ ਸੀ, ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਅੱਜ ਵੀ ਭੁਗਤਣਾ ਪੈ ਰਿਹਾ ਹੈ।

ਇਹਨਾਂ ਨੀਤੀਆਂ ਕਾਰਨ ਅਤੇ ਹੋਰ ਲੋਕ ਵਿਰੋਧੀ ਫੈਸਲਿਆਂ ਕਾਰਨ ਲੋਕਾਂ ਨੇ 2017 ਵਿੱਚ ਅਕਾਲੀ-ਭਾਜਪਾ ਸਰਕਾਰ ਦਾ ਭੋਗ ਪਾ ਕਿ ਰਾਜਸੱਤਾ ਕਾਂਗਰਸ ਦੇ ਹੱਥ ਸੌਂਪ ਦਿੱਤੀ, ਪਰੰਤੂ ਕਾਂਗਰਸ ਪਾਰਟੀ ਨੇ ਵੀ ਇਹਨਾਂ ਲੋਕ ਵਿਰੋਧੀ ਫੈਸਲਿਆਂ ਨੂੰ ਰੱਦ ਕਰਨ ਦੀ ਥਾਂ ਐੱਮ ਐੱਲ ਏ ਨੂੰ ਹੋਰ ਪਾਵਰਫੁੱਲ ਬਣਾਉਣ ਲਈ ਇਹਨਾਂ ਨੀਤੀਆਂ 'ਤੇ ਮੋਹਰ ਲਾ ਦਿੱਤੀ, ਜਿਸ ਕਾਰਨ ਅਤੇ ਕਿਸਾਨ ਅੰਦੋਲਨ ਦੀ ਲਹਿਰ ਕਾਰਨ ਪੰਜਾਬ ਦੇ ਲੋਕਾਂ ਨੇ ਬਦਲਾਵ ਦੀ ਹਨੇਰੀ ਥੱਲੇ ਦੋਵਾਂ ਪਾਰਟੀਆਂ ਕਾਂਗਰਸ ਅਤੇ ਅਕਾਲੀਆਂ ਨੂੰ ਰੱਦ ਕਰਕੇ ਆਮ ਆਦਮੀ ਪਾਰਟੀ ਨੂੰ ਇਤਿਹਾਸਕ ਬਹੁਮਤ ਦੇ ਕੇ ਰਾਜਸੱਤਾ ਇਹਨਾਂ ਨਵੇਂ ਹੁਕਮਰਾਨਾਂ ਦੇ ਹਵਾਲੇ ਕਰ ਦਿੱਤੀ।

ਪੰਜਾਬ ਅੰਦਰ ਬਲਾਕਾਂ ਦੇ ਪੁਨਰਗਠਨ ਦੇ ਨਾਂਅ ਉੱਪਰ ਇੱਕ ਹਲਕੇ ਅਧੀਨ ਪੈਂਦੇ ਪਿੰਡਾਂ ਨੂੰ ਇੱਕ ਐੱਮ ਐੱਲ ਏ ਅਧੀਨ ਕਰਨ ਲਈ ਪੰਜਾਬ ਸਰਕਾਰ ਵੱਲੋਂ 8 ਅਗਸਤ 2025 ਨੂੰ ਸਕੱਤਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ, ਜਿਸ ਰਾਹੀਂ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਅਜਨਾਲਾ ਵਿਧਾਨ ਸਭਾ ਅੰਦਰ ਅਜਨਾਲਾ ਅਤੇ ਰਮਦਾਸ ਬਲਾਕ, ਰਾਜਾਸਾਂਸੀ ਵਿਧਾਨ ਸਭਾ ਅੰਦਰ ਹਰਸਸ਼ਾ ਛੀਨਾ ਅਤੇ ਚੋਗਾਵਾਂ ਬਲਾਕ, ਅਟਾਰੀ ਵਿਧਾਨ ਸਭਾ ਵਿੱਚ ਅਟਾਰੀ ਅਤੇ ਵੇਰਕਾ ਬਲਾਕ, ਮਜੀਠਾ ਵਿਧਾਨ ਸਭਾ ਜਿਥੇ ਪਹਿਲਾਂ ਇੱਕ ਬਲਾਕ ਮਜੀਠਾ ਸੀ, ਉਥੇ ਇੱਕ ਨਵਾਂ ਬਲਾਕ ਮਜੀਠਾ-2 ਬਣਾ ਦਿੱਤਾ ਗਿਆ ਹੈ। ਉਥੇ ਜੰਡਿਆਲਾ ਗੁਰੂ ਵਿਧਾਨ ਸਭਾ ਹਲਕਾ, ਜਿਸ ਦੀ ਅਗਵਾਈ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਕਰਦੇ ਹਨ। ਇਸ ਵਿਧਾਨ ਸਭਾ ਹਲਕੇ ਅੰਦਰ ਦੋ ਬਲਾਕ ਜੰਡਿਆਲਾ ਗੁਰੂ ਅਤੇ ਤਰਸਿੱਕਾ ਆਉਂਦੇ ਸਨ। ਉਥੇ ਨਵੀਂ ਨੋਟੀਫਿਕੇਸ਼ਨ ਅਨੁਸਾਰ ਤਰਸਿੱਕਾ ਬਲਾਕ ਖਤਮ ਕਰਕੇ ਇਸ ਅਧੀਨ ਆਉਂਦੇ ਤਕਰੀਬਨ 60 ਤੋਂ ਵੱਧ ਪਿੰਡ ਜੰਡਿਆਲਾ ਗੁਰੂ ਬਲਾਕ ਵਿੱਚ ਸ਼ਾਮਲ ਕਰ ਦਿੱਤੇ ਗਏ ਹਨ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਬਲਾਕ ਪੁਨਰਗਠਨ ਦੇ ਨਾਂਅ ਥੱਲੇ ਜਿਥੇ ਦੋ ਨਵੇਂ ਬਲਾਕ ਰਮਦਾਸ (ਅਜਨਾਲਾ) ਅਤੇ ਮਜੀਠਾ 2 (ਮਜੀਠਾ) ਬਣਾਏ ਗਏ ਹਨ, ਉਥੇ 1960 ਤੋਂ ਬਣੇ ਤਰਸਿੱਕਾ ਬਲਾਕ (ਜੰਡਿਆਲਾ ਗੁਰੂ) ਦਾ ਭੋਗ ਪਾ ਦਿੱਤਾ ਗਿਆ, ਜਿਸ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਵਿਧਾਨ ਸਭਾ ਅਤੇ ਪੰਜਾਬ ਮੰਤਰੀ ਮੰਡਲ ਵਿੱਚ ਹਰਭਜਨ ਸਿੰਘ ਈ ਟੀ ਓ ਕਰਦੇ ਹਨ। ਵਰਨਣਯੋਗ ਹੈ ਕਿ ਤਰਸਿੱਕਾ ਬਲਾਕ ਪੰਚਾਇਤੀ ਰਾਜ ਵਿਭਾਗ ਦੇ ਹੋਂਦ ਵਿੱਚ ਆਉਣ ਵੇਲੇ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਉਸ ਵੇਲੇ ਇਸ ਹਲਕੇ ਦੇ ਪ੍ਰਤੀਨਿਧ ਕਾਮਰੇਡ ਮੱਖਣ ਸਿੰਘ ਤਰਸਿੱਕਾ ਦੇ ਯਤਨਾਂ ਨਾਲ ਮਰਹੂਮ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਯੋਗ ਅਗਵਾਈ ਹੇਠ ਬਣਿਆ ਸੀ, ਜਿਸ ਨੇ ਇਲਾਕੇ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ ਹੈ। ਇਸ ਬਲਾਕ ਦੀ ਹੋਂਦ ਕਾਰਨ ਹੀ ਇਥੇ ਕਮਿਊਨਿਟੀ ਹੈੱਲਥ ਸੈਂਟਰ, ਖੇਤੀਬਾੜੀ ਵਿਕਾਸ ਅਫਸਰ, ਸਿਖਿਆ ਵਿਭਾਗ ਦਾ ਬਲਾਕ ਤਰਸਿੱਕਾ, ਥਾਣਾ ਤਰਸਿੱਕਾ, ਆਂਗਣਵਾੜੀ, ਮਿੱਡ ਡੇ ਮੀਲ ਵਰਕਰਾਂ ਦੇ ਦਫਤਰ ਅਤੇ ਸਬ-ਤਹਿਸੀਲ ਹੋਂਦ ਵਿੱਚ ਆਏ ਹਨ, ਪਰੰਤੂ ਸਰਕਾਰ ਦੇ ਤਰਸਿੱਕਾ ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਖਤਮ ਕਰਨ ਨਾਲ ਜਿਥੇ ਆਮ ਲੋਕਾਂ ਨੂੰ ਪ੍ਰੇਸ਼ਾਨੀ ਆਵੇਗੀ, ਉਥੇ ਇਸ ਇਲਾਕੇ ਦੇ ਵਿਕਾਸ 'ਤੇ ਵੀ ਮਾੜਾ ਅਸਰ ਪਵੇਗਾ, ਜਿਸ ਨੂੰ ਸਾਹਮਣੇ ਰੱਖਦੇ ਹੋਏ ਇਲਾਕਾ ਵਾਸੀਆਂ ਵੱਲੋਂ ਇਸ ਬੇਇਨਸਾਫੀ ਖਿਲਾਫ ਸੰਘਰਸ਼ ਸ਼ੁਰੂ ਕੀਤਾ ਗਿਆ ਹੈ। ਇਸ ਸੰਬੰਧੀ ਸਭ ਤੋਂ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ ਅਤੇ ਇਨਕਲਾਬੀ ਮਾਰਕਸੀ ਪਾਰਟੀ ਦੇ ਆਗੂਆਂ ਲਖਬੀਰ ਸਿੰਘ ਨਿਜ਼ਾਮਪੁਰ ਅਤੇ ਬਲਦੇਵ ਸਿੰਘ ਸੈਦਪੁਰ ਦੀ ਅਗਵਾਈ ਹੇਠ ਇਲਾਕੇ ਦੇ ਲੋਕਾਂ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੀ ਮੀਟਿੰਗ ਇੱਕ ਸਤੰਬਰ ਨੂੰ ਤਰਸਿੱਕਾ ਬਲਾਕ ਅੰਦਰ ਕੀਤੀ ਗਈ, ਜਿਸ ਵਿੱਚ 'ਤਰਸਿੱਕਾ ਬਲਾਕ ਬਚਾਓ' ਮੋਰਚੇ ਸੰਬੰਧੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਨੇ ਹਲਕੇ ਦੇ ਵਿਧਾਇਕ ਅਤੇ ਮੰਤਰੀ ਹਰਭਜਨ ਸਿੰਘ ਈ ਟੀ ਓ ਨੂੰ ਮਿਲਣ ਦਾ ਫੈਸਲਾ ਕੀਤਾ, ਪਰੰਤੂ ਮੰਤਰੀ ਅਤੇ ਉਸ ਦੀ ਪਾਰਟੀ ਦੇ ਆਗੂਆਂ ਨੇ ਕਮੇਟੀ ਦੇ ਪਤੀਨਿਧਾਂ ਨੂੰ ਮਿਲਣਾ ਠੀਕ ਨਹੀਂ ਸਮਝਿਆ।

ਇਸ ਮਸਲੇ ਦੀ ਗੰਭੀਰਤਾ ਨੂੰ ਸਮਝਦਿਆਂ ਤਰਸਿੱਕਾ ਅਤੇ ਨਜ਼ਦੀਕੀ ਪਿੰਡਾਂ ਦੇ ਅਗਾਂਹਵਧੂ ਨੌਜਵਾਨਾਂ ਅਤੇ ਹੋਰ ਇਨਸਾਫ ਪਸੰਦ ਲੋਕਾਂ ਨੇ ਇਸ ਸਬੰਧੀ ਰਾਜਨੀਤੀ ਤੋਂ ਉੱਪਰ ਉੱਠ ਕਿ ਬਲਾਕ ਬਚਾਉਣ ਸਬੰਧੀ ਇੱਕ ਵਿਸਾਲ ਇਕੱਠ 9 ਸਤੰਬਰ ਨੂੰ ਤਰਸਿੱਕਾ ਬਲਾਕ ਵਿਖੇ ਕੀਤਾ ਗਿਆ, ਜਿਸ ਵਿੱਚ ਬਿਨਾਂ ਕਿਸੇ ਭਿੰਨ-ਭੇਦ ਦੇ ਹਰ ਵਿਚਾਰਧਾਰਾ ਦੇ ਲੋਕਾਂ ਨੇ ਹਿੱਸਾ ਲਿਆ ਅਤੇ ਤਰਸਿੱਕਾ ਬਲਾਕ ਨੂੰ ਬਚਾਉਣ ਲਈ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ। ਪ੍ਰਸ਼ਾਸਨ ਵੱਲੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਜਿਥੇ ਆਮ ਲੋਕਾਂ ਅੰਦਰ ਰੋਸ ਦਿਨੋ-ਦਿਨ ਵਧ ਰਿਹਾ ਹੈ, ਉਥੇ ਇਹ ਸਿਆਸੀ ਤੌਰ 'ਤੇ ਵੀ ਜ਼ੋਰ ਫੜ ਰਿਹਾ ਹੈ। ਪੰਚਾਇਤੀ ਰਾਜ ਵਿਭਾਗ ਨੇ ਹੁਣ ਮਿਤੀ 26/9/2025 ਨੂੰ ਇੱਕ ਪੱਤਰ ਜਾਰੀ ਕਰਕੇ ਤਰਸਿੱਕਾ ਬਲਾਕ ਨੂੰ ਮੁਕੰਮਲ ਤੌਰ 'ਤੇ ਬੰਦ ਕਰਕੇ ਇਸ ਬਲਾਕ ਅਧੀਨ ਆਉਂਦੇ ਪਿੰਡਾਂ ਨੂੰ ਜੰਡਿਆਲਾ ਗੁਰੂ ਬਲਾਕ ਰਾਹੀਂ ਕੰਮ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜੇਕਰ ਲੋਕਾਂ ਦੀ ਮੰਗ ਤੇ ਇਸ ਬਲਾਕ ਨੂੰ ਬਹਾਲ ਨਾ ਕੀਤਾ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਅਤੇ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਸੱਤਾ ਧਿਰ ਨੂੰ ਭਾਰੀ ਝਟਕਾ ਲੱਗ ਸਕਦਾ ਹੈ। ਇਸ ਲਈ ਹਰਭਜਨ ਸਿੰਘ ਈ ਟੀ ਓ ਕੈਬਨਿਕ ਮੰਤਰੀ ਨੂੰ ਲੋਕਾਂ ਨੂੰ ਭਰੋਸੇ ਵਿੱਚ ਲੈ ਕਿ ਇਸ ਬਲਾਕ ਦੀ ਮੁੜ ਬਹਾਲੀ ਕਰਨੀ ਚਾਹੀਦੀ ਹੈ।

**ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ ਅਤੇ ਸੂਬਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਪੰਜਾਬ।**

**# ਸੰਪਰਕ : 94179-56105**

# ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੰਗਰੀ



ਮੁਹੰਮਦ ਅੱਬਾਸ ਧਾਲੀਵਾਲ

ਜਦੋਂ ਅਸੀਂ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਦੀ ਗੱਲ ਕਰਦੇ ਹਾਂ ਤਾਂ ਲਗਭਗ ਇਸ ਦੇ ਸੈਂਟਰ 'ਚ ਇੱਕ ਦੇਸ਼ ਸਥਿਤ ਹੈ, ਜਿਸ ਨੂੰ ਅਸੀਂ ਹੰਗਰੀ ਦੇ ਨਾਂਅ ਨਾਲ ਜਾਣਦੇ ਹਾਂ। ਇਸ ਦੀ ਮੌਜੂਦਾ ਰਾਜਧਾਨੀ ਬੁੱਧਾਪੇਸਟ ਹੈ। ਇਸ ਦੇਸ਼ ਦਾ ਇਤਿਹਾਸ ਬਹੁਤ ਪੁਰਾਣਾ ਹੈ ਤੇ ਇਹ ਦੁਨੀਆ ਵਿੱਚ ਆਪਣੇ ਆਪ 'ਚ ਇੱਕ ਵਿਲੱਖਣ ਤੇ ਵੱਖਰੀ ਇਤਿਹਾਸਕ ਮਹੱਤਤਾ ਰੱਖਦਾ ਹੈ। ਇਥੋਂ ਦੀ ਭਾਸ਼ਾ ਹੰਗੇਰੀਅਨ ਹੈ ਤੇ ਕਰੰਸੀ ਫੌਰਿੰਟ ਹੈ।

ਜਦੋਂ ਅਸੀਂ ਇਸ ਦੇ ਇਤਿਹਾਸਿਕ ਪਿਛੋਕੜ 'ਤੇ ਨਜ਼ਰ ਮਾਰਦੇ ਹਾਂ ਤਾਂ ਇਸ ਦੇਸ਼ ਦੇ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਹੰਗਰੀ ਆਪਣੀਆਂ ਆਧੁਨਿਕ (1946 ਤੋਂ ਬਾਅਦ) ਦੀਆਂ ਸਰਹੱਦਾਂ ਤਹਿਤ ਤਕਰੀਬਨ ਗ੍ਰੇਟ ਹੰਗਰੀਆਈ ਮੈਦਾਨ (ਪੈਨੋਨੀਅਨ ਬੇਸਿਨ) ਨਾਲ ਮੇਲ ਖਾਂਦਾ ਹੈ। ਯੂਰਪ ਵਿੱਚ ਆਇਰਨ ਯੁੱਗ ਦੇ ਦੌਰਾਨ ਇਹ ਸੇਲਟਿਕ, ਇਲੀਰੀਅਨ ਅਤੇ ਈਰਾਨੀ (ਸਿਥੀਅਨ) ਸੱਭਿਆਚਾਰਕ ਖੇਤਰਾਂ ਦੀ ਸੀਮਾ 'ਤੇ ਸੀ।

ਪੈਨੋਨੀਅਨ ਨਾਂਅ ਰੋਮਨ ਸਾਮਰਾਜ ਦੇ ਇੱਕ ਪ੍ਰਾਂਤ ਪੈਨੋਨੀਆ ਤੋਂ ਆਇਆ ਹੈ। ਸਿਰਫ ਆਧੁਨਿਕ ਹੰਗਰੀ ਦੇ ਪ੍ਰਦੇਸ਼ ਦਾ ਪੱਛਮੀ ਹਿੱਸਾ (ਅਖੌਤੀ ਟ੍ਰਾਂਸਡਾਨੁਬੀਆ) ਪ੍ਰਾਚੀਨ ਰੋਮਨ ਪ੍ਰਾਂਤ ਪੈਨੋਨੀਆ ਦਾ ਹਿੱਸਾ ਬਣ ਗਿਆ। ਰੋਮਨ ਦਾ ਨਿਯੰਤਰਣ 370-410 ਦੇ ਹੂਨਿਕ ਹਮਲਿਆਂ ਨਾਲ ਢਹਿ ਗਿਆ ਅਤੇ ਪੈਨੋਨੀਆ ਪੰਜਵੀਂ ਤੋਂ ਅੱਧ ਛੇਵੀਂ ਸਦੀ ਦੇ ਅਖੀਰ ਵਿੱਚ ਓਸਟ੍ਰੋਗੋਥਿਕ ਕਿੰਗਡਮ ਦਾ ਹਿੱਸਾ ਸੀ। ਅਵਾਰ ਖ਼ਾਨਾਤ (ਛੇਵੀਂ ਤੋਂ ਨੌਵੀਂ ਸਦੀ) ਦੇ ਬਾਅਦ ਇਸ ਦੀ ਵਾਰਸ ਬਣੀ। ਮਗਯਾਰ ਹਮਲਾ ਨੌਵੀਂ ਸਦੀ ਦੌਰਾਨ ਹੋਇਆ।

ਹੰਗਰੀ ਦੇਸ਼ ਦਾ ਇਤਿਹਾਸ ਦਰਅਸਲ 895 ਈਸਵੀ ਤੋਂ ਪਹਿਲਾਂ ਕਾਰਪੇਥੀਅਨ ਬੇਸਿਨ ਵਿੱਚ ਸੇਲਟਸ, ਰੋਮਨ ਅਤੇ ਜਰਮਨਿਕ/ਸਲਾਵਿਕ ਕਬੀਲੇ ਆਦਿ ਦੇ ਆਬਾਦ ਹੋਣ ਤੋਂ ਮਿਲਦਾ ਹੈ। ਇਸ ਉਪਰੰਤ ਰੋਮਨ ਨੇ ਪੈਨੋਨੀਆ ਸਥਾਪਤ ਕੀਤਾ, ਜਿਸ ਵਿੱਚ ਪਾਣੀ ਦੀਆਂ ਨਾਲੀਆਂ ਅਤੇ ਸੜਕਾਂ ਸਨ।

ਜਦੋਂ ਕਿ ਮੈਗਯਾਰ ਆਗਮਨ (895 ਈਸਵੀ) ਉਰਾਲ ਖੇਤਰ ਦੇ ਫਿੰਨੋ-ਯੂਗਰਿਕ ਲੋਕ ਆਰਪਾਦ ਦੀ ਅਗਵਾਈ ਵਿੱਚ ਕਾਰਪੇਥੀਅਨ ਬੇਸਿਨ ਵਿੱਚ ਵਸੇ। ਉਨ੍ਹਾਂ ਯੂਰਪ ਵਿੱਚ ਹਮਲੇ ਕੀਤੇ, ਪਰ 955 ਵਿੱਚ ਲੇਚਫੀਲਡ ਦੀ ਲੜਾਈ ਵਿੱਚ ਹਾਰ ਗਏ।

ਜਦੋਂ ਕਿ ਮੱਧਕਾਲੀ ਹੰਗਰੀ (1000-1526) 'ਚ ਈਸਾਈ ਰਾਜ (1000 ਈਸਵੀ) ਭਾਵ ਸਟੀਫਨ ਪਹਿਲੇ ਨੂੰ ਹੰਗਰੀ ਦਾ ਪਹਿਲਾ ਰਾਜਾ ਬਣਾਇਆ ਗਿਆ, ਜਿਸ ਨੇ ਈਸਾਈ ਰਾਜ ਸਥਾਪਤ ਕੀਤਾ ਅਤੇ ਹੰਗਰੀ ਨੂੰ ਯੂਰਪੀ ਸਾਮੰਤੀ ਵਿਵਸਥਾ ਵਿੱਚ ਜੋੜਿਆ।

ਇਸ ਅਰਸੇ ਦੌਰਾਨ ਅਰਥਾਤ ਦਸਵੀਂ ਸਦੀ ਦੇ ਅੰਤ ਵਿਚ ਮਗਯਾਰਾਂ ਦਾ ਈਸਾਈਕਰਨ ਕੀਤਾ ਗਿਆ ਅਤੇ ਈਸਵੀ 1000 ਵਿੱਚ ਹੰਗਰੀ ਵਿੱਚ ਕ੍ਰਿਸਚੀਅਨ ਕਿੰਗਡਮ ਸਥਾਪਤ ਕੀਤੀ ਗਈ, ਜਿਸ ਤੇ ਅਰਪਦ ਖ਼ਾਨਦਾਨ ਨੇ ਹੇਠ ਅਗਲੀਆਂ ਤਿੰਨ ਸਦੀਆਂ ਤੱਕ ਰਾਜ ਕੀਤਾ। ਮੱਧਯੁਗ ਦੇ ਉੱਚ ਕਾਲ ਦੌਰਾਨ ਰਾਜ ਪਨੋਨੀਆ ਤੋਂ ਪਰੇ ਐਡਰੈਟਿਕ ਤੱਟ ਤੱਕ ਫੈਲਿਆ। 1241 ਵਿਚ ਬਾਲਾ ਚੌਥਾ ਦੇ ਰਾਜ ਦੌਰਾਨ, ਹੰਗਰੀ ਉੱਤੇ ਬਾਤੂ ਖ਼ਾਨ ਦੇ ਅਧੀਨ ਮੰਗੋਲਾਂ ਨੇ ਹਮਲਾ ਕੀਤਾ। ਹੰਗਰੀ ਦੇ ਲੋਕਾਂ ਨੂੰ ਮੰਗੋਲੀ ਫੌਜ ਦੀ ਵੱਡੀ ਗਿਣਤੀ ਦੇ ਸਾਹਮਣੇ ਮੋਹੀ ਦੀ ਲੜਾਈ ਵਿੱਚ ਫੈਸਲਾਕੁੰਨ ਹਾਰ ਦਾ ਸਾਹਮਣਾ ਕਰਨਾ ਪਿਆ। ਰਾਜਾ ਬਾਲਾ ਪਵਿੱਤਰ ਰੋਮਨ ਸਾਮਰਾਜ ਵੱਲ ਭੱਜ ਗਿਆ ਅਤੇ ਹੰਗਰੀ ਦੀ ਆਬਾਦੀ ਨੂੰ ਮੰਗੋਲਾਂ ਦੀ ਰਹਿਮਤ 'ਤੇ ਛੱਡ ਗਿਆ। ਇਸ ਹਮਲੇ ਵਿੱਚ 500,000 ਤੋਂ ਵੱਧ ਹੰਗਰੀਅਨ ਆਬਾਦੀ ਦਾ ਕਤਲੇਆਮ ਕੀਤਾ ਗਿਆ ਅਤੇ ਸਾਰਾ ਰਾਜ ਸਵਾਹ ਹੋ ਗਿਆ।

ਇਸ ਉਪਰੰਤ ਓਟੋਮਨ ਅਤੇ ਹੈਬਸਬਰਗ ਰਾਜ (1526-1848) ਭਾਵ ਮੋਹਾਚ ਦੀ ਲੜਾਈ (1526) ਵਿੱਚ ਓਟੋਮਨ ਜਿੱਤ ਨੇ ਮੱਧਕਾਲੀ ਹੰਗਰੀ ਨੂੰ ਖਤਮ ਕੀਤਾ, ਜਿਸ ਨਾਲ ਦੇਸ਼ ਤਿੰਨ ਹਿੱਸਿਆਂ ਵਿੱਚ ਵੰਡਿਆ: ਓਟੋਮਨ ਮੱਧ ਹੰਗਰੀ, ਹੈਬਸਬਰਗ ਦਾ ਰਾਇਲ ਹੰਗਰੀ ਅਤੇ ਅਰਧ-ਸੁਤੰਤਰ ਟਰਾਂਸਿਲਵੇਨੀਆ।

ਇਸ ਤੋਂ ਬਾਅਦ 1301 ਵਿੱਚ ਅਰਪਦ ਖ਼ਾਨਦਾਨ ਦੇ ਖ਼ਤਮ ਹੋਣ ਤੋਂ ਬਾਅਦ ਮਗਰਲੇ ਮੱਧਯੁਗ ਤੱਕ ਰਾਜ ਕਾਇਮ ਰਿਹਾ, ਹਾਲਾਂਕਿ ਹੁਣ ਹੰਗਰੀ ਦੇ ਰਾਜਿਆਂ ਦੇ ਅਧੀਨ ਨਹੀਂ ਸੀ ਰਿਹਾ ਅਤੇ ਹੌਲੀ-ਹੌਲੀ ਓਟੋਮਨ ਸਾਮਰਾਜ ਦੇ ਵਿਸਥਾਰ ਦੇ ਵਧਦੇ ਦਬਾਅ ਕਾਰਨ ਘਟ ਗਿਆ। ਹੰਗਰੀ ਨੇ 15 ਵੀਂ ਸਦੀ ਦੌਰਾਨ ਯੂਰਪ ਵਿੱਚ ਓਟੋਮਨ ਦੀਆਂ ਲੜਾਈਆਂ ਦਾ ਨੁਕਸਾਨ ਉਠਾਇਆ। ਇਸ ਸੰਘਰਸ਼ ਦੀ ਸਿਖਰ ਮਥਿਯਾਸ ਕੋਰਵੀਨਸ (ਹ. 1458-1490) ਦੇ ਰਾਜ ਦੌਰਾਨ ਹੋਇਆ ਸੀ। ਸੰਨ 1526 ਦੀ ਮੋਹਾਕਾਂ ਦੀ ਲੜਾਈ ਤੋਂ ਬਾਅਦ ਇਲਾਕਿਆਂ ਦੇ ਮਹੱਤਵਪੂਰਨ ਨੁਕਸਾਨ ਅਤੇ ਰਾਜ ਦੀ ਵੰਡ ਦੇ ਰੂਪ ਵਿੱਚ ਓਟੋਮਨੀ-ਹੰਗਰੀ ਜੰਗਾਂ ਸਮਾਪਤ ਹੋਈਆਂ।

ਇਸ ਤੋਂ ਬਾਅਦ ਓਟੋਮਨ ਕਬਜ਼ਾ (1541-1699) ਵਿੱਚ ਮੱਧ ਹੰਗਰੀ 150 ਸਾਲ ਓਟੋਮਨ ਹਕੂਮਤ ਅਧੀਨ ਰਿਹਾ। 1686 ਵਿੱਚ ਹੈਬਸਬਰਗ ਨੇ ਬੁਡਾ ਵਾਪਸ ਲਿਆ। ਫਿਰ ਹੈਬਸਬਰਗ ਪ੍ਰਭੁਤਾ (1699-1848) ਵਿੱਚ ਹੰਗਰੀ ਹੈਬਸਬਰਗ ਸਾਮਰਾਜ ਦਾ ਹਿੱਸਾ ਬਣਿਆ। ਰਾਕੋਸੀ ਬਗਾਵਤ (1703-1711) ਅਤੇ ਮਾਰੀਆ ਥੇਰੇਸਾ ਦੀਆਂ ਸੁਧਾਰਾਂ ਨੇ ਆਰਥਕਤਾ ਨੂੰ ਮਜ਼ਬੂਤ ਕੀਤਾ।

ਓਟੋਮਨ ਦੇ ਵਿਸਥਾਰ ਵਿਰੁੱਧ ਡਿਫੈਂਸ ਹੈਬਸਬਰਗ ਆਸਟਰੀਆ ਵਿੱਚ ਤਬਦੀਲ ਹੋ ਗਿਆ ਅਤੇ ਹੰਗਰੀ ਰਾਜ ਦਾ ਬਾਕੀ ਹਿੱਸਾ ਹੈਬਸਬਰਗ ਦੇ ਸ਼ਹਿਨਸ਼ਾਹਾਂ ਦੇ ਸ਼ਾਸਨ ਅਧੀਨ ਆ ਗਿਆ। ਹਾਰਿਆ ਹੋਇਆ ਇਲਾਕਾ ਮਹਾਨ ਤੁਰਕੀ ਯੁੱਧ ਦੀ ਸਮਾਪਤੀ ਨਾਲ ਮੁੜ ਪ੍ਰਾਪਤ ਹੋਇਆ। ਇਸ ਤਰ੍ਹਾਂ ਸਾਰਾ ਹੰਗਰੀ ਹੈਬਸਬਰਗ ਰਾਜਸ਼ਾਹੀ ਦਾ ਹਿੱਸਾ ਬਣ ਗਿਆ। 1848 ਦੇ ਰਾਸ਼ਟਰਵਾਦੀ ਵਿਦਰੋਹ ਤੋਂ ਬਾਅਦ 1867 ਦੇ ਆਸਟ੍ਰੋ-ਹੰਗਰੀਅਨ ਸਮਝੌਤੇ ਨੇ ਸੰਯੁਕਤ ਰਾਜਸ਼ਾਹੀ ਦੀ ਸਿਰਜਣਾ ਕਰਕੇ ਹੰਗਰੀ ਦਾ ਰੁਤਬਾ ਉੱਚਾ ਕੀਤਾ।

ਇਸ ਤੋਂ ਬਾਅਦ ਇਨਕਲਾਬ ਅਤੇ ਆਸਟਰੋ-ਹੰਗਰੀ ਸਾਮਰਾਜ (1848-1918) ਅਰਥਾਤ ਲਾਜੋਸ ਕੋਸੁਥ ਦੀ ਅਗਵਾਈ ਵਿੱਚ ਹੰਗਰੀਅਨਾਂ ਨੇ ਹੈਬਸਬਰਗ ਤੋਂ ਅਜ਼ਾਦੀ ਮੰਗੀ, ਪਰ ਰੂਸੀ ਸਹਾਇਤਾ ਨਾਲ ਇਹ ਦਬਾਇਆ ਗਿਆ। 1867 ਦਾ ਸਮਝੌਤਾ ਦੇ ਤਹਿਤ ਦੋਹਰੀ ਰਾਜਸ਼ਾਹੀ ਨੇ ਹੰਗਰੀ ਨੂੰ ਅੰਦਰੂਨੀ ਸੁਤੰਤਰਤਾ ਦਿੱਤੀ। ਬੁਡਾਪੇਸਟ ਸੱਭਿਆਚਾਰਕ ਅਤੇ ਉਦਯੋਗਿਕ ਕੇਂਦਰ ਬਣਿਆ।

ਫਿਰ 20ਵੀਂ ਸਦੀ ਵਿੱਚ ਅਰਥਾਤ ਪਹਿਲਾ ਵਿਸ਼ਵ ਯੁੱਧ ਅਤੇ ਟ੍ਰਿਆਨੋਨ (1914-1920)ਵਿੱਚ ਹੰਗਰੀ ਨੇ ਹਾਰੇ ਪੱਖ ਵਿੱਚ ਲੜਿਆ। ਟ੍ਰਿਆਨੋਨ ਸੰਧੀ (1920) ਨੇ ਦੋ-ਤਿਹਾਈ ਖੇਤਰ ਅਤੇ ਆਬਾਦੀ ਖੋਹ ਲਈ।

ਇਨ੍ਹਾਂ ਯੁੱਧਾਂ ਵਿਚਕਾਰ ਦਾ ਸਮਾਂ (1920-1939) ਵਿੱਚ ਮਿਕਲੋਸ ਹੋਰਥੀ ਦੀ ਅਗਵਾਈ ਵਿੱਚ ਹੰਗਰੀ ਨੇ ਫਾਸ਼ੀਵਾਦੀ ਸ਼ਕਤੀਆਂ ਨਾਲ ਗੱਠਜੋੜ ਕੀਤਾ, ਜਦੋਂ ਕਿ ਦੂਜਾ ਵਿਸ਼ਵ ਯੁੱਧ (1939-1945) ਵਿੱਚ ਹੰਗਰੀ ਨੇ ਐਕਸਿਸ ਨਾਲ ਮਿਲ ਕੇ ਕੁਝ ਖੇਤਰ ਵਾਪਸ ਲਏ, ਪਰ ਭਾਰੀ ਨੁਕਸਾਨ ਹੋਇਆ। ਹੋਲੋਕਾਸਟ ਵਿੱਚ 400,000 ਤੋਂ ਵੱਧ ਯਹੂਦੀ ਮਾਰੇ ਗਏ।

ਫਿਰ ਕਮਿਊਨਿਸਟ ਦੌਰ (1945-1989) ਸੋਵੀਅਤ ਕਬਜ਼ੇ ਤੋਂ ਬਾਅਦ ਕਮਿਊਨਿਸਟ ਸਰਕਾਰ ਬਣੀ। 1956 ਦੀ ਕ੍ਰਾਂਤੀ ਨੂੰ ਕੁਚਲ ਦਿੱਤਾ ਗਿਆ, ਪਰ 1960 ਦੇ ਸੁਧਾਰਾਂ ਨੇ ਸੰਪੰਨਤਾ ਵਧਾਈ।

ਜੇਕਰ ਗੱਲ ਆਧੁਨਿਕ ਹੰਗਰੀ (1989 ਤੋਂ ਹੁਣ ਤੱਕ) ਦੀ ਕਰੀਏ ਤਾਂ ਇਸ ਦੀ ਬੁਨਿਆਦ ਕਮਿਊਨਿਜ਼ਮ ਦਾ ਪਤਨ (1989) ਦੇ ਨਾਲ ਹੰਗਰੀ ਲੋਕਤੰਤਰੀ ਗਣਰਾਜ ਬਣਿਆ। ਨਾਟੋ (1999) ਅਤੇ ਈਯੂ (2004) ਵਿੱਚ ਸ਼ਾਮਲ ਹੋਇਆ।

ਫਿਰ 21ਵੀਂ ਸਦੀ ਵਿੱਚ ਵਿਕਟਰ ਓਰਬਾਨ ਦੀ ਅਗਵਾਈ (2010 ਤੋਂ) ਵਿੱਚ ਰਾਸ਼ਟਰਵਾਦੀ ਨੀਤੀਆਂ ਅਪਣਾਈਆਂ, ਜਿਸ ਨਾਲ ਈਯੂ ਨਾਲ ਤਣਾਅ ਵਧਿਆ।

ਜੇਕਰ ਹੰਗਰੀ ਦੇ ਸੱਭਿਆਚਾਰਕ ਦੀ ਗੱਲ ਕਰੀਏ ਤਾਂ ਇਸ ਦੀ ਭਾਸ਼ਾ ਅਤੇ ਪਛਾਣ ਪੱਖੋਂ ਹੰਗਰੀਅਨ ਇੱਕ ਵਿਲੱਖਣ ਫਿੰਨੋ-ਯੂਗਰਿਕ ਭਾਸ਼ਾ, ਰਾਸ਼ਟਰੀ ਪਛਾਣ ਦਾ ਹਿੱਸਾ ਹੈ। ਲੋਕਧਾਰਾ, ਸੰਗੀਤ (ਲਿਸਟ, ਬਾਰਟੋਕ) ਅਤੇ ਖਾਣਾ (ਗੂਲਾਸ਼, ਪਪਰੀਕਾ) ਮਸ਼ਹੂਰ ਹਨ। ਇਤਿਹਾਸਕ ਵਿਰਾਸਤ ਪੱਖੋਂ ਵੀ ਹੰਗਰੀ ਦੀ ਸਥਿਰਤਾ ਹਮਲਿਆਂ, ਵੰਡ ਅਤੇ ਕਬਜ਼ਿਆਂ ਦੇ ਬਾਵਜੂਦ ਇਸ ਦੇ ਰਾਸ਼ਟਰੀ ਚਰਿੱਤਰ ਨੂੰ ਦਰਸਾਉਂਦੀ ਹੈ।

ਅਜੋਕੇ ਸਮੇਂ ਹੰਗਰੀ ਟੂਰਿਜ਼ਮ ਪੱਖੋਂ ਵੀ ਸੈਲਾਨੀਆਂ ਲਈ ਇੱਕ ਵਧੀਆ ਖਿੱਚ ਕੇਂਦਰ ਬਣਿਆ ਹੋਇਆ ਹੈ। ਸ਼ਾਇਦ ਇਹੋ ਵਜਾ ਹੈ ਪਿਛਲੇ ਵਰਿਆਂ ਦੌਰਾਨ ਕਈ ਵੱਡੀਆਂ ਫਿਲਮਾਂ ਜਿਨ੍ਹਾਂ ਵਿਚੋਂ 'ਡੰਕੀ' ਅਤੇ 'ਜਬ ਹੈਰੀਮੈਟ ਸੇਜਲ' ਬਾਲੀਵੁੱਡ ਦੀਆਂ ਕਈ ਫਿਲਮਾਂ ਨਾਮਵਰ ਐਕਟਰਾਂ, ਜਿਵੇਂ ਕਿ ਸ਼ਾਹਰੁੱਖ ਖਾਨ ਆਦਿ ਦੀਆਂ ਵੱਡੇ ਬਜਟ ਦੀਆਂ ਫਿਲਮਾਂ ਦੇ ਸੀਨ ਆਦਿ ਇੱਥੇ ਸ਼ੂਟ ਕੀਤੇ ਗਏ।

**ਸੰਪਰਕ : 98552-59650**

# ਰੇਹੜੀ, ਫੜ੍ਹੀ ਵਾਲਿਆਂ ਨੂੰ ਹੱਕ ਦਿਵਾਉਣ ਲਈ ਸੀ ਪੀ ਆਈ ਦੀ ਅਗਵਾਈ 'ਚ ਭੁੱਖ ਹੜਤਾਲ ਸ਼ੁਰੂ

## ਪਰਿਵਾਰਕ ਔਰਤਾਂ ਨੇ ਵੀ ਮੋਰਚਾ ਸੰਭਾਲਿਆ !



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**
ਜਲਾਲਾਬਾਦ ਦੀ ਅਨਾਜ ਮੰਡੀ ਵਿਖੇ ਬਣੇ ਰੇਹੜੀ-ਫੜੀ ਵਾਲਿਆਂ ਵਾਸਤੇ ਸ਼ੈੱਡ ਵਿੱਚ ਰੇਹੜੀ-ਫੜੀ ਦਾ ਕੰਮ ਕਰਨ ਵਾਲਿਆਂ ਦੀਆਂ ਰੇਹੜੀਆਂ ਜਬਰੀ ਚੁਕਵਾਉਣ ਖ਼ਿਲਾਫ਼ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੀ ਅਗਵਾਈ ਵਿੱਚ ਪਿਛਲੇ ਛੇ ਦਿਨਾਂ ਤੋਂ ਚੱਲ ਰਹੇ ਸੰਘਰਸ਼ ਨੇ ਤਿੱਖਾ ਰੁੱਖ ਅਖਤਿਆਰ ਕਰ ਲਿਆ ਹੈ।ਆਗੂਆਂ ਦੀ ਕੱਲ੍ਹ ਹੋਈ ਮੀਟਿੰਗ ਵਿੱਚ ਇਹ ਫੈਸਲਾ ਲੈਂਦਿਆਂ ਅੱਜ ਤੋਂ ਰੇਹੜੀ-ਫ਼ੜੀ ਵਾਲਿਆਂ ਦੇ ਬਣਦੇ ਹੱਕ ਦਿਵਾਉਣ ਲਈ ਅਣਮਿੱਥੇ ਸਮੇਂ ਲਈ ਲੜੀਵਾਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ।ਅੱਜ ਦੀ ਇਸ ਲੜੀਵਾਰ ਭੁੱਖ ਹੜਤਾਲ਼ ਵਿੱਚ ਬੈਠਣ ਵਾਲਿਆਂ ਵਿੱਚ ਕ੍ਰਮਵਾਰ ਸ੍ਰੀਮਤੀ ਸ਼ਾਨੀਆ, ਕਸ਼ਮੀਰਾ ਬਾਈ, ਸੁਮਿੱਤਰਾ ਰਾਣੀ, ਸੁਨੀਤਾ ਰਾਣੀ, ਛਿੰਦਰ ਕੌਰ, ਕਰਨ ਸਿੰਘ, ਰਾਹੁਲ, ਕਰਨੈਲ ਸਿੰਘ, ਲਾਲ ਸਿੰਘ, ਦਰਸ਼ਨ ਸਿੰਘ ਤੇ ਹਰਜੀਤ ਕੌਰ ਢੰਡੀਆਂ ਨੇ ਸ਼ਾਮਲ ਹੋ ਕੇ ਭੁੱਖ ਹੜਤਾਲ਼ ਸ਼ੁਰੂ ਕੀਤੀ।ਇਸ ਮੌਕੇ ਭੁੱਖ ਹੜਤਾਲ 'ਤੇ ਬਿਠਾਉਣ ਵਾਲੇ ਆਗੂਆਂ 'ਚ ਸੀਪੀਆਈ ਦੇ ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ, ਬਲਾਕ ਸਕੱਤਰ ਕਾਮਰੇਡ ਬਲਵੰਤ ਚੌਹਾਨਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬੂਟਾ ਸਿੰਘ ਬੁਰਜ ਗਿੱਲ, ਜੋਗਾ ਸਿੰਘ ਭੋਡੀਪੁਰ, ਕ੍ਰਿਸ਼ਨ ਧਰਮੂ ਵਾਲਾ, ਤੇਜਾ ਸਿੰਘ ਅਮੀਰ ਖਾਸ, ਰੇਹੜੀ-ਫ਼ੜੀ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਸਿੰਘ ਤੇ ਬਲਵਿੰਦਰ ਮਹਾਲਮ ਨੇ ਹਾਰ ਪਹਿਨਾ ਕੇ ਭੁੱਖ ਹੜਤਾਲ਼ ਦੀ ਸ਼ੁਰੂਆਤ ਕਰਵਾਈ।

ਆਗੂਆਂ ਨੇ ਕਿਹਾ ਕਿ ਰੇਹੜੀ-ਫ਼ੜੀ ਵਾਲਿਆਂ ਨੂੰ ਪਹਿਲਾਂ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੁਮਾਰ ਗੋਲਡੀ ਕੰਬੋਜ ਵੱਲੋਂ ਉਦਘਾਟਨ ਕਰਕੇ ਅਲਾਟ ਕੀਤੇ ਗਏ ਰੇਹੜੀ-ਫੜੀ ਸ਼ੈੱਡ ਨੂੰ ਕਿਸੇ ਵੀ ਕੀਮਤ 'ਤੇ ਖੋਹਣ ਨਹੀਂ ਦਿੱਤਾ ਜਾਵੇਗਾ।ਆਗੂਆਂ ਨੇ ਇਹ ਵੀ ਐਲਾਨ ਕੀਤਾ ਕਿ ਇਹ ਲੜੀਵਾਰ ਭੁੱਖ ਹੜਤਾਲ ਲਗਾਤਾਰ ਜਾਰੀ ਰਹੇਗੀ ਤੇ ਜੇਕਰ ਕੋਈ ਵੀ ਕਿਸੇ ਤਰ੍ਹਾਂ ਦਾ ਜਾਨੀ-ਮਾਲੀ ਨੁਕਸਾਨ ਹੁੰਦਾ ਹੈ, ਤਾਂ ਉਸ ਦੇ ਮੁੱਖ ਤੌਰ 'ਤੇ ਜ਼ਿੰਮੇਵਾਰ ਇੱਥੋਂ ਦੇ ਹਲਕਾ ਵਿਧਾਇਕ ਤੇ ਐੱਸਡੀਐੱਮ ਜਲਾਲਾਬਾਦ ਹੋਣਗੇ।

ਦੱਸ ਦਈਏ ਕਿ ਰੇਹੜੀ-ਫ਼ੜੀ ਵਾਲਿਆਂ ਦਾ ਰੋਸ ਪ੍ਰਦਰਸ਼ਨ ਪਿਛਲੇ ਛੇ ਦਿਨਾਂ ਤੋਂ ਲਗਾਤਾਰ ਚੱਲ ਰਿਹਾ ਹੈ ਅਤੇ ਪਹਿਲਾਂ ਇਸ ਸ਼ੈੱਡ ਦੇ ਥੱਲੇ ਇਹ ਰੇਹੜੀ ਫ਼ੜੀ ਵਾਲੇ ਸਬਜ਼ੀ ਤੇ ਫ਼ਲ ਵੇਚਣ ਲਈ ਰੇਹੜੀਆਂ ਲਗਾ ਕੇ ਆਪਣਾ ਗੁਜ਼ਾਰਾ ਚਲਾਉਂਦੇ ਸਨ, ਪ੍ਰੰਤੂ ਹੁਣ ਪਿਛਲੇ ਲਗਭਗ ਇੱਕ ਹਫਤੇ ਤੋਂ ਉਨ੍ਹਾਂ ਦਾ ਕੰਮ ਕਾਜ ਪੂਰੀ ਤਰ੍ਹਾਂ ਠੱਪ ਹੈ ਤੇ ਉਨ੍ਹਾਂ ਦੇ ਚੁੱਲੇ ਠੰਡੇ ਪਏ ਹਨ।ਅੱਜ ਦੀ ਭੁੱਖ ਹੜਤਾਲ ਵਿੱਚ ਆਪਣੇ ਹੱਕ ਪ੍ਰਾਪਤ ਕਰਨ ਲਈ ਰੇਹੜੀ-ਫ਼ੜੀ ਵਾਲਿਆਂ ਦੀਆਂ ਔਰਤਾਂ ਨੇ ਮੋਰਚਾ ਸੰਭਾਲ ਲਿਆ ਹੈ।

ਉਨ੍ਹਾਂ ਐਲਾਨ ਕੀਤਾ ਹੈ ਕਿ ਉਹ ਆਪਣੇ ਪਰਿਵਾਰ ਦੀ ਰੋਟੀ ਕਿਸੇ ਤਰ੍ਹਾਂ ਵੀ ਕਿਸੇ ਨੂੰ ਖੋਹਣ ਨਹੀਂ ਦੇਣਗੇ ਅਤੇ ਆਪਣੇ ਪੁਰਸ਼ ਪਰਿਵਾਰਕ ਮੈਂਬਰਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਸੰਘਰਸ਼ ਵਿੱਚ ਬਰਾਬਰ ਖੜ੍ਹ ਕੇ ਪਹਿਰਾ ਦੇਣਗੀਆਂ।

# 150 ਗ੍ਰਾਮ ਹੈਰੋਇਨ, ਪਿਸਟਲ ਸਮੇਤ ਤਿੰਨ ਨਸ਼ਾ ਤਸਕਰ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**
ਡੀ.ਜੀ.ਪੀ. ਪੰਜਾਬ ਵੱਲੋਂ ਨਸ਼ਾ ਤਸਕਰਾਂ ਤੇ ਨਜਾਇਜ਼ ਹਥਿਆਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਥਾਣਾ ਕੋਟ ਈਸੇ ਖਾਂ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਇੰਸਪੈਕਟਰ ਗੁਵਿੰਦਰ ਸਿੰਘ ਭੁੱਲਰ ਮੁੱਖ ਅਫਸਰ ਥਾਣਾ ਕੋਟ ਈਸੇ ਖਾਂ ਦੀ ਅਗਵਾਈ ਹੇਠ ਏ.ਐੱਸ.ਆਈ. ਰਘਵਿੰਦਰ ਪ੍ਰਸ਼ਾਦ 683/ਮੋਗਾ ਨੇ 3 ਨੂੰ 150 ਗਰਾਮ ਹੈਰੋਇਨ, ਇੱਕ ਪਿਸਟਲ 32 ਬੋਰ ਸਮੇਤ ਮੈਗਜੀਨ, 4 ਰੌਂਦ ਜ਼ਿੰਦਾ 32 ਬੋਰ ਤੇ ਇੱਕ ਮੋਟਰਸਾਈਕਲ ਹੀਰੋ ਸਪਲੈਂਡਰ ਸਮੇਤ ਕਾਬੂ ਕੀਤਾ ਗਿਆ।ਡੀ ਐੱਸ ਪੀ ਧਰਮਕੋਟ ਰਮਨਦੀਪ ਸਿੰਘ ਨੇ ਦੱਸਿਆ ਕਿ ਮਿਤੀ 03.10.2025 ਨੂੰ ਏ ਐੱਸ ਆਈ ਰਘਵਿੰਦਰ ਪ੍ਰਸ਼ਾਦ ਸਮੇਤ ਸਾਥੀ ਕਰਮਚਾਰੀਆਂ ਦੇ ਤਬਾਦਲਾ ਨਾਕਾਬੰਦੀ ਦੇ ਸਬੰਧ ਵਿੱਚ ਪਿੰਡ ਦੌਲੇਵਾਲਾ ਤੋਂ ਪਿੰਡ ਮੰਦਰ ਨੂੰ ਜਾ ਰਹੇ ਸੀ, ਜਦ ਪੁਲਸ ਪਾਰਟੀ ਪਿੰਡ ਮੰਦਰ ਬੱਸ ਅੱਡੇ ਤੋਂ ਥੋੜ੍ਹਾ ਸਾਈਡ 'ਤੇ ਸੋਸਾਇਟੀ ਦੇ ਗੋਦਾਮਾਂ ਕੋਲ ਪੁੱਜੀ ਤਾਂ ਅਰਸ਼ਦੀਪ ਸਿੰਘ ਉਰਫ ਗੱਗੜ ਪੁੱਤਰ ਮਨਜੀਤ ਸਿੰਘ, ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਤਰਸੇਮ ਸਿੰਘ ਤੇ ਵੀਰਦਵਿੰਦਰ ਸਿੰਘ ਉਰਫ ਬੱਤਾ ਪੁੱਤਰ ਸੁਰਜੀਤ ਸਿੰਘ ਵਾਸੀ ਲਾਹੁਕਾ ਖੁਰਦ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਸਮੇਤ ਮੋਟਰਸਾਈਕਲ ਖੜ੍ਹੇ ਦਿਖਾਈ ਦਿੱਤੇ, ਜਿਨ੍ਹਾਂ ਨੂੰ ਸ਼ੱਕ ਦੀ ਬਿਨਾਹ 'ਤੇ ਕਾਬੂ ਕਰਕੇ ਇਨ੍ਹਾਂ ਪਾਸੋਂ 150 ਗਰਾਮ ਹੈਰੋਇਨ, ਇੱਕ ਪਿਸਟਲ 32 ਬੋਰ ਸਮੇਤ ਮੈਗਜ਼ੀਨ, 4 ਰੌਂਦ ਜਿੰਦਾ 32 ਬੋਰ ਤੇ ਇੱਕ ਮੋਟਰਸਾਈਕਲ ਹੀਰੋ ਸਪਲੈਂਡਰ ਬ੍ਰਾਮਦ ਕਰਕੇ ਮੁਕੱਦਮਾ ਨੰਬਰ 200 ਮਿਤੀ 03-10-25 ਅ/ਧ 21-61-85 ਐਨ ਡੀ ਪੀ ਐਸ ਐਕਟ 25/54/59 ਅਸਲਾ ਐਕਟ ਦਰਜ ਰਜਿਸਟਰ ਕੀਤਾ ਗਿਆ।

# ਭਾਰੀ ਮੀਂਹ ਦੀ ਭਵਿੱਖਬਾਣੀ ਨੇ ਕਿਸਾਨਾਂ ਦੇ ਸਾਹ ਸੂਤੇ

## ਮੀਂਹ ਤੇ ਹਨੇਰੀ ਕਾਰਨ ਕਈ ਜ਼ਿਲ੍ਹਿਆਂ 'ਚ ਝੋਨੇ ਦੀ ਫਸਲ ਨੂੰ ਭਾਰੀ ਨੁਕਸਾਨ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**
ਮੌਸਮ ਵਿਭਾਗ ਵੱਲੋਂ ਪੰਜਾਬ ਤੇ ਨਾਲ ਲੱਗਦੇ ਰਾਜਾਂ ਦੇ ਕੁੱਝ ਹਿੱਸਿਆਂ ਵਿੱਚ ਬਾਰਿਸ਼ ਦੀ ਭਵਿੱਖਬਾਣੀ ਕੀਤੀ ਹੈ।ਇਸ ਕਾਰਨ ਪੰਜਾਬ ਵਿੱਚ ਦਰਿਆਵਾਂ ਨਾਲ ਲੱਗੇ ਇਲਾਕਿਆਂ ਵਿੱਚ ਫਿਰ ਤੋਂ ਹੜ੍ਹਾਂ ਵਰਗੀ ਸਥਿਤੀ ਪੈਦਾ ਹੋਣ ਦੇ ਖ਼ਦਸ਼ੇ ਪੈਦਾ ਹੋ ਗਏ ਹਨ। ਪੰਜਾਬ ਅੰਦਰ ਮੌਸਮ ਦੇ ਬਦਲੇ ਮਿਜਾਜ਼ ਕਾਰਨ ਹੋਈ ਬਰਸਾਤ ਤੇ ਆਈ ਤੇਜ਼ ਹਨੇਰੀ ਕਾਰਨ ਜਿੱਥੇ ਕਈ ਜ਼ਿਲ੍ਹਿਆਂ 'ਚ ਮੰਡੀਆਂ ਵਿੱਚ ਜਿੱਥੇ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਭਿੱਜ ਗਈ, ਉੱਥੇ ਤੇਜ਼ ਹਨੇਰੀ ਕਾਰਨ ਝੋਨੇ ਦੀ ਪੱਕਣ ਤੇ ਆਈ ਖੜੀ ਫ਼ਸਲ ਦੇ ਖੇਤਾਂ ਵਿੱਚ ਵਿਛਣ ਕਾਰਨ ਨੁਕਸਾਨ ਪਹੁੰਚਣ ਦੀਆਂ ਖਬਰਾਂ ਮਿਲਿਆਂ ਹਨ।ਮੌਸਮ ਵਿਭਾਗ ਵੱਲੋਂ 5 ਅਕਤੂਬਰ ਤੋਂ 7 ਅਕਤੂਬਰ ਤੋਂ ਪੂਰੇ ਪੰਜਾਬ ਅੰਦਰ ਭਾਰੀ ਮੀਂਹ ਪੈਣ ਦੀ ਕੀਤੀ ਗਈ ਪੇਸ਼ਨਗੋਈ ਨੇ ਇਕ ਵਾਰ ਜਿੱਥੇ ਕਿਸਾਨਾਂ ਦੀਆਂ ਚਿੰਤਾਵਾਂ ਵਿੱਚ ਵਾਧਾ ਕਰ ਦਿੱਤਾ ਹੈ, ਉਥੇ ਪੰਜਾਬ ਦੀਆਂ ਖ੍ਰੀਦ ਏਜੰਸੀਆਂ, ਸ਼ੈਲਰ ਮਾਲਕਾਂ, ਆੜ੍ਹਤੀਆਂ ਤੇ ਕਿਸਾਨਾਂ ਨੂੰ ਚਿੰਤਾ ਵਿੱਚ ਡੋਬ ਦਿੱਤਾ ਹੈ, ਕਿਉਂਕਿ ਕਿਸਾਨਾਂ ਦੀ ਝੋਨੇ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੈ ਅਤੇ ਸੂਬੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਤੇਜ਼ ਹੋ ਗਈਂ ਹੈ।ਜੇਕਰ ਆਉਂਦੇ ਦਿਨਾਂ 'ਚ ਪੰਜਾਬ ਅੰਦਰ ਭਾਰੀ ਮੀਂਹ ਪੈ ਜਾਂਦਾ ਹੈ ਤਾਂ ਇਸ ਦਾ ਸਿੱਧਾ ਅਸਰ ਮੰਡੀਆਂ ਵਿੱਚ ਵਿਕਣ ਲਈ ਆਉਣ ਵਾਲੀ ਝੋਨੇ ਦੀ ਫ਼ਸਲ 'ਤੇ ਪਵੇਗਾ, ਕਿਉਂਕਿ ਮੀਂਹ ਨਾਲ ਹਵਾ ਵਿੱਚ ਨਮੀਂ ਵੱਧ ਜਾਣ ਕਰਕੇ ਝੋਨੇ ਵਿੱਚ ਵੀ ਨਿਰਧਾਰਤ ਮਾਤਰਾ ਵਿੱਚ ਨਮੀ ਦੇ ਵੱਧ ਜਾਣ ਕਾਰਨ ਇਸ ਦੀ ਖ੍ਰੀਦ ਵਿੱਚ ਵੀ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ, ਜਿਸ ਦਾ ਸਿੱਧਾ ਨੁਕਸਾਨ ਕਿਸਾਨਾਂ ਨੂੰ ਪਹੁੰਚੇਗਾ।ਮੌਸਮ ਵਿਭਾਗ ਵੱਲੋਂ ਮੀਂਹ ਪੈਣ ਦੀ ਕੀਤੀ ਗਈ ਭਵਿੱਖ ਬਾਣੀ ਦੇ ਮੱਦੇਨਜ਼ਰ ਡੈਮਾਂ ਵਿੱਚ ਅਹਿਤਿਆਤ ਵਜੋਂ ਪਾਣੀ ਛੱਡਿਆ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਮੌਸਮ ਵਿਭਾਗ ਨੇ 5 ਤੋਂ 7 ਅਕਤੂਬਰ ਤੱਕ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ ਤੇ ਕਿਹਾ ਗਿਆ ਹੈ ਕਿ ਅਕਤੂਬਰ ਮਹੀਨੇ ਵਿੱਚ ਇਹ ਮੀਂਹ ਇੰਨਾ ਪਵੇਗਾ ਕਿ ਪਿਛਲੇ ਅੱਠ ਦਹਾਕਿਆਂ ਦਾ ਰਿਕਾਰਡ ਟੁੱਟ ਜਾਵੇਗਾ।ਪੰਜਾਬ ਵਿੱਚ ਪਹਿਲਾਂ ਤੋਂ ਹੀ ਹੜ੍ਹਾਂ ਕਾਰਨ ਭਾਰੀ ਤਬਾਹੀ ਆਈ ਹੋਈ ਹੈ।ਇਨ੍ਹਾਂ ਹੜ੍ਹਾਂ ਕਾਰਨ 2500 ਪਿੰਡਾਂ ਦੀ ਫ਼ਸਲ ਤਬਾਹ ਹੋ ਗਈ ਹੈ ਤੇ ਲਗਭਗ 6 ਲੱਖ ਏਕੜ ਜ਼ਮੀਨ 'ਤੇ ਫ਼ਸਲਾਂ ਦਾ ਨੁਕਸਾਨ ਹੋਇਆ ਹੈ।ਇਨ੍ਹਾਂ ਹੜ੍ਹਾਂ ਕਾਰਨ ਵੱਡੀ ਗਿਣਤੀ ਵਿੱਚ ਪਸ਼ੂ ਵੀ ਮਾਰੇ ਗਏ ਹਨ ਤੇ ਬੁਨਿਆਦੀ ਢਾਂਚੇ ਦੇ ਨਾਲ-ਨਾਲ ਲੋਕਾਂ ਦੇ ਘਰਾਂ ਨੂੰ ਵੀ ਵੱਡਾ ਨੁਕਸਾਨ ਪਹੁੰਚਿਆ ਹੈ। ਇਸ ਸਮੇਂ ਸਰਕਾਰ ਤੇ ਸਮਾਜ ਸੇਵੀ ਸੰਸਥਾਵਾਂ ਇਨ੍ਹਾਂ ਪ੍ਰਭਾਵਿਤ ਇਲਾਕਿਆਂ ਵਿੱਚ ਮੁੜ ਵਸੇਬੇ ਲਈ ਕਾਰਜ ਕਰ ਰਹੀਆਂ ਹਨ।

## ਕਾਤਰਾਂ

### ਪੱਤਰਕਾਰ ਭਾਈਚਾਰੇ ਦੀ ਅਹਿਮ ਮੀਟਿੰਗ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ)**-ਪੱਤਰਕਾਰ ਭਾਈਚਾਰੇ ਨੂੰ ਫ਼ੀਲਡ ਵਿੱਚ ਆ ਰਹੀਆਂ ਮੁਸ਼ਕਲਾਂ 'ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਨ ਲਈ ਇੱਕ ਅਹਿਮ ਮੀਟਿੰਗ ਦੀਪਕ ਪਾਲ ਦੀ ਪ੍ਰਧਾਨਗੀ ਹੇਠ ਸੋਮਵਾਰ ਸਵੇਰੇ 10.30 ਵਜੇ ਸ਼ੇਰ ਸਿੰਘ ਚੌਕ ਨਜ਼ਦੀਕ ਆਪਣਾ ਬਿਸਤਰ ਭੰਡਾਰ ਵਿਖੇ ਹੋਵੇਗੀ।ਪੱਤਰਕਾਰ ਭਾਈਚਾਰੇ ਨੂੰ ਸਮੇਂ ਸਿਰ ਪੁੱਜਣ ਦੀ ਅਪੀਲ ਕੀਤੀ ਜਾਂਦੀ ਹੈ।ਇਸ ਸਮੇਂ ਜੋ ਵੀ ਫੈਸਲਾ ਲਿਆ ਜਾਵੇਗਾ, ਸਭ ਦੀ ਸਲਾਹ ਨਾਲ ਲਿਆ ਜਾਵੇਗਾ।

### ਵਿਅਕਤੀ ਦੀ ਕੁੱਟਮਾਰ, ਕੇਸ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਸਬਾ ਮਮਦੋਟ ਅਧੀਨ ਆਉਂਦੇ ਪਿੰਡ ਸਾਹਨ ਕੇ ਵਿਖੇ ਇੱਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਪੁਲਸ ਨੇ 6 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਸਾਹਨ ਕੇ ਨੇ ਦੱਸਿਆ ਕਿ ਸੋਨਾ ਸਿੰਘ ਪੁੱਤਰ ਗੱਜਣ ਸਿੰਘ, ਸੁਨੀਲ ਸਿੰਘ ਪੁੱਤਰ ਸੋਨਾ ਸਿੰਘ, ਸਤਪਾਲ ਸਿੰਘ ਪੁੱਤਰ ਗੁਰਨੇਕ ਸਿੰਘ, ਅਜਮੇਰ ਸਿੰਘ ਪੁੱਤਰ ਬਲਵੀਰ ਸਿੰਘ, ਗੁਰਮੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀਆਨ ਸਾਹਨ ਕੇ ਨੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

### ਬਿਜਲੀ ਘਰ 'ਚੋਂ ਸਾਮਾਨ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਵਿਖੇ ਬਿਜਲੀ ਘਰ ਦੇ ਸਟੋਰ ਵਿੱਚੋਂ ਬਿਜਲੀ ਦਾ ਸਾਮਾਨ ਚੋਰੀ ਕਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜਿੰਦਰ ਸਿੰਘ ਐੱਸਡੀਓ ਮੱਲਾਂਵਾਲਾ ਨੇ ਦੱਸਿਆ ਕਿ ਬਿਜਲੀ ਘਰ ਮੱਲਾਂਵਾਲਾ ਵਿੱਚ ਬੀਤੀ 16-17 ਸਤੰਬਰ 2025 ਦੀ ਦਰਮਿਆਨੀ ਰਾਤ ਨੂੰ ਸਟੋਰ ਵਿੱਚੋਂ ਬਿਜਲੀ ਦਾ ਸਾਮਾਨ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### 6 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮੱਲਾਂਵਾਲਾ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਮੱਲਾਂਵਾਲਾ ਸ਼ਹਿਰ ਤੋਂ ਮਖੂ ਰੋਡ ਆਸਿਫ ਵਾਲਾ ਨੂੰ ਜਾ ਰਹੀ ਸੀ ਤਾਂ ਚੌਂਕ ਆਸਿਫ ਵਾਲਾ ਕੋਲ ਇਕ ਨੌਜਵਾਨ ਡਿੰਪਲ ਪੁੱਤਰ ਜੀਤ ਸਿੰਘ ਵਾਸੀ ਮੱਲਾਂਵਾਲਾ ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗਾ, ਜਿਸ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸੁਮੁਦ ਫਲੋਟਿਲਾ ਦੇ ਯਾਤਰੀਆਂ ਨੂੰ ਅਗਵਾ ਕਰਨ ਦੀ ਇਨਕਲਾਬੀ ਕੇਂਦਰ ਵੱਲੋਂ ਸਖ਼ਤ ਨਿੰਦਾ

**ਲੁਧਿਆਣਾ (ਰੈਕਟਰ ਕਥੂਰੀਆ)**
ਇਨਕਲਾਬੀ ਕੇਂਦਰ ਪੰਜਾਬ ਇਜ਼ਰਾਈਲੀ ਸਰਕਾਰ ਦੁਆਰਾ ਸਹਾਇਤਾ ਸਮੱਗਰੀ ਲੈ ਕੇ ਜਾਣ ਵਾਲੇ ਆਲਮੀ ਸੁਮੁਦ ਫਲੋਟਿਲਾ ਨੂੰ ਅਗਵਾ ਦੀ ਨਿੰਦਾ ਕਰਦਾ ਹੈ ਅਤੇ ਯੁੱਧ ਅਪਰਾਧੀ ਨੇਤਨਯਾਹੂ ਤੇ ਇਸ ਦੇ ਸ਼ਾਸਨ ਦੁਆਰਾ ਅਮਰੀਕੀ ਸਾਮਰਾਜਵਾਦ ਤੇ ਫਾਸ਼ੀਵਾਦੀ ਟਰੰਪ ਦੇ ਨਾਲ ਆਲਮੀ ਸੁਮੁਦ ਫਲੋਟਿਲਾ ਦੇ ਅਗਵਾ ਦੀਆਂ ਜਾਲਮਾਨਾ ਗਤੀਵਿਧੀਆਂ ਦੀ ਸਖ਼ਤ ਨਿੰਦਾ ਕਰਦਾ ਹੈ।ਇਹ ਅਮਰੀਕੀ-ਇਜ਼ਰਾਈਲੀ ਜੋੜੀ ਦੀ ਇੱਕ ਹੋਰ ਨੰਗੀ ਅਪਰਾਧਿਕ ਗਤੀਵਿਧੀ ਹੈ। ਇਨਕਲਾਬੀ ਕੇਂਦਰ ਪੰਜਾਬ ਕੌਮਾਂਤਰੀ ਅਪਰਾਧਿਕ ਅਦਾਲਤ ਵੱਲੋਂ ਯੁੱਧ ਅਪਰਾਧੀ ਠਹਿਰਾਏ ਗਏ ਨੇਤਨਯਾਹੂ ਤੇ ਇਸ ਦੇ ਸਮਰਥਕਾਂ ਵਿਰੁੱਧ ਆਲਮੀ ਗੁੱਸੇ ਦੇ ਨਾਲ, ਆਲਮੀ ਸੁਮੁਦ ਫਲੋਟਿਲਾ ਪ੍ਰਤੀ ਆਲਮੀ ਇੱਕਮੁੱਠਤਾ ਦਾ ਇਜ਼ਹਾਰ ਕਰਦਾ ਹੈ।ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਸਾਮਰਾਜੀ ਸਰਗਣੇ, ਦੁਨੀਆ ਦੇ ਮਹਾਂਧਾੜਵੀ ਡੋਨਲਡ ਟਰੰਪ ਦੀ ਸ਼ਹਿ 'ਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਵੱਲੋਂ 7 ਅਕਤੂਬਰ 2023 ਤੋਂ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਕਰਕੇ ਹੁਣ ਤੱਕ 66000 ਤੋਂ ਵਧੇਰੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ।1 ਲੱਖ 64 ਹਜ਼ਾਰ 264 ਫ਼ਲਸਤੀਨੀ ਜ਼ਖ਼ਮੀ, ਹਜ਼ਾਰਾਂ ਲੋਕਾਂ ਦੇ ਮਲਵੇ ਹੇਠ ਦੱਬੇ ਹੋਣ ਦਾ ਖ਼ਦਸ਼ਾ ਹੈ।19 ਲੱਖ (90%) ਅਬਾਦੀ ਉਜਾੜ ਦਿੱਤੀ ਹੈ।ਗਾਜ਼ਾ ਵਿੱਚ ਮਾਰੇ ਗਏ 1,581 ਧਰਤੀ ਮਜ਼ਦੂਰ, 252 ਪੱਤਰਕਾਰਾਂ ਦੀ ਗਿਣਤੀ ਹੈ ਤੇ 346 ਸੰਯੁਕਤ ਰਾਸ਼ਟਰ ਦੇ ਸਟਾਫ ਹਨ।97% ਵਿੱਦਿਅਕ ਅਦਾਰੇ, 94% ਹਸਪਤਾਲਾਂ ਸਮੇਤ 92% (4,36,00) ਰਿਹਾਇਸ਼ੀ ਤੇ ਵਪਾਰਕ ਇਮਾਰਤਾਂ ਨੂੰ ਬੰਬਾਰੀ ਕਰਕੇ ਖੰਡਰਾਂ ਵਿੱਚ ਤਬਦੀਲ ਕਰ ਦਿੱਤਾ ਹੈ।30% (6,41,000) ਭੁੱਖਮਰੀ ਦਾ ਸ਼ਿਕਾਰ ਬਣਾਏ ਲੋਕਾਂ ਲਈ ਜ਼ਰੂਰੀ ਮਨੁੱਖੀ ਲੋੜਾਂ ਦਾ ਸਾਮਾਨ ਲੈ ਕੇ ਆ ਰਹੀਆਂ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਵੀ ਫ਼ਲਸਤੀਨ ਦੀ ਹਮਾਇਤ ਕਰਨ ਤੱਕ ਪਹੁੰਚਣ ਤੋਂ ਦੂਰ ਭਜਾਇਆ ਜਾ ਰਿਹਾ ਹੈ।ਪਾਣੀ, ਭੋਜਨ, ਦਵਾਈਆਂ ਤੱਕ ਨੂੰ ਰੋਕਣ ਕਾਰਨ ਵੱਡੀ ਗਿਣਤੀ ਵਿੱਚ ਅਬਾਦੀ ਭੁੱਖਮਰੀ ਦਾ ਸ਼ਿਕਾਰ ਹੈ।ਭੁੱਖਮਰੀ ਦਾ ਸ਼ਿਕਾਰ ਬਣਾਏ ਫ਼ਲਸਤੀਨੀ ਲੋਕਾਂ ਨੂੰ ਇਜ਼ਰਾਈਲੀ ਫ਼ੌਜ ਅੰਨ੍ਹੇਵਾਹ ਗੋਲੀਆਂ ਦਾ ਸ਼ਿਕਾਰ ਬਣਾ ਰਹੀ ਹੈ। ਭੁੱਖ ਮਰੀ ਲਈ ਮਜਬੂਰ ਕੀਤੇ ਫ਼ਲਸਤੀਨੀ ਲੋਕਾਂ ਲਈ ਸੰਸਾਰ ਦੇ ਵੱਖ-ਵੱਖ ਹਿੱਸਿਆਂ ਤੋਂ ਮਾਨਵੀ ਸਹਾਇਤਾ ਤੇ ਨਿੱਕੀ ਜੰਗ ਬੰਦ ਕਰਨ ਦਾ ਸੁਨੇਹਾ ਲੈ ਕੇ ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਪੁੱਜੇ ਸੁਮੁਦ ਫਲੋਟਿਲਾ ਵਿੱਚ 44 ਦੇਸ਼ਾਂ ਦੇ 50 ਜਹਾਜ਼ਾਂ ਵਿੱਚ ਸਵਾਰ ਗ੍ਰੇਟਾ ਥੁਨਬਰਗ, ਨੈਸ਼ਨਲ ਮੰਡੇਲਾ ਦੇ ਪੋਤੇ ਤੇ ਪ੍ਰਸਿੱਧ ਵਕੀਲਾਂ ਜਿਹੀਆਂ ਆਲਮੀ ਸ਼ਖ਼ਸੀਅਤਾਂ ਤੇ ਇਸ ਦੇ 500 ਕਾਰਕੁੰਨਾਂ ਦੀ ਤੁਰੰਤ ਤੇ ਬਿਨਾਂ ਸ਼ਰਤ ਰਿਹਾਈ ਦੀ ਮੰਗ ਕਰਦਾ ਹੈ।ਸੂਬਾ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ ਕਿਹਾ ਕਿ ਇਨਕਲਾਬੀ ਕੇਂਦਰ ਪੰਜਾਬ ਮੋਦੀ ਸ਼ਾਸਨ ਤੋਂ ਨੇਤਨਯਾਹੂ ਸ਼ਾਸਨ ਨਾਲ ਸਾਰੇ ਸਬੰਧਾਂ-ਡਿਪਲੋਮੈਟਿਕ, ਫ਼ੌਜੀ ਅਤੇ ਆਰਥਿਕ ਅਤੇ ਹੋਰ-ਨੂੰ ਤੁਰੰਤ ਅਤੇ ਪੂਰੀ ਤਰ੍ਹਾਂ ਤੋੜਨ ਦੀ ਜ਼ੋਰਦਾਰ ਮੰਗ ਕਰਦਾ ਹੈ।ਇਨਕਲਾਬੀ ਕੇਂਦਰ ਪੰਜਾਬ ਫ਼ਲਸਤੀਨੀ ਲੋਕਾਂ ਦੀਆਂ ਸੱਚੀਆਂ ਅਤੇ ਨਿਆਂਪੂਰਨ ਇੱਛਾਵਾਂ ਲਈ ਆਲਮੀ ਏਕਤਾ ਦੇ ਨਾਲ ਹੈ ਤੇ ਆਜ਼ਾਦੀ ਨੂੰ ਪਿਆਰ ਕਰਨ ਵਾਲੇ ਭਾਰਤੀਆਂ ਨੂੰ ਆਲਮੀ ਏਕਤਾ ਲਹਿਰ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦਾ ਹੈ।

# ਸਰਕਾਰ ਗਰੀਬਾਂ ਲਈ ਚਿਕਨਗੁਨੀਆ ਤੋਂ ਬਚਾਅ ਲਈ ਯੋਗ ਪ੍ਰਬੰਧ ਕਰੇ : ਗਿੱਲ



**ਲੌਂਗੋਵਾਲ (ਪ੍ਰਦੀਪ ਸੱਪਲ)** : ਲੌਂਗੋਵਾਲ ਵਿੱਚ ਚਿਕਣਗੁਨੀਆ ਨਾਂਅ ਦੇ ਤੇਜ਼ ਬੁਖ਼ਾਰ ਨੇ ਲੋਕਾਂ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ।ਕਸਬੇ ਵਿੱਚ ਕੁਝ ਵਿਅਕਤੀਆਂ ਦੀ ਮੌਤ ਵੀ ਹੋਣ ਦੀਆਂ ਖ਼ਬਰਾਂ ਮਿਲੀਆਂ ਹਨ।ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਅਮਰਜੀਤ ਸਿੰਘ ਗਿੱਲ ਨੇ ਆਖਿਆ ਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਇਸ ਬੁਖ਼ਾਰ ਦੇ ਮਰੀਜ਼ਾਂ ਦੀ ਭੀੜ ਲੱਗੀ ਪਈ ਹੈ, ਜਦਕਿ ਸਰਕਾਰੀ ਹਸਪਤਾਲ ਪਹਿਲਾਂ ਦੀ ਤਰ੍ਹਾਂ ਆਪਣੇ ਨਿਰਧਾਰਤ ਸਮੇਂ 'ਤੇ ਖੁੱਲ੍ਹਦੇ ਤੇ ਬੰਦ ਹੁੰਦੇ ਹਨ, ਕੋਈ 24 ਘੰਟੇ ਐਮਰਜੈਂਸੀ ਲਈ ਸੁਵਿਧਾਵਾਂ ਨਹੀਂ।ਲੋਕ ਮਜਬੂਰਨ ਪ੍ਰਾਈਵੇਟ ਹਸਪਤਾਲਾਂ ਵਿੱਚ ਲੁੱਟ ਹੋ ਰਹੇ ਹਨ।

ਨਗਰ ਕੌਂਸਲ ਵੱਲੋਂ ਬਜ਼ਾਰਾਂ, ਗਲੀ ਮੁਹੱਲਿਆਂ ਵਿੱਚ ਧੂੰਆਂ ਬਿਖੇਰ ਕੇ ਮੱਛਰਾਂ ਨੂੰ ਕੁਝ ਦਿਨ ਚੁੱਪ ਕਰਵਾ ਦਿੱਤਾ ਜਾਂਦਾ ਹੈ, ਪਰ ਸਰਕਾਰ ਦੇ ਮੁਹੱਲਾ ਕਲੀਨਿਕ ਜੇਕਰ ਅਜੇ ਉਸਾਰੀ ਅਧੀਨ ਹਨ ਤਾਂ ਮੁਲਾਜ਼ਮਾਂ ਨੂੰ ਆਰਜ਼ੀ ਪ੍ਰਬੰਧ ਕਰਕੇ ਡਿਊਟੀ 'ਤੇ ਤਾਇਨਾਤ ਕੀਤਾ ਜਾ ਸਕਦਾ ਹੈ, ਪਰ ਲਗਦਾ ਹੈ ਕਿ ਪ੍ਰਸ਼ਾਸਨ ਹੜ੍ਹਾਂ ਵਾਂਗ ਸਿਰ ਪਈ ਤੋਂ ਜਾਗੇਗਾ। ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਨੇ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਜਿਹੜੇ ਗ਼ਰੀਬ, ਮਜ਼ਦੂਰ, ਮਿਡਲ ਕਲਾਸ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਤੋਂ ਅਸਮਰਥ ਹਨ, ਉਨ੍ਹਾਂ ਹਿੱਤ ਇਲਾਜ ਲਈ ਯੋਗ ਪ੍ਰਬੰਧ ਕੀਤੇ ਜਾਣ ਅਤੇ ਇਸ ਭਿਅਨਕ ਬੀਮਾਰੀ ਤੋਂ ਬਚਾਇਆ ਜਾਵੇ।

# ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ) ਦੀ ਜਥੇਬੰਦਕ ਕਾਨਫਰੰਸ ਸੰਪੰਨ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**
ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ) ਜ਼ਿਲ੍ਹਾ ਫ਼ਾਜ਼ਿਲਕਾ ਦੀ ਜਥੇਬੰਦਕ ਕਾਨਫਰੰਸ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਦੀ ਦੇਖ-ਰੇਖ ਹੇਠ ਸੰਪੰਨ ਹੋਈ, ਜਿਸ 'ਚ ਵੱਖ ਵੱਖ ਜਥੇਬੰਦੀਆ ਨਾਲ ਸਬੰਧਤ ਕਾਮਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਪ.ਸ.ਸ.ਫ. ਵਿਗਿਆਨਕ ਦੀ ਜ਼ਿਲ੍ਹਾ ਕਾਨਫਰੰਸ ਦੀ ਪ੍ਰਧਾਨਗੀ ਸੁਰਿੰਦਰ ਕੰਬੋਜ, ਮਹਿੰਦਰ ਸਿੰਘ ਘੱਲੂ, ਜਸਵਿੰਦਰ ਸਿੰਘ ਅਧਾਰਿਤ ਤਿੰਨ ਮੈਂਬਰੀ ਪ੍ਰਧਾਨਗੀ ਮੰਡਲ ਨੇ ਕੀਤੀ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਨਰਲ ਸਕੱਤਰ ਮੇਜਰ ਸਿੰਘ ਨੇ ਸਵਾਗਤੀ ਭਾਸ਼ਣ 'ਚ ਦੇਸ਼ ਤੇ ਅੰਤਰਰਾਸ਼ਟਰੀ ਪੱਧਰ ਤੇ ਭਾਰਤ ਦੀ ਸਥਿਤੀ 'ਤੇ ਚਾਨਣਾ ਪਾਇਆ। ਪਸਸਫ ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ 'ਚ 'ਆਪ' ਸਰਕਾਰ ਨੇ ਸੂਬੇ ਦੇ ਹਜ਼ਾਰਾਂ ਕੱਚੇ ਕਾਮਿਆਂ ਤੇ ਆਊਟਸੋਰਸ ਕਾਮਿਆਂ ਨੂੰ ਪੱਕੇ ਨਹੀਂ ਕੀਤਾ, ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ, ਪੰਜਾਬ ਵਿੱਚ ਕੇਂਦਰੀ ਸਕੇਲ ਲਾਗੂ ਕੀਤੇ ਗਏ ਹਨ, 16% ਮਹਿੰਗਾਈ ਭੱਤਾ ਸਰਕਾਰ ਵੱਲ ਬਕਾਇਆ ਹੈ, ਨਵੀਂ ਭਰਤੀ ਨਹੀਂ ਕੀਤੀ ਜਾ ਰਹੀ, ਸਰਕਾਰੀ ਸੰਸਥਾਵਾਂ ਨਿਜੀਕਰਨ ਦੀ ਭੇਟ ਚੜ੍ਹ ਰਹੀਆਂ ਹਨ, 37 ਤਰ੍ਹਾਂ ਦੇ ਭੱਤੇ ਖਤਮ ਹੋ ਗਏ ਹਨ ਪੈਨਸ਼ਨਰਜ ਤੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ 2,.59 ਫੈਕਟਰ ਲਾਗੂ ਨਹੀ ਕੀਤਾ, ਤਿੰਨ ਲੱਖ ਪੈਨਸ਼ਨਰਜ਼ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। 2026 ਤੋਂ 7ਵਾਂ ਪੇ ਕਮਿਸ਼ਨ ਲਾਗੂ ਕਰਾਉਣ ਲਈ ਪ.ਸ.ਸ.ਫ. ਵਿਗਿਆਨਕ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

ਕਾਨਫਰੰਸ ਨੂੰ ਸੂਬਾਈ ਆਗੂ ਸੁਖਵਿੰਦਰ ਸਿੰਘ ਦੋਦਾ, ਹਰਦੀਪ ਕੁਮਾਰ, ਸਾਥੀ ਹਰਭਜਨ ਸਿੰਘ ਖੁੰਗਰ, ਪ੍ਰਿੰਸੀਪਲ ਹੰਸ ਰਾਜ, ਸੁਖਦੇਵ ਚੰਦ ਆਦਿ ਕਾਨਫਰੰਸ 'ਚ ਪਿਛਲੇ ਕਾਰਜਕਾਲ ਦੀਆਂ ਗਤੀਵਿਧੀਆਂ ਉਪਰ ਪੇਸ਼ ਕੀਤੀ ਰਿਪੋਰਟ ਨੂੰ ਸਰਬਸੰਮਤੀ ਨਾਲ ਪਾਸ ਕੀਤਾ ।

ਪਸਸਫ ਨੇ ਪਿਛਲੀ ਜ਼ਿਲ੍ਹਾ ਕੌਂਸਲ ਨੂੰ ਭੰਗ ਕਰਕੇ ਜ਼ਿਲ੍ਹੇ ਦੀ ਨਵੀਂ ਟੀਮ ਦੀ ਚੋਣ ਕਰਨ ਲਈ ਕਿਹਾ ਗਿਆ। ਸਾਥੀ ਗਗਨਦੀਪ ਭੁੱਲਰ ਨੇ ਸਮੂਹ ਸਾਥੀਆਂ ਦੀ ਸਲਾਹ ਨਾਲ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਲਈ ਨਵੀ ਟੀਮ ਦਾ ਪੈਨਲ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਸਮੂਹ ਡੈਲੀਗੇਟਾ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

# ਭਰਾ ਨੂੰ ਕਤਲ ਕਰਨ ਦੇ ਦੋਸ਼ ਹੇਠ ਅਦਾਲਤ ਨੇ ਸੁਣਾਈ ਉਮਰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਕਰੀਬ ਛੇ ਸਾਲ ਪਹਿਲਾਂ ਪਿੰਡ ਧਨੌਲਾ ਵਿਖੇ ਦੀਵਾਲੀ ਮੌਕੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰੇ ਗਏ ਰਘਬੀਰ ਸਿੰਘ ਦੇ ਕਤਲ ਮਾਮਲੇ 'ਚ ਮ੍ਰਿਤਕ ਦੇ ਵੱਡੇ ਭਰਾ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ 27/10/19 ਨੂੰ ਥਾਣਾ ਖਮਾਣੋਂ ਵਿਖੇ ਅ/ਧ 302 ਆਈ.ਪੀ.ਸੀ. ਅਤੇ ਅਸਲਾ ਐਕਟ ਦੀ ਧਾਰਾ 25, 27 ਤਹਿਤ ਦਰਜ ਕੀਤੇ ਗਏ ਮੁਕੱਦਮੇ ਦੇ ਸਬੰਧ 'ਚ ਪੁਲਸ ਵੱਲੋਂ ਸਾਬਕਾ ਫੌਜੀ ਹਰਜੀਵ ਸਿੰਘ (54) ਵਾਸੀ ਪਿੰਡ ਧਨੌਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੁਲਸ ਨੂੰ ਦਿੱਤੇ ਬਿਆਨਾਂ 'ਚ ਕਸ਼ਮੀਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਹਰਜੀਵ ਸਿੰਘ ਕਰੀਬ ਪੰਜ ਸਾਲ ਪਹਿਲਾਂ ਫੌਜ 'ਚੋਂ ਰਿਟਾਇਰਮੈਂਟ ਲੈ ਕੇ ਘਰ ਆ ਗਿਆ ਸੀ, ਜੋ ਸ਼ਰਾਬ ਪੀਣ ਦਾ ਆਦੀ ਸੀ ਤੇ ਆਪਣੀ ਸਾਰੀ ਕਮਾਈ ਖੁਦ 'ਤੇ ਹੀ ਖਰਚ ਦਿੰਦਾ ਸੀ ਤੇ ਉਸ ਨੂੰ ਅਤੇ ਬੱਚਿਆਂ ਨੂੰ ਖਰਚਾ ਨਹੀਂ ਸੀ ਦਿੰਦਾ, ਜਦੋਂਕਿ ਉਸਦਾ ਦਿਓਰ ਰਘਬੀਰ ਸਿੰਘ, ਜੋ ਅਣਵਿਆਹਿਆ ਸੀ ਤੇ ਵੇਰਕਾ ਪਲਾਂਟ ਮੋਹਾਲੀ ਵਿਖੇ ਨੌਕਰੀ ਕਰਦਾ ਸੀ। ਘਰ ਚਲਾਉਣ 'ਚ ਉਨ੍ਹਾਂ ਦੀ ਮਦਦ ਕਰ ਦਿੰਦਾ ਸੀ ਤੇ ਉਨ੍ਹਾਂ ਦੇ ਨਾਲ ਹੀ ਰੋਟੀ ਖਾਂਦਾ ਸੀ।ਕਸ਼ਮੀਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਘਰ 'ਚ ਮੀਟ ਬਣਾ ਰਿਹਾ ਸੀ ਤਾਂ ਉਸ ਨੇ ਕਿਹਾ ਕਿ ਅਸੀਂ ਘਰ 'ਚ ਮਾਤਾ ਦਾ ਮੱਥਾ ਟੇਕਣਾ ਹੈ, ਤੁਸੀਂ ਮੀਟ ਨਾ ਬਣਾਵੋ, ਜਿਸ 'ਤੇ ਉਸ ਦਾ ਪਤੀ ਹਰਜੀਵ ਸਿੰਘ ਗਾਲੀ ਗਲੋਚ ਕਰਨ ਲੱਗ ਪਿਆ, ਜਿਸ ਨੂੰ ਸਮਝਾਉਣ ਦੀ ਉਸ ਦੇ ਭਰਾ ਜਗਤਾਰ ਸਿੰਘ ਨੇ ਕੋਸ਼ਿਸ਼ ਕੀਤੀ ਤਾਂ ਹਰਜੀਵ ਸਿੰਘ ਨੇ ਆਪਣਾ 32 ਬੋਰ ਦਾ ਰਿਵਾਲਵਰ ਜਗਤਾਰ ਸਿੰਘ ਵੱਲ ਨੂੰ ਕਰਕੇ ਕਿਹਾ ਕਿ ਮੈਂ ਤੁਹਾਡੀ ਦਿਵਾਲੀ ਮਨਾਉਂਦਾ ਹਾਂ।

ਜਗਤਾਰ ਸਿੰਘ ਨੂੰ ਬਚਾਉਣ ਲਈ ਰਘਬੀਰ ਸਿੰਘ ਅੱਗੇ ਆ ਗਿਆ, ਜਿਸ ਨੇ ਆਪਣੇ ਵੱਡੇ ਭਰਾ ਹਰਜੀਵ ਸਿੰਘ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਹਰਜੀਵ ਸਿੰਘ ਨੇ ਕਿਹਾ ਮੈਂ ਤੈਨੂੰ ਵੀ ਨਹੀਂ ਛੱਡਣਾ।ਇਹ ਕਹਿੰਦੇ ਹੋਏ ਹਰਜੀਵ ਸਿੰਘ ਨੇ ਰਿਵਾਲਵਰ ਦਾ ਸਿੱਧਾ ਫਾਇਰ ਰਘਬੀਰ ਸਿੰਘ ਦੀ ਛਾਤੀ 'ਤੇ ਕਰ ਦਿੱਤਾ, ਜਿਸ ਕਾਰਨ ਰਘਬੀਰ ਸਿੰਘ ਲਹੂ ਲੁਹਾਨ ਹੋ ਕੇ ਧਰਤੀ 'ਤੇ ਡਿੱਗ ਪਿਆ, ਜਿਸ ਨੂੰ ਚੁੱਕ ਕੇ ਸਿਵਲ ਹਸਪਤਾਲ ਖਮਾਣੋਂ ਪੁਚਾਇਆ ਗਿਆ, ਜਿੱਥੇ ਡਾਕਟਰਾਂ ਨੇ ਚੈੱਕ ਕਰਨ ਉਪਰੰਤ ਰਘਬੀਰ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਸ਼ਿਕਾਇਤ ਕਰਤਾ ਨੇ ਦੋਸ਼ ਲਾਏ ਕਿ ਉਸਦਾ ਪਤੀ ਹਰਜੀਵ ਸਿੰਘ ਆਪਣੇ ਛੋਟੇ ਭਰਾ ਰਘਬੀਰ ਸਿੰਘ ਨਾਲ ਇਸ ਲਈ ਖਾਰ ਖਾਂਦਾ ਸੀ ਕਿ ਉਹ ਉਸ ਦੇ ਪਰਵਾਰ ਦਾ ਖਰਚਾ ਕਿਉਂ ਚੁੱਕਦਾ ਹੈ।ਮਾਮਲੇ ਦੀ ਸੁਣਵਾਈ ਪੂਰੀ ਹੋਣ 'ਤੇ ਐਡੀਸ਼ਨਲ ਸੈਸ਼ਨਸ ਜੱਜ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਹਰਜੀਵ ਸਿੰਘ ਨੂੰ ਮਾਮਲੇ ਵਿੱਚ ਅ/ਧ 302 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ ਉਮਰ ਕੈਦ ਬਾਮੁਸ਼ੱਕਤ , 50,000/- ਜੁਰਮਾਨਾ ਤੇ ਅਸਲਾ ਐਕਟ ਦੀ ਧਾਰਾ 25,27 ਤਹਿਤ ਮਾਮਲੇ ਚ ਦੋਸ਼ੀ ਮੰਨਦੇ ਹੋਏ 3 ਸਾਲ ਕੈਦ ਬਾਮੁਸ਼ੱਕਤ ਤੇ 25,000/- ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਰੰਜ਼ਿਸ਼ ਕਾਰਨ ਝੋਨੇ ਦੀ ਇੱਕ ਏਕੜ ਪੱਕੀ ਫਸਲ ਵਾਹੀ



**ਭੁਨਰਹੇੜੀ (ਰਾਜਿੰਦਰ ਸਿੰਘ ਥਿੰਦ)**-ਟਰੱਕ ਯੂਨੀਅਨ ਦੇਵੀਗੜ੍ਹ ਦੇ ਸਾਬਕਾ ਪ੍ਰਧਾਨ ਅਤੇ ਦੁੜਦ ਪਿੰਡ ਦੇ ਵਸਨੀਕ ਗੁਰਬਚਨ ਸਿੰਘ ਵਿਰਕ ਦੀ ਪਿੰਡ ਮਹਿਦੂਦ ਪੁਰ ਵਿਖੇ 1 ਏਕੜ ਪੱਕੀ ਝੋਨੇ ਦੀ ਫ਼ਸਲ ਕਿਸੇ ਨੇ ਰੰਜਿਸ ਕਾਰਨ ਬੀਤੀ ਰਾਤ ਟਰੈਕਟਰ, ਰੀਪਰ ਨਾਲ਼ ਵਾਹੁਣ ਦੀ ਖਬਰ ਹੈ, ਜਿਸ ਕਾਰਨ ਉਨ੍ਹਾਂ ਨੂੰ 1 ਇੱਕ ਲੱਖ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ।ਗੁਰਬਚਨ ਸਿੰਘ ਵਿਰਕ ਪਰਵਾਰ ਸਮੇਤ ਪਟਿਆਲ਼ਾ ਵਿਖੇ ਰਹਿ ਰਹੇ ਹਨ, ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ 2-3 ਸਾਲ ਪਹਿਲਾ ਇਹ ਜ਼ਮੀਨ ਇਸ ਪਿੰਡ ਦੇ ਵਸਨੀਕਾਂ ਤੋਂ ਖਰੀਦੀ ਸੀ ਤੇ ਇਸ ਦੀ ਜ਼ਮੀਨ ਦੀ ਬਕਾਇਦਾ ਉਨ੍ਹਾਂ ਦੇ ਨਾਂਅ ਰਜਿਸਟਰੀ, ਇੰਤਕਾਲ ਤੇ ਗਿਰਦਾਵਰੀ ਹੈ।ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੂੰ ਪਿੰਡ ਵਾਸੀਆਂ ਤੋਂ ਰਾਤ ਨੂੰ ਝੋਨਾ ਵਾਹੁਣ ਦੀ ਖਬਰ ਮਿਲੀ ਤਾਂ ਕੁੱਝ ਮੁਹਤਬਰ ਵਿਅਕਤੀਆਂ ਨੂੰ ਨਾਲ ਲੈ ਕੇ ਖੇਤਾਂ ਵਿੱਚ ਜਾ ਕੇ ਵਾਹੇ ਝੋਨੇ ਦਾ ਜ਼ਾਇਜਾ ਲੈਣ ਉਪਰੰਤ ਇਸ ਦੀ ਸ਼ਿਕਾਇਤ ਪੁਲਸ ਚੌਕੀ ਭੁਨਰਹੇੜੀ ਨੂੰ ਦਿੱਤੀ ਗਈ। ਉਨ੍ਹਾਂ ਵੱਲੋਂ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਚੌਕੀ ਇੰਚਾਰਜ ਵੱਲੋਂ ਆਪਣੇ ਮੁਲਜ਼ਮਾਂ ਨੂੰ ਨਾਲ ਲੈ ਕੇ ਵਾਹੇ ਝੋਨੇ ਦਾ ਮੌਕੇ 'ਤੇ ਜਾਇਜ਼ਾ ਲਿਆ ਗਿਆ।ਪੁਲਸ ਚੌਕੀ ਮੁਖੀ ਵੱਲੋਂ ਦੱਸਿਆ ਕਿ ਪੁਲਸ ਇਸ ਕੇਸ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਕਨੂੰਨ ਅਨੁਸਾਰ ਦੋਸ਼ੀਆਂ ਵਿਰੁੱਧ ਬਣਦੀ ਕਾਰਵਈ ਅਮਲ ਵਿੱਚ ਲਿਆਂਦੀ ਜਾਵੇਗੀ।ਦੂਜੇ ਪਾਸੇ ਸ਼ਿਕਾਇਤਕਰਤਾ ਵੱਲੋਂ ਪ੍ਰਸ਼ਾਸਨ ਅਤੇ ਪੁਲਸ ਤੋਂ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਨ ਦੀ ਅਤੇ ਇਨਸਾਫ਼ ਤੇ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ ਹੈ।

# ਲਾਈਫ਼ ਲਾਈਨ ਵੈੱਲਫੇਅਰ ਕਲੱਬ ਨੇ 30 ਲੋੜਵੰਦ ਪਰਵਾਰਾਂ ਨੂੰ ਵੰਡਿਆ ਰਾਸ਼ਨ

## ਸਮਾਜ ਦੇ ਹਰ ਵਰਗ ਨੂੰ ਇਕ-ਦੂਜੇ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ : ਗੋਇਲ




**ਬਾਘਾ ਪੁਰਾਣਾ (ਮਨੀ ਸਿੰਗਲਾ)**
ਮਨੁੱਖਤਾ ਦੀ ਸੇਵਾ ਤੇ ਸਮਾਜਿਕ ਭਲਾਈ ਦੇ ਉਦੇਸ਼ ਨਾਲ ਸਮਾਜ ਸੇਵੀ ਲਾਈਫ ਲਾਈਨ ਵੈੱਲਫੇਅਰ ਕਲੱਬ ਬਾਘਾ ਪੁਰਾਣਾ ਵੱਲੋਂ ਲੋੜਵੰਦ 30 ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਕਲੱਬ ਦੇ ਅਹੁਦੇਦਾਰਾਂ ਦਵਿੰਦਰ ਕੁਮਾਰ ਬੱਲੂ, ਰਮਨਦੀਪ ਅਰੋੜਾ, ਵਿਜੇ ਮਿੱਤਲ ਮੁੰਨਾ, ਕਮਲ ਬਰਾੜ ਆਦਿ ਵੱਲੋਂ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਾਰਕੀਟ ਕਮੇਟੀ ਬਾਘਾ ਪੁਰਾਣਾ ਦੇ ਵਾਇਸ ਚੇਅਰਮੈਨ ਬਾਉ ਸੁਭਾਸ਼ ਗੋਇਲ ਗੰਗਾ ਰਿਜ਼ੋਰਟ ਵਾਲੇ, ਪ੍ਰੀਤ ਕੰਨਫੈਕਸ਼ਨਰੀ, ਸੁਰਿੰਦਰ ਬਾਂਸਲ ਡੀ ਐੱਮ ਵਾਲੇ ਤੇ ਸੁਮਿਤ ਕੁਮਾਰ ਵੱਲੋਂ ਪੁੱਜ ਕੇ ਰਾਸ਼ਨ ਵੰਡ ਸਮਾਗਮ ਦੀ ਸ਼ੁਰੂਆਤ ਕੀਤੀ ਗਈ ਅਤੇ ਲਾਈਫ ਲਾਈਫ ਲਾਈਨ ਵੈੱਲਫੇਅਰ ਕਲੱਬ ਵੱਲੋਂ ਕੀਤੇ ਜਾਂਦੇ ਉਪਰਾਲੇ ਦੀ ਸ਼ਲਾਘਾ ਕੀਤੀ।ਇਸ ਮੌਕੇ ਮਾਰਕੀਟ ਕਮੇਟੀ ਬਾਘਾ ਪੁਰਾਣਾ ਦੇ ਵਾਇਸ ਚੇਅਰਮੈਨ ਬਾਉ ਸੁਭਾਸ਼ ਗੋਇਲ ਗੰਗਾ ਰਿਜ਼ੋਰਟ ਵਾਲੇ, ਪ੍ਰੀਤ ਕੰਨਫੈਕਸ਼ਨਰੀ, ਸੁਰਿੰਦਰ ਬਾਂਸਲ ਡੀ ਐੱਮ ਵਾਲੇ ਤੇ ਸੁਮਿਤ ਕੁਮਾਰ ਤੇ ਕਲੱਬ ਦੇ ਅਹੁਦੇਦਾਰਾਂ ਵੱਲੋਂ ਘਰਾਂ ਵਿੱਚ ਰੋਜ਼ਾਨਾ ਵਰਤਿਆ ਜਾਣ ਵਾਲਾ ਘਰੇਲੂ ਰਾਸ਼ਨ ਵੰਡਣ ਦੇ ਇਲਾਵਾ ਹੋਰ ਜ਼ਰੂਰੀ ਖਾਦ ਸਮੱਗਰੀ ਵੰਡ ਕੇ ਮਦਦ ਕੀਤੀ ਗਈ।ਕਲੱਬ ਮੈਂਬਰਾਂ ਨੇ ਦੱਸਿਆ ਕਿ ਇਹ ਮੁਹਿੰਮ ਪਿਛਲੇ ਕਈ ਸਾਲਾਂ ਤੋਂ ਚਲਾਈ ਜਾ ਰਹੀ ਹੈ ਤੇ ਅੱਗੇ ਵੀ ਜਾਰੀ ਰਹੇਗੀ ਤਾਂ ਜੋ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨੂੰ ਰਾਹਤ ਮਿਲ ਸਕੇ।ਇਸ ਮੌਕੇ ਸੁਭਾਸ਼ ਗੋਇਲ ਤੇ ਸੁਰਿੰਦਰ ਬਾਂਸਲ ਨੇ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਇਕ-ਦੂਜੇ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਕਲੱਬ ਦੇ ਮੈਂਬਰਾਂ ਸਮੇਤ ਕਈ ਹੋਰ ਸੇਵਾਦਾਰ ਹਾਜ਼ਰ ਰਹੇ।ਲਾਭਪਾਤਰੀਆਂ ਨੇ ਸਮਾਜ ਸੇਵੀ ਕਲੱਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਘਰੇਲੂ ਲੋੜਾਂ ਪੂਰੀਆਂ ਕਰਨ ਵਿਚ ਬਹੁਤ ਮਦਦ ਮਿਲਦੀ ਹੈ।ਅੰਤ ਵਿੱਚ ਕਲੱਬ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿਚ ਗਰੀਬ ਪਰਿਵਾਰਾਂ ਲਈ ਹੋਰ ਵੀ ਸਮਾਜਿਕ ਭਲਾਈ ਦੇ ਪ੍ਰੋਗਰਾਮ ਕੀਤੇ ਜਾਣਗੇ।

# ਬਾਬਾ ਖੇਤਰਪਾਲ ਦੇ ਜਾਗਰਣ ਸੰਬੰਧੀ ਸ਼ੋਭਾ ਯਾਤਰਾ ਕੱਢੀ

## ਭਲਕੇ ਪੁਰਾਣੀ ਦਾਣਾ ਮੰਡੀ ਵਿਖੇ ਹੋਵੇਗਾ 20ਵਾਂ ਵਿਸ਼ਾਲ ਜਾਗਰਣ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੁਰਾਣੀ ਦਾਣਾ ਮੰਡੀ ਵਿਖੇ 7 ਅਕਤੂਬਰ ਨੂੰ ਹੋਣ ਵਾਲੇ ਬਾਬਾ ਖੇਤਰਪਾਲ ਜੀ ਦੇ 20ਵੇਂ ਵਿਸ਼ਾਲ ਜਾਗਰਣ ਦੇ ਸਬੰਧ 'ਚ ਜੈ ਬਾਬਾ ਖੇਤਰਪਾਲ ਸੇਵਾਦਾਰ ਸੁਸਾਇਟੀ ਵੱਲੋਂ ਸ਼ਹਿਰ 'ਚ ਸ਼ੋਭਾ ਯਾਤਰਾ ਕੱਢੀ ਗਈ।ਇਸ ਸ਼ੋਭਾ ਯਾਤਰਾ 'ਚ ਰਾਵਤਸਰ ਧਾਮ ਤੋਂ ਲਿਆਂਦੀ ਗਈ ਜੋਤ ਦੇ ਦਰਸ਼ਨਾਂ ਲਈ ਵੱਡੀ ਗਿਣਤੀ 'ਚ ਸ਼ਰਧਾਲੂ ਉਮੜੇ ਨਜ਼ਰ ਆਏ।ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ 'ਚੋਂ ਹੁੰਦੀ ਹੋਈ ਇਹ ਸ਼ੋਭਾ ਯਾਤਰਾ ਪੁਰਾਣੀ ਦਾਣਾ ਮੰਡੀ ਸਥਿਤ ਬਾਬਾ ਖੇਤਰਪਾਲ ਮੰਦਰ ਵਿਖੇ ਪਹੁੰਚੀ।ਸ਼ੋਭਾ ਯਾਤਰਾ 'ਚ ਝਾਕੀਆਂ ਵੀ ਖਿੱਚ ਦਾ ਕੇਂਦਰ ਰਹੀਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਸੁਨੀਲ ਪਨਸੇਜਾ, ਨਰੇਸ਼ ਕੋਚਾ ਤੇ ਨਰੇਸ਼ ਗਿਰਧਰ ਨੇ ਦੱਸਿਆ ਕਿ ਇਸ ਵਾਰ ਜਾਗਰਣ 'ਚ ਉਨ੍ਹਾਂ ਵੱਲੋਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੂੰ ਵੀ ਸੱਦਾ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਆਪ ਦੇ ਪੰਜਾਬ ਮੀਡੀਆ ਇੰਚਾਰਜ ਬਲਤੇਜ ਪੰਨੂ, ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਪਟਿਆਲਾ ਦੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਰਿਸ਼ੀ ਅਰੋੜਾ ਦਿੱਲੀ ਵਾਲੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ।ਜਾਗਰਣ 'ਚ ਗਾਇਕ ਫਿਰੋਜ਼ ਖਾਨ ਤੇ ਗੁਰਸੇਵਕ ਅਲੀ ਵੱਲੋਂ ਦੇਰ ਰਾਤ ਤੱਕ ਸ਼ਰਧਾਲੂਆਂ ਨੂੰ ਭਜਨਾਂ ਦੀ ਗੰਗਾਂ 'ਚ ਡੁੱਬਕੀਆਂ ਲਵਾਈਆਂ ਜਾਣਗੀਆਂ। ਇਸ ਮੌਕੇ ਸੁਰਿੰਦਰ ਸਾਹਨੀ ਤੇ ਦੀਪਕ ਨਾਰੰਗ ਨੇ ਸ਼ਹਿਰਵਾਸੀਆਂ ਨੂੰ ਬਾਬਾ ਜੀ ਦੇ ਜਾਗਰਣ 'ਚ ਵੱਧ-ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਦੀਪਕ ਬਾਂਸਲ, ਸੋਨੂੰ ਭਟੇਜਾ, ਸ਼ੰਮੀ ਵਾਟਸ, ਦੌਲੀ ਵਾਟਸ, ਸੁਮਿਤ ਕਾਲਾ ਵਾਟਸ, ਅੰਕੁਸ਼ ਪਾਹਵਾ, ਡਾਲਰ, ਰਿੰਕੂ ਛਾਬੜਾ, ਪ੍ਰਵੀਨ ਗੋਇਲ, ਸੋਨੂੰ ਖੁਰਾਣਾ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂ ਮੌਜੂਦ ਸਨ।

# ਕਿਸਾਨ ਮੇਲੇ ਦੌਰਾਨ ਖੇਤੀ ਮਾਹਰਾਂ ਨੇ ਦਿੱਤੀ ਆਧੁਨਿਕ ਖੇਤੀ ਤਕਨੀਕਾਂ ਦੀ ਜਾਣਕਾਰੀ

- ਪੰਜਾਬ ਸਰਕਾਰ ਨੇ ਮੋਗਾ ਦੇ ਕਿਸਾਨਾਂ ਨੂੰ ਖੇਤੀਬਾੜੀ ਮਸ਼ੀਨਰੀ 'ਤੇ ਸਬਸਿਡੀ ਲਈ 5 ਕਰੋੜ ਦੀ ਗ੍ਰਾਂਟ ਕੀਤੀ ਜਾਰੀ : ਡਾ. ਅਰੋੜਾ
- ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕਿਸਾਨਾਂ ਨੂੰ ਕੀਤਾ ਜਾ ਰਿਹੈ ਜਾਗਰੂਕ : ਡਿਪਟੀ ਕਮਿਸ਼ਨਰ



**ਮੋਗਾ (ਇਕਬਾਲ ਸਿੰਘ ਖਹਿਰਾ)**
ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਵੱਖ ਵੱਖ ਸਿਖਲਾਈਆਂ ਦੇ ਕੇ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ ਤਾਂ ਕਿ ਉਹ ਖ਼ੇਤੀਬਾੜੀ ਦੇ ਨਵੇਂ ਤਰੀਕਿਆਂ ਨਾਲ ਕੁਦਰਤੀ ਸਰੋਤਾਂ ਜਿਵੇਂ ਕਿ ਹਵਾ, ਪਾਣੀ ਤੇ ਮਿੱਟੀ ਨੂੰ ਗੰਧਲਾ ਹੋਣ ਤੋਂ ਬਚਾ ਸਕਣ। ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਮੋਗਾ ਨੂੰ 5 ਕਰੋੜ ਦੀ ਗ੍ਰਾਂਟ ਜਾਰੀ ਕੀਤੀ ਹੈ, ਜਿਹੜੀ ਕਿਸਾਨਾਂ ਨੂੰ ਸੁਪਰ ਸੀਡਰ ਆਦਿ ਮਸ਼ੀਨਾਂ ਉੱਪਰ ਸਬਸਿਡੀ ਦੇ ਰੂਪ ਵਿੱਚ ਦਿੱਤੀ ਜਾਵੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਦੇ ਵਿੰਡਸਰ ਗਾਰਡਨ ਪੈਲੇਸ ਵਿਖੇ ਰੱਖੇ ਗਏ 'ਕਿਸਾਨ ਗੋਸ਼ਟੀ' ਪ੍ਰੋਗਰਾਮ ਵਿੱਚ ਵਿਸ਼ੇਸ਼ ਸ਼ਿਰਕਤ ਕਰਨ ਮੌਕੇ ਕੀਤਾ।ਇਸ ਗੋਸ਼ਟੀ ਦਾ ਮੁੱਖ ਮੰਤਵ ਹਾੜ੍ਹੀ ਸੀਜ਼ਨ ਦੌਰਾਨ ਬੀਜੀਆਂ ਗਈਆਂ ਵੱਖ-ਵੱਖ ਫ਼ਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇਣਾ ਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨਾ ਸੀ।ਉਨ੍ਹਾਂ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਖੇਤੀਬਾੜੀ ਦੇ ਧੰਦੇ ਨੂੰ ਆਧੁਨਿਕਤਾ ਵੱਲ ਲਿਜਾਣ ਲਈ ਯਤਨਸ਼ੀਲ ਹੈ।ਕਿਸਾਨਾਂ ਨੂੰ ਅਜਿਹੇ ਖ਼ੇਤੀਬਾੜੀ ਸੰਦ ਸਰਕਾਰ ਵੱਲੋਂ ਭਾਰੀ ਸਬਸਿਡੀ ਉੱਪਰ ਮੁੱਹਈਆ ਕਰਵਾਏ ਜਾ ਰਹੇ ਹਨ, ਜਿਨ੍ਹਾਂ ਨਾਲ ਘੱਟ ਖਰਚੇ ਵਿੱਚ ਵਾਤਾਵਰਨ ਪੱਖੀ ਖੇਤੀਬਾੜੀ ਸੌਖਾਲੀ ਹੋ ਜਾਂਦੀ ਹੈ।ਸਮਾਗਮ ਵਿੱਚ ਉਚੇਚੇ ਤੌਰ 'ਤੇ ਮੌਜੂਦ ਹੋਏ ਵਿਧਾਇਕ ਬਾਘਾ ਪੁਰਾਣਾ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਮਿਆਰੀ ਬੀਜ ਮੁਹੱਈਆ ਕਰਵਾਉਣ ਤੇ ਹੋਰ ਖੇਤੀਬਾੜੀ ਸਹੂਲਤਾਂ, ਜਿਨ੍ਹਾਂ ਨਾਲ ਕਿਸਾਨਾਂ ਦੀ ਫ਼ਸਲ ਤੇ ਆਮਦਨ ਪ੍ਰਫੁੱਲਤ ਹੋਵੇ, ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਸਰਕਾਰ ਵੱਲੋਂ ਹਰੇਕ ਤਕਨੀਕੀ ਜਾਣਕਾਰੀ ਵਿਭਾਗ ਜ਼ਰੀਏ ਕਿਸਾਨਾਂ ਤੱਕ ਪਹੁੰਚਦੀ ਕੀਤੀ ਜਾ ਰਹੀ ਹੈ।ਉਨ੍ਹਾ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਪੁਰਜ਼ੋਰ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2 ਲੱਖ ਕੁਇੰਟਲ ਬੀਜ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵੰਡਿਆ ਜਾ ਰਿਹਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਪ੍ਰਥਾ ਨੂੰ ਹੁਣ ਕਿਸਾਨਾਂ ਵੱਲੋਂ ਬੰਦ ਕਰ ਦੇਣਾ ਚਾਹੀਦਾ ਹੈ, ਕਿਉਂਕਿ ਹੁਣ ਸਰਕਾਰ ਵੱਲੋਂ ਖੇਤੀਬਾੜੀ ਪੱਖੀ ਮਸ਼ੀਨਾਂ ਭਾਰੀ ਸਬਸਿਡੀ ਉੱਪਰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਨਾਲ ਪਰਾਲੀ ਨੂੰ ਸਾੜਨ ਦੀ ਬਿਲਕੁਲ ਵੀ ਜ਼ਰੂਰਤ ਨਹੀਂ ਹੈ।ਇਸ ਪ੍ਰੋਗਰਾਮ ਵਿੱਚ ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਚੇਅਰਮੈਨ ਮਾਰਕਿਟ ਕਮੇਟੀ ਹਰਜਿੰਦਰ ਸਿੰਘ ਰੋਡੇ, ਸੰਯੁਕਤ ਡਾਇਰੈਕਟਰ ਖੇਤੀਬਾੜੀ ਪੰਜਾਬ ਡਾ. ਨਰਿੰਦਰਪਾਲ ਸਿੰਘ ਬੈਨੀਪਾਲ, ਸੰਯੁਕਤ ਡਾਇਰੈਕਟਰ ਖੇਤੀਬਾੜੀ ਪੰਜਾਬ ਡਾ. ਕਰਨਜੀਤ ਸਿੰਘ ਨੇ ਵੀ ਵਿਸ਼ੇਸ਼ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਪਰਾਲੀ ਨਾ ਸਾੜਨ ਵਾਲੇ 100 ਕਿਸਾਨਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਡਿਪਲੋਮਾ ਇਨ ਐਗਰੀਕਲਚਰ ਐਕਸਟੈਂਸ਼ਨ ਸਰਵਿਸ ਫਾਰ ਇਨਪੁਟ ਡੀਲਰਜ਼ ਨੂੰ ਸਰਟੀਫਿਕੇਟ ਵੀ ਵੰਡੇ ਗਏ।

ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਮੋਗਾ ਡਾ. ਗੁਰਪ੍ਰੀਤ ਸਿੰਘ, ਡਾ. ਸੁਖਰਾਜ ਕੌਰ, ਡਾ. ਗੁਰਲਵਲੀਨ ਸਿੰਘ, ਡਾ. ਜਸਬੀਰ ਕੌਰ, ਡਾ. ਗੁਰਮਿੰਦਰ ਸਿੰਘ ਬਰਾੜ, ਡਿਪਟੀ ਡਾਇਰੈਕਟਰ ਕ੍ਰਿਸ਼ੀ ਵਿਗਿਆਨ ਕੇਂਦਰ ਮੋਗਾ ਡਾ. ਕੇ. ਐੱਸ. ਮਥਾੜੂ ਨੇ ਵੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਸਮੇਂ ਸੈਲਫ ਹੈਲਪ ਗਰੁੱਪਾਂ ਅਤੇ ਖੇਤੀਬਾੜੀ ਨਾਲ ਸਬੰਧਤ ਧੰਦਿਆਂ ਸਬੰਧੀ ਪ੍ਰਦਰਸ਼ਨੀ ਦਾ ਆਯੋਜਨ ਵੀ ਕੀਤਾ ਗਿਆ।ਮੰਚ ਦਾ ਸੰਚਾਲਨ ਡਾ. ਬਲਜਿੰਦਰੇ ਸਿੰਘ ਖੇਤੀਬਾੜੀ ਅਫ਼ਸਰ ਨੇ ਬਾਖੂਬੀ ਨਿਭਾਇਆ।

# 1.5 ਲੱਖ ਡਰੱਗ ਮਨੀ, 110 ਗ੍ਰਾਮ ਹੈਰੋਇਨ ਸਮੇਤ ਤਸਕਰ ਕਾਬੂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਦੇ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਤਹਿਤ ਪੁਲਸ ਨੇ ਇੱਕ ਵਾਰ ਫਿਰ ਵੱਡੀ ਕਾਰਵਾਈ ਕਰਦਿਆਂ ਇੱਕ ਬੇਹੱਦ ਖਤਰਨਾਕ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਮਹੱਤਵਪੂਰਨ ਸਫ਼ਲਤਾ ਹਾਸਲ ਕੀਤੀ ਹੈ।ਪੁਲਸ ਨੇ ਇਸ ਦੋਸ਼ੀ ਕੋਲੋਂ 110 ਗ੍ਰਾਮ ਹੈਰੋਇਨ ਤੇ 1 ਲੱਖ 50 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।ਡਾ. ਪ੍ਰਗਿਆ ਜੈਨ ਆਈ.ਪੀ.ਐਸ, ਐਸ.ਐਸ.ਪੀ ਦੇ ਸਖ਼ਤ ਦਿਸ਼ਾ-ਨਿਰਦੇਸ਼ਾਂ ਅਧੀਨ ਚੱਲ ਰਹੀ ਇਸ ਮੁਹਿੰਮ ਤਹਿਤ, ਥਾਣਾ ਬਾਜਾਖਾਨਾ ਦੀ ਪੁਲਸ ਪਾਰਟੀ ਨੇ ਗੁਰਮੇਲ ਸਿੰਘ ਉਰਫ ਗੇਲੀ ਪੁੱਤਰ ਨਾਹਰ ਸਿੰਘ ਵਾਸੀ ਬੰਗੀ ਕਲਾਂ, ਜ਼ਿਲ੍ਹਾ ਬਠਿੰਡਾ, ਨੂੰ ਕਾਬੂ ਕੀਤਾ।ਉਹ ਨਸ਼ੇ ਦੀ ਸਪਲਾਈ ਲਈ ਵਰਤੇ ਜਾ ਰਹੇ ਮੋਟਰਸਾਈਕਲ ਹੀਰੋ ਐਚ.ਐਫ ਡੀਲਕਸ 'ਤੇ ਸਵਾਰ ਸੀ ਅਤੇ ਪੁਲਸ ਨੂੰ ਦੇਖ ਕੇ ਪਿੱਛੇ ਮੁੜਨ ਦੀ ਕੋਸ਼ਿਸ਼ ਕਰ ਰਿਹਾ ਸੀ।ਗ੍ਰਿਫ਼ਤਾਰ ਦੋਸ਼ੀ ਗੁਰਮੇਲ ਸਿੰਘ ਉਰਫ ਗੇਲੀ ਦਾ ਅਪਰਾਧਕ ਪਿਛੋਕੜ ਹੋਰ ਵੀ ਚਿੰਤਾਜਨਕ ਹੈ।ਉਸ ਖਿਲਾਫ ਪਹਿਲਾਂ ਹੀ ਨਸ਼ੇ ਦੀ ਤਸਕਰੀ ਸਬੰਧੀ ਕੁੱਲ 05 ਮੁਕੱਦਮੇ ਜ਼ਿਲ੍ਹਾ ਬਠਿੰਡਾ ਦੇ ਵੱਖ-ਵੱਖ ਥਾਣਿਆਂ ਵਿੱਚ ਦਰਜ ਹਨ।ਇਸ ਤਾਜ਼ਾ ਕਾਰਵਾਈ ਨਾਲ ਉਸ ਖਿਲਾਫ਼ ਥਾਣਾ ਬਾਜਾਖਾਨਾ ਵਿਖੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਨੰਬਰ 113 ਦਰਜ ਕੀਤਾ ਗਿਆ ਹੈ।ਫ਼ਰੀਦਕੋਟ ਪੁਲਸ ਨੇ ਗ੍ਰਿਫ਼ਤਾਰ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਹੈ।ਇਸ ਦਾ ਮੁੱਖ ਮਕਸਦ ਦੋਸ਼ੀ ਦੇ ਬੈਕਵਰਡ ਤੇ ਫਾਰਵਰਡ ਲਿੰਕਾਂ ਦੀ ਬਾਰੀਕੀ ਨਾਲ ਜਾਂਚ ਕਰਨਾ ਹੈ।ਪੁਲਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਨਸ਼ਾ ਕਿੱਥੋਂ ਲੈ ਕੇ ਆਉਂਦਾ ਸੀ ਤੇ ਅੱਗੇ ਕਿਸ-ਕਿਸ ਨੂੰ ਸਪਲਾਈ ਕਰਨਾ ਸੀ।ਇਸ ਕਦਮ ਤੋਂ ਸਪੱਸ਼ਟ ਹੈ ਕਿ ਫ਼ਰੀਦਕੋਟ ਪੁਲਸ ਸਿਰਫ਼ ਤਸਕਰਾਂ ਨੂੰ ਫੜਨ ਤੱਕ ਸੀਮਤ ਨਹੀਂ, ਸਗੋਂ ਨਸ਼ਿਆਂ ਦੇ ਸਮੁੱਚੇ ਨੈਟਵਰਕ ਦੀਆਂ ਜੜ੍ਹਾਂ ਤੱਕ ਪਹੁੰਚਣ ਲਈ ਵਚਨਬੱਧ ਹੈ।ਡਾ. ਪ੍ਰਗਿਆ ਜੈਨ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੀ ਮੁਹਿੰਮ ਪੂਰੇ ਜ਼ੋਰਾਂ 'ਤੇ ਹੈ।ਪੁਲਸ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਹੈ ਕਿ ਨਸ਼ਾ ਤਸਕਰੀ ਸਬੰਧੀ ਕੋਈ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਜਾਵੇ, ਤਾਂ ਜੁ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਇਸ ਕੋਹੜ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ।

6-OCT-PAGE-6.qxd 10/5/2025 8:24 PM Page 1



## ਐੱਲ ਆਈ ਸੀ ਏਜੰਟਸ ਐਸੋਸੀਏਸ਼ਨ ਸੰਗਰੂਰ ਦਾ ਚੋਣ ਅਜਲਾਸ



ਦਿੜ੍ਹਬਾ (ਜਸਵੀਰ ਲਾਡੀ)-ਸਥਾਨਕ ਵਿਕਰਮ ਹੋਟਲ ਵਿਖੇ ਐੱਲ ਆਈ ਸੀ ਏਜੰਟਸ ਐਸੋਸੀਏਸ਼ਨ ਬਰਾਂਚ ਸੰਗਰੂਰ ਦਾ ਚੋਣ ਅਜਲਾਸ ਮੇਜਰ ਸਿੰਘ ਮੱਟਰਾਂ, ਨਛੱਤਰ ਸਿੰਘ ਛਾਜਲਾ, ਗੁਰਜੰਟ ਸਿੰਘ ਸਜੂਮਾਂ, ਵਿਜੈ ਕੁਮਾਰ ਸਿੰਗਲਾ ਤੇ ਪ੍ਰਦੀਪ ਲੌਂਗੋਵਾਲ ਦੇ ਪ੍ਰਧਾਨਗੀ ਮੰਡਲ ਦੀ ਨਿਗਰਾਨੀ ਹੇਠ ਕੀਤਾ ਗਿਆ।ਅਜਲਾਸ ਦੀ ਸ਼ੁਰੂਆਤ ਵਿੱਚ ਐਸੋਸੀਏਸ਼ਨ ਦੀ ਸਥਾਪਨਾ ਕਰਨ ਵਾਲੇ ਆਗੂ ਬਲਦੇਵ ਸਿੰਘ ਮੱਲੀ, ਓ ਪੀ ਸਿੰਗਲਾ, ਬਸੇਸ਼ਰ ਰਾਮ, ਪ੍ਰੇਮ ਚੰਦ ਬਾਂਸਲ, ਸੁਰਿੰਦਰ ਮੁਣਕ ਦਾ ਸਨਮਾਨ ਕੀਤਾ ਗਿਆ।ਇਸ ਤੋਂ ਬਾਅਦ ਪ੍ਰਧਾਨ ਜਸਵਿੰਦਰ ਸਿੰਘ ਤੇ ਜਨਰਲ ਸਕੱਤਰ ਗੁਰਮੀਤ ਸਿੰਘ ਰਟੋਲ ਵੱਲੋਂ ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਕੀਤੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ ਖਜ਼ਾਨਚੀ ਯੋਗੇਸ਼ ਸ਼ਰਮਾ ਵੱਲੋਂ ਫੰਡਾਂ ਦਾ ਹਿਸਾਬ ਕਿਤਾਬ ਦਿੱਤਾ ਗਿਆ।ਇਸ ਉਪਰੰਤ ਪੁਰਾਣੀ ਬਾਡੀ ਭੰਗ ਕਰਨ ਦਾ ਐਲਾਨ ਕੀਤਾ ਗਿਆ।ਇਸ ਤੋਂ ਬਾਅਦ ਸਾਰੇ ਹਾਊਸ ਵੱਲੋਂ ਸਰਬਸੰਮਤੀ ਨਾਲ ਜਗਤਾਰ ਸਿੰਘ ਦੁੱਗਾਂ ਪ੍ਰਧਾਨ, ਮਹਿੰਦਰ ਸਿੰਘ ਗੋਬਿੰਦਗੜ੍ਹ ਜਨਰਲ ਸਕੱਤਰ ਤੇ ਈਸ਼ਵਰ ਚੰਦ ਵਿੱਕੀ ਖਜ਼ਾਨਚੀ ਚੁਣੇ ਗਏ।ਇਸ ਮੌਕੇ ਸਾਹਬ ਸਿੰਘ ਸੁਨਾਮ, ਦੀਪਕ ਪਾਲ, ਜਸਪਾਲ ਸਿੰਘ, ਬੂਟਾ ਸਿੰਘ ਭੁਟਾਲ ਆਦਿ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



ਬੁਢਲਾਡਾ (ਅਸ਼ੋਕ ਲਾਕੜਾ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਮੰਚ 295 ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਬੁਢਲਾਡਾ ਦੀ ਮਹੀਨਾਵਾਰ ਮੀਟਿੰਗ ਕਲਰਾਂ ਵਾਲੀ ਮਾਤਾ ਮੰਦਰ ਵਿਖੇ ਬਲਾਕ ਪ੍ਰਧਾਨ ਡਾ. ਗੁਰਜੀਤ ਸਿੰਘ ਬਰੇ ਦੀ ਅਗਵਾਈ ਹੇਠ ਹੋਈ।ਇਸ ਮੀਟਿੰਗ ਵਿੱਚ ਪਿਛਲੇ ਸਾਲਾਂ ਦੀ ਸੈਕਟਰੀ ਰਿਪੋਰਟ ਤੇ ਖਜ਼ਾਨਚੀ ਰਿਪੋਰਟ ਦਾ ਲੇਖਾ ਜੋਖਾ ਕੀਤਾ ਗਿਆ। ਪਿਛਲੇ ਦਿਨੀਂ, ਜੋ ਕੁਦਰਤ ਵੱਲੋਂ ਹੜ੍ਹਾਂ ਦੇ ਰੂਪ ਵਿੱਚ ਤਬਾਹੀ ਕੀਤੀ ਗਈ, ਉਸ ਸਬੰਧ 'ਚ ਜੋ ਫਰੀ ਮੈਡੀਕਲ ਕੈਂਪ ਚੱਲ ਰਹੇ ਹਨ, ਉਨ੍ਹਾਂ 'ਚ ਸ਼ਮੂਲੀਅਤ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਵੱਖ-ਵੱਖ ਬੁਲਾਰਿਆਂ ਨੇ ਵਿਚਾਰ ਸਾਂਝੇ ਕਰਦੇ ਹੋਏ ਸਰਕਾਰ ਤੋਂ ਮੰਗ ਕੀਤੀ ਕਿ ਸਾਡੇ ਰਹਿੰਦੇ ਮਸਲੇ ਜਲਦੀ ਤੋਂ ਜਲਦੀ ਹੱਲ ਕੀਤੇ ਜਾਣ।ਉਪਰੰਤ ਡਾਕਟਰ ਸ਼ਿਸਨ ਗੋਇਲ ਗੁਰਨੇ ਕਲਾਂ ਨੂੰ ਜ਼ਿਲ੍ਹਾ ਮਾਨਸਾ ਦਾ ਮੀਤ ਪ੍ਰਧਾਨ ਦੇ ਅਹੁਦੇ ਨਾਲ ਨਿਵਾਜਿਆ ਗਿਆ।ਇਸ ਮੌਕੇ ਬੂਟਾ ਸਿੰਘ ਸੈਕਟਰੀ, ਨਾਇਬ ਸਿੰਘ ਖਜ਼ਾਨਚੀ, ਸ਼ਿਸਨ ਗੋਇਲ, ਪਰਮਜੀਤ ਕੌਰ, ਕਮਲਪ੍ਰੀਤ ਕੌਰ, ਮੀਤ ਪ੍ਰਧਾਨ ਤੇਜਾ ਸਿੰਘ, ਹਰਭਜਨ ਸਿੰਘ, ਜਗਤਾਰ ਸਿੰਘ, ਗਮਦੂਰ ਸਿੰਘ, ਜਗਦੇਵ ਦਾਸ ਆਦਿ ਹਾਜ਼ਰ ਸਨ। ਸਟੇਜ ਦੀ ਭੂਮਿਕਾ ਪ੍ਰਕਾਸ਼ ਸਿੰਘ ਨੇ ਨਿਭਾਈ।ਅਖੀਰ ਵਿੱਚ ਡਾ. ਗੁਰਜੀਤ ਸਿੰਘ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

## ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਕਾਰਵਾਈ ਦੀ ਮੰਗ



ਧੂਰੀ (ਮਨੋਹਰ ਸਿੰਘ ਸੱਗੂ)-ਕੌਮਾਂਤਰੀ ਹਿੰਦੂ ਪ੍ਰੀਸ਼ਦ ਪੰਜਾਬ ਦੇ ਜਨਰਲ ਸਕੱਤਰ ਵਿਮਲ ਮਿੱਤਲ ਤੇ ਕੌਮੀ ਬਜਰੰਗ ਦਲ ਜ਼ਿਲ੍ਹਾ ਸੰਗਰੂਰ ਦੇ ਮੀਤ ਪ੍ਰਧਾਨ ਸੰਜੀਵ ਸ਼ਰਮਾ ਨੇ ਕੁੱਝ ਗ਼ੈਰ-ਸਮਾਜੀ ਅਨਸਰਾਂ ਵੱਲੋਂ ਜਲੰਧਰ 'ਚ 'ਜੈ ਸ੍ਰੀ ਰਾਮ' ਬੋਲਣ 'ਤੇ ਇੱਕ ਹਿੰਦੂ ਨੌਜਵਾਨ ਦੀ ਕਥਿਤ ਤੌਰ 'ਤੇ ਕੀਤੀ ਕੁੱਟਮਾਰ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕੀਤੀ।ਉਪਰੋਕਤ ਆਗੂਆਂ ਨੇ ਮੀਟਿੰਗ ਉਪਰੰਤ ਕਿਹਾ ਕਿ ਕੁੱਝ ਗ਼ੈਰ-ਸਮਾਜੀ ਅਨਸਰ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।ਆਗੂਆਂ ਨੇ ਪੰਜਾਬ ਸਰਕਾਰ ਤੋਂ ਅਜਿਹੇ ਗ਼ੈਰ-ਸਮਾਜੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਤਾਂ ਕਿ ਸੂਬੇ 'ਚ ਆਪਸੀ ਭਾਈਚਾਰੇ ਵਾਲੇ ਮਾਹੌਲ ਨੂੰ ਖਰਾਬ ਹੋਣ ਤੋਂ ਬਚਾਇਆ ਜਾ ਸਕੇ। ਜੇਕਰ ਸਰਕਾਰ ਨੇ ਅਜਿਹੇ ਅਨਸਰਾਂ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ ਤਾਂ ਹਿੰਦੂ ਸਮਾਜ ਸੜਕਾਂ 'ਤੇ ਆਉਣ ਲਈ ਮਜਬੂਰ ਹੋਵੇਗਾ।

## ਮਾਤਾ ਗੁਜਰੀ ਕੇਂਦਰ ਵੱਲੋਂ ਰਸਤੇ ਦੀ ਮੁਰੰਮਤ ਦਾ ਕੰਮ ਸ਼ੁਰੂ




ਬੁਢਲਾਡਾ (ਅਸ਼ੋਕ ਲਾਕੜਾ)-ਸਥਾਨਕ ਪੁਰਾਣੀ ਗੈਸ ਏਜੰਸੀ ਰੋਡ ਵਾਲਾ, ਜੋ ਰਸਤਾ ਹੁਣ ਬਹੁਤ ਹੀ ਖ਼ਰਾਬ ਹੋ ਚੁੱਕਿਆ ਸੀ, ਉਹ ਦੁਕਾਨਦਾਰਾਂ ਵੱਲੋਂ ਲਿਖਤੀ ਬੇਨਤੀ ਕਰਨ ਤੇ ਖਰਚੇ ਲਈ ਫੰਡ ਇਕੱਠਾ ਕਰਨ ਤੋਂ ਬਾਅਦ ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਇਸ ਰਸਤੇ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਗਿਆ ਹੈ।ਸਥਾਨਕ ਨਿਵਾਸੀ ਡਾਕਟਰ ਅਮਨਦੀਪ ਗੋਇਲ, ਕਬਾੜ ਹੰਸ ਰਾਜ ਸਰਪੰਚ ਤੇ ਸ਼ਮੀ ਕਬਾੜ ਵਾਲਿਆਂ ਨੇ ਦੱਸਿਆ ਕਿ ਇਸ ਪੁਰਾਣੀ ਟੁੱਟੀ ਸੜਕ 'ਤੇ ਹੁਣ ਦੁਰਘਟਨਾਵਾਂ ਹੋਣ ਲੱਗ ਪਈਆਂ ਹਨ।ਪਿਛਲੇ ਦਿਨਾਂ ਵਿੱਚ ਵੀ ਡੀ ਏ ਵੀ ਸਕੂਲ ਦੇ 2 ਬੱਚੇ ਬੁਰੀ ਤਰ੍ਹਾਂ ਗਿਰੇ।ਇੱਕ ਨੂੰ ਟਾਂਕੇ ਵੀ ਲੱਗੇ।ਸ਼ਹਿਰ ਨੂੰ ਜਾਣ ਲਈ ਇਹ ਮੁੱਖ ਰਸਤਾ ਹੈ।ਮੀਂਹ ਵੇਲੇ ਪਾਣੀ ਖੜ੍ਹ ਜਾਣ ਸਮੇਂ ਤਾਂ ਬਹੁਤ ਰਾਹਗੀਰ ਡਿੱਗਦੇ ਹਨ।ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਈ ਓ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਇੱਥੇ ਦੇ ਦੁਕਾਨਦਾਰਾਂ ਤੇ ਰਾਹਗੀਰਾਂ ਵੱਲੋਂ ਵਾਰ ਵਾਰ ਬੇਨਤੀ ਕਰਨ ਤੇ 40 ਹਜ਼ਾਰ ਰੁਪਏ ਤੋਂ ਵੱਧ ਫੰਡ ਇਕੱਠਾ ਕਰਕੇ ਦੇਣ ਉਪਰੰਤ ਸੰਸਥਾ ਨੇ ਇਹ ਭਲਾਈ ਕਾਰਜ ਕਰਨ ਦਾ ਫ਼ੈਸਲਾ ਕੀਤਾ।ਡੀ ਏ ਵੀ ਤੇ ਸਰਕਾਰੀ ਸੈਕੰਡਰੀ ਸਕੂਲ ਦੇ ਬੱਚਿਆਂ ਲਈ ਵੀ ਇਹੀ ਮੁੱਖ ਰਸਤਾ ਹੈ।ਕੁਲਦੀਪ ਸਿੰਘ ਅਨੇਜਾ ਤੇ ਵਿਜੇ ਗੋਇਲ ਨੇ ਕਿਹਾ ਕਿ ਮੀਹਾਂ ਕਾਰਨ ਰਸਤਾ ਪਹਿਲਾਂ ਨਾਲੋਂ ਬਹੁਤ ਵੱਧ ਖ਼ਰਾਬ ਹੋ ਗਿਆ ਹੈ। ਇਸ ਲਈ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਇਹ ਕੰਮ ਸ਼ੁਰੂ ਕੀਤਾ ਗਿਆ ਹੈ।ਆਪਣੇ ਹੀ ਬੱਚੇ ਤੇ ਰਾਹਗੀਰ ਲੰਘਦੇ ਹਨ।ਇਸ ਲਈ ਬੇਨਤੀ ਹੈ ਕਿ ਇਸ ਵਿਸ਼ੇਸ਼ ਭਲਾਈ ਕਾਰਜ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਕਿਰਪਾਲਤਾ ਕਰੋ ਤਾਂ ਜੋ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ।ਇਸ ਮੌਕੇ ਉਪਰੋਕਤ ਤੋਂ ਇਲਾਵਾ ਬਲਬੀਰ ਸਿੰਘ ਕੈਂਥ, ਪੱਪੂ ਕੇਬਲ ਵਾਲੇ, ਬਲਜਿੰਦਰ ਸ਼ਰਮਾ, ਕਰੁਣ ਬਾਂਸਲ, ਨੱਥਾ ਸਿੰਘ, ਗਿਆਨੀ ਰਾਮ ਸਮੇਤ ਹੋਰ ਦੁਕਾਨਦਾਰ, ਮਿਸਤਰੀ ਤੇ ਮਜ਼ਦੂਰ ਹਾਜ਼ਰ ਸਨ।

## ਰੌਂਤਾ ਵਿਖੇ 'ਚ ਡੇਂਗੂ ਤੇ ਮਲੇਰੀਏ ਪ੍ਰਤੀ ਕੀਤਾ ਜਾਗਰੂਕ



ਬੱਧਨੀ ਕਲਾ (ਲਵਲੀ ਮਾਡੋਕੇ)-ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸਿਵਲ ਸਰਜਨ ਮੋਗਾ ਡਾਕਟਰ ਪ੍ਰਦੀਪ ਕੁਮਾਰ ਮਹਿੰਦਰਾ ਦੀ ਅਗਵਾਈ ਹੇਠ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੰਜੇ ਪਵਾਰ ਦੀ ਅਗਵਾਈ ਅਧੀਨ ਡੇਂਗੂ ਤੇ ਮਲੇਰੀਆ ਦੀ ਰੋਕਥਾਮ, ਬਚਾਅ ਤੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਲਾਰਵਾਸਾਈਡ ਸਪਰੇ ਕਰਵਾਈ ਗਈ ਇਸ ਮੌਕੇ ਸਿਹਤ ਵਿਭਾਗ ਵੱਲੋਂ ਹੈਲਥ ਸੁਪਰਵਾਈਜ਼ਰ ਪਵਨ ਕੁਮਾਰ, ਗੁਰਮੀਤ ਸਿੰਘ ਮ.ਪ.ਹ.ਵ ਮੇਲ ਤੇ ਸੀ ਐੱਚ ਓ ਸ਼ਾਲੂ ਰਾਣੀ, ਆਸ਼ਾ ਵਰਕਰ ਵੱਲੋਂ ਪਿੰਡ ਦੇ ਲੋਕਾਂ ਨੂੰ ਆਪਣੇ ਕੂਲਰਾਂ, ਪਾਣੀ ਦੀਆਂ ਟੈਂਕੀਆਂ ਫਰਿਜਾਂ ਦੀਆਂ ਪਿਛਲੀਆਂ ਟਰੇਆਂ, ਪਾਣੀ ਸਟੋਰ ਕੀਤੇ ਜਾਣ ਵਾਲੇ ਬਰਤਨ ਆਦਿ ਹਫਤੇ ਵਿੱਚ ਇੱਕ ਵਾਰ ਖਾਲੀ ਕਰਕੇ ਉਨ੍ਹਾਂ ਨੂੰ ਸੁਕਾਉਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਡੇਂਗੂ, ਮਲੇਰੀਆ ਬੁਖ਼ਾਰ ਦਾ ਕਾਰਨ ਬਣਨ ਵਾਲੇ ਮੱਛਰਾਂ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ। ਬੁਖ਼ਾਰ ਵਾਲੇ ਸ਼ੱਕੀ ਮਰੀਜ਼ਾਂ ਦੀਆਂ ਸਲਾਈਡਾਂ ਬਣਾਈਆਂ ਗਈਆਂ। ਬਾਕੀ ਟੀਮ ਮੈਂਬਰ ਵੀ ਹਾਜ਼ਰ ਸਨ।

## ਕਾਂਗਰਸ ਵੱਲੋਂ ਵੋਟ ਚੋਰੀ ਖਿਲਾਫ਼ 'ਦਸਤਖ਼ਤ ਮੁਹਿੰਮ' ਦੀ ਸ਼ੁਰੂਆਤ



ਜਲਾਲਾਬਾਦ (ਜੀਤ ਕੁਮਾਰ)-ਜਲਾਲਾਬਾਦ ਸ਼ਹਿਰ ਵਿੱਚ ਕਾਂਗਰਸ ਪਾਰਟੀ ਦੀ ਚੱਲ ਰਹੀ ਵੋਟ ਚੋਰੀ ਖਿਲਾਫ਼ 'ਦਸਤਖ਼ਤ ਮੁਹਿੰਮ' ਦੀ ਸ਼ੁਰੂਆਤ ਹਲਕਾ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ ਤੇ ਸਾਬਕਾ ਮੰਤਰੀ ਹੰਸ ਰਾਜ ਜੋਸਨ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਸੀਨੀਅਰ ਵਰਕਰਾਂ ਤੇ ਨੁਮਾਇੰਦਿਆ ਵੱਲੋਂ ਕੀਤੀ ਗਈ। ਸਥਾਨਕ ਸ਼ਹਿਰ ਦੀ ਅਨਾਜ ਮੰਡੀ ਵਿੱਚ ਕਰਵਾਏ ਪ੍ਰੋਗਰਾਮ ਦੌਰਾਨ ਕਾਂਗਰਸ ਪਾਰਟੀ ਦੇ ਵਰਕਰ ਇਕੱਠੇ ਹੋਏ, ਜਿਨ੍ਹਾਂ ਕਿਹਾ ਕਿ ਇਸ ਮੁਹਿੰਮ ਜ਼ਰੀਏ ਅਸੀਂ ਚੋਣ ਕਮਿਸ਼ਨ ਤੋਂ ਮੰਗ ਕਰਦੇ ਹਾਂ ਕਿ ਲੋਕਤੰਤਰ ਨੂੰ ਬਚਾਉਣ ਤੇ ਚੋਣਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਡਿਜੀਟਲ ਵੋਟਰ ਸੂਚੀ ਜਾਰੀ ਕੀਤੀ ਜਾਵੇ। ਇਸ ਮੌਕੇ ਮੈਂਬਰ ਪਾਰਲੀਮੈਂਟ ਸ੍ਰ. ਸ਼ੇਰ ਸਿੰਘ ਘੁਬਾਇਆ, ਸਾਬਕਾ ਮੰਤਰੀ ਹੰਸ ਰਾਜ ਜੋਸਨ, ਬਲਾਕ ਜਲਾਲਾਬਾਦ ਸ਼ਹਿਰੀ ਪ੍ਰਧਾਨ ਬੰਟੀ ਵਾਟਸ, ਵਿੱਕੀ ਧਵਨ, ਬਲਵਿੰਦਰ ਸਿੰਘ ਪੱਪੂ, ਚੇਅਰਮੈਨ ਸੁਭਾਸ਼ ਚੰਦਰ, ਜ਼ਲ੍ਹਾ ਜਰਨਲ ਸਕੱਤਰ ਧਰਮ ਸਿੰਘ ਸਿੱਧੂ, ਜ਼ਿਲ੍ਹਾ ਜਰਨਲ ਸਕੱਤਰ ਪ੍ਰਤੀਕ ਸੰਧੂ, ਸੀਨੀਅਰ ਕਾਂਗਰਸੀ ਆਗੂ ਡਾ. ਸ਼ਿਵ ਕੁਮਾਰ ਛਾਬੜਾ, ਸਾਬਕਾ ਪ੍ਰਧਾਨ ਸ਼ਹਿਰੀ ਦਰਸ਼ਨ ਲਾਲ ਵਾਟਸ, ਚੌਧਰੀ ਜਾਗਨ ਨਾਥ ਤੋਂ ਇਲਾਵਾ ਹਲਕਾ ਦੇ ਕਾਂਗਰਸੀ ਆਗੂ ਤੇ ਵੱਖ-ਵੱਖ ਅਹੁਦੇਦਾਰ ਹਾਜ਼ਰ ਸਨ।

# ਆਂਗਣਵਾੜੀ ਵਰਕਰਜ਼/ਹੈਲਪਰਜ਼ ਨੇ ਸਾਂਸਦ ਘੁਬਾਇਆ ਨੂੰ ਮੰਗ ਪੱਤਰ ਸੌਂਪਿਆ



ਜਲਾਲਾਬਾਦ (ਜੀਤ ਕੁਮਾਰ)-ਆਲ ਇੰਡੀਆ ਆਂਗਨਵਾੜੀ ਵਰਕਰਜ਼/ਹੈਲਪਰਜ਼ ਯੂਨੀਅਨ (ਏਟਕ) ਵੱਲੋਂ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ ਨੂੰ ਮੰਗ ਪੱਤਰ ਜ਼ਿਲ੍ਹਾ ਪ੍ਰਧਾਨ ਸੁਨੀਲ ਕੌਰ ਬੇਦੀ ਦੀ ਅਗਵਾਈ ਵਿੱਚ ਸੌਂਪਿਆ ਗਿਆ। ਉਨ੍ਹਾਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦੋਂ ਤੋਂ ਸੈਂਟਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਆਈ ਹੈ, ਉਦੋਂ ਤੋਂ ਸਾਨੂੰ ਸਿਰਫ ਇੱਕ ਸਾਡੇ ਮਾਣਭੱਤੇ ਵਿੱਚ 1500 ਰੁਪਏ ਦਾ ਵਾਧਾ ਕੀਤਾ ਸੀ, ਜਦੋਂ ਕਿ ਮੰਹਿਗਾਈ ਦਿਨੋਂ ਦਿਨ ਵੱਧ ਰਹੀ ਹੈ, ਪਰ ਸੈਂਟਰ ਦੀ ਸਰਕਾਰ ਵੱਲੋਂ ਵਰਕਰਾਂ ਨੂੰ ਸਿਰਫ਼ 4500 ਰੁਪਏ ਤੇ ਹੈਲਪਰ ਨੂੰ ਸਿਰਫ਼ 2250 ਰੁਪਏ ਹੀ ਦਿੱਤੇ ਜਾ ਰਹੇ ਹਨ, ਜਿਸ ਨਾਲ ਕਈ ਵਾਰ ਉਹ ਵੀ 6-6 ਮਹੀਨੇ ਨਹੀਂ ਮਿਲਦਾ।

ਉਨ੍ਹਾਂ ਸਾਂਸਦ ਘੁਬਾਇਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੁਸੀਂ ਸਾਡੀ ਪਾਰਲੀਮੈਂਟ ਵਿੱਚ ਆਵਾਜ਼ ਉਠਾ ਕੇ ਮੰਗ ਕਰੋ ਕਿ ਆਂਗਨਵਾੜੀ ਵਰਕਰਾਂ ਨੂੰ ਦਰਜਾ ਤਿੰਨ, ਹੈਲਪਰ ਨੂੰ ਦਰਜਾ ਚਾਰ ਦਾ ਗ੍ਰੇਡ ਦਿੱਤਾ ਜਾਵੇ, ਪੈਨਸ਼ਨ-ਗ੍ਰੈਚੂਇਟੀ ਦਾ ਲਾਭ ਦਿੱਤਾ ਜਾਵੇ, ਐੱਫ ਆਰ ਐੱਸ ਤੇ ਈਕੇਵਾਈਸੀ ਕਰਵਾਉਣੀ ਬੰਦ ਕਰਵਾਈ ਜਾਵੇ, ਪੋਸ਼ਣ ਟਰੈਕਰ 'ਤੇ ਕੰਮ ਕਰਨ ਲਈ ਵਧੀਆ ਕੰਪਨੀ ਦੇ ਮੋਬਾਈਲ ਫੋਨ ਲੈ ਕੇ ਦਿੱਤੇ ਜਾਣ, ਮੋਬਾਈਲ ਭੱਤੇ 'ਚ ਵਾਧਾ ਕੀਤਾ ਜਾਵੇ, 3 ਤੋਂ 6 ਸਾਲ ਦੇ ਬੱਚੇ ਆਂਗਨਵਾੜੀ ਸੈਂਟਰਾਂ ਵਿੱਚ ਵਾਪਸ ਕਰਕੇ ਆਂਗਨਵਾੜੀ ਵਰਕਰਾਂ ਨੂੰ ਪ੍ਰੀਨਰਸਰੀ ਟੀਚਰ ਬਣਾਇਆ ਜਾਵੇ। ਸ਼ੇਰ ਸਿੰਘ ਘੁਬਾਇਆ ਨੇ ਕਿਹਾ ਕਿ ਮੈਂ ਪਾਰਲੀਮੈਂਟ ਸੈਸ਼ਨ ਵਿੱਚ ਇਨ੍ਹਾਂ ਮੁੱਦਿਆਂ 'ਤੇ ਆਵਾਜ਼ ਬੁਲੰਦ ਕਰਾਂਗਾ। ਵਫਦ ਵਿੱਚ ਹਰਜੀਤ ਕੌਰ ਢੰਡੀਆ, ਬਿਮਲਾ ਜਲਾਲਾਬਾਦ, ਕੁਸਮ, ਲਾਜਵੰਤੀ, ਮੰਜੂ ਘੁਬਾਇਆ, ਦਰਸ਼ਨਾ ਰਾਣੀ ਤੇ ਹੋਰ ਆਗੂ ਭੈਣਾਂ ਸ਼ਾਮਲ ਸਨ।

## ਹੋਲੀ ਹਾਰਟ ਸਕੂਲ 'ਚ ਬੱਚਿਆਂ ਨੂੰ ਫ਼ਿਲਮ ਦਿਖਾਈ

ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਬੱਚਿਆਂ ਨੂੰ ਇਕ ਪ੍ਰੇਰਨਾਦਾਇਕ ਫ਼ਿਲਮ ਦਿਖਾਈ ਗਈ, ਜਿਸ ਵਿੱਚ ਜੀਵਨ ਵਿੱਚ ਅੱਗੇ ਵਧਣ, ਸਚਾਈ, ਮੇਹਨਤ ਤੇ ਸੰਘਰਸ਼ ਦੇ ਮਹੱਤਵ ਬਾਰੇ ਸੰਦੇਸ਼ ਦਿੱਤਾ ਗਿਆ।ਫ਼ਿਲਮ ਵੇਖਣ ਤੋਂ ਬਾਅਦ ਬੱਚਿਆਂ ਨੇ ਬੜੇ ਹੀ ਚਾਅ ਨਾਲ ਆਪਣੀਆਂ ਪ੍ਰਤੀਕ੍ਰਿਆਵਾਂ ਸਾਂਝੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਇਹ ਫ਼ਿਲਮ ਉਨ੍ਹਾਂ ਦੇ ਮਨ ਵਿੱਚ ਨਵੀਂ ਸੋਚ ਤੇ ਉੱਚੀਆਂ ਉਡਾਣਾਂ ਭਰਨ ਦਾ ਹੌਂਸਲਾ ਪੈਦਾ ਕਰਦੀ ਹੈ।ਅਧਿਆਪਕਾਂ ਵੱਲੋਂ ਵੀ ਇਸ ਮੌਕੇ ਬੱਚਿਆਂ ਨੂੰ ਸਮਝਾਇਆ ਗਿਆ ਕਿ ਜੀਵਨ ਵਿੱਚ ਕੋਈ ਵੀ ਮੁਸ਼ਕਲ ਆਵੇ ਤਾਂ ਉਸ ਨੂੰ ਡਰ ਨਹੀਂ, ਸਗੋਂ ਹਿੰਮਤ ਨਾਲ ਸਾਹਮਣਾ ਕਰਨਾ ਚਾਹੀਦਾ ਹੈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਬੱਚਿਆਂ ਦੇ ਚਰਿੱਤਰ ਨਿਰਮਾਣ ਵਿੱਚ ਮਦਦ ਮਿਲਦੀ ਹੈ ਅਤੇ ਉਨ੍ਹਾਂ ਨੂੰ ਸਫ਼ਲ ਭਵਿੱਖ ਵੱਲ ਪ੍ਰੇਰਿਤ ਕੀਤਾ ਜਾ ਸਕਦਾ ਹੈ।ਇਸ ਸਮਾਗਮ ਨੇ ਸਾਰੇ ਬੱਚਿਆਂ ਵਿੱਚ ਇਕ ਨਵਾਂ ਜੋਸ਼ ਤੇ ਉਤਸ਼ਾਹ ਭਰ ਦਿੱਤਾ।



## ਮਜ਼ਦੂਰ ਦੀ ਖੇਤ 'ਚ ਕੰਮ ਕਰਦੇ ਸਮੇਂ ਮੌਤ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿੰਡ ਠੁੱਲੀਵਾਲ ਵਿਖੇ ਇੱਕ ਕਿਸਾਨ ਦੇ ਖੇਤ 'ਚ ਕੰਮ ਕਰਦੇ ਸਮੇਂ ਮਜ਼ਦੂਰ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ।



ਆਗੂਆਂ ਨੇ ਦੱਸਿਆ ਕਿ ਮਜ਼ਦੂਰ ਪ੍ਰੀਤਮ ਸਿੰਘ (65) ਪੁੱਤਰ ਜੰਗੀਰ ਸਿੰਘ ਠੁੱਲੀਵਾਲ ਮਿਹਨਤ ਮਜ਼ਦੂਰੀ ਕਰਕੇ ਆਪਣਾ ਪਰਵਾਰ ਪਾਲ ਰਿਹਾ ਸੀ।ਉਹ ਪਿੰਡ ਦੇ ਹੀ ਇੱਕ ਕਿਸਾਨ ਦੇ ਖੇਤ ਹਰ ਰੋਜ਼ ਦੀ ਤਰ੍ਹਾਂ ਕੰਮ 'ਤੇ ਗਿਆ, ਜਿੱਥੇ ਉਹ ਕੰਮ ਕਰਦੇ ਸਮੇਂ ਡਿੱਗ ਪਿਆ।ਡਿੱਗਣ ਸਾਰ ਹੀ ਉਸ ਦੀ ਮੌਕੇ 'ਤੇ ਮੌਤ ਹੋ ਗਈ।ਆਗੂਆਂ ਨੇ ਕਿਹਾ ਕਿ ਮ੍ਰਿਤਕ ਮਜ਼ਦੂਰ ਆਪਣੇ ਪਿੱਛੇ ਵਿਧਵਾ ਪਤਨੀ, ਪੁੱਤਰ, ਧੀਆਂ, ਸਾਰੇ ਪਰਵਾਰ ਨੂੰ ਵਿਲਕਦੇ ਛੱਡ ਗਿਆ ਹੈ।ਵੱਖ ਵੱਖ ਕਿਸਾਨ, ਮਜ਼ਦੂਰ ਆਗੂਆਂ ਨੇ ਪੰਜਾਬ ਸਰਕਾਰ, ਡਿਪਟੀ ਕਮਿਸ਼ਨਰ ਬਰਨਾਲਾ ਪਾਸੋਂ ਪੀੜਤ ਮਜ਼ਦੂਰ ਪਰਵਾਰ ਨੂੰ ਯੋਗ ਆਰਥਿਕ ਮਦਦ ਦੀ ਮੰਗ ਕੀਤੀ ਹੈ।ਇਸ ਮੌਕੇ ਥਾਣਾ ਠੁੱਲੀਵਾਲ ਦੇ ਸਹਾਇਕ ਥਾਣੇਦਾਰ ਮਨਜਿੰਦਰ ਸਿੰਘ ਸ਼ੇਰਪੁਰ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਰਨਾਲਾ ਭੇਜਿਆ।ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਥਾਣਾ ਠੁੱਲੀਵਾਲ ਵਿਖੇ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।

# ਪੰਜਾਬ ਮਹਿਲਾ ਕਾਂਗਰਸ ਕਾਰਜਕਾਰਨੀ ਦੀ ਬੈਠਕ



ਸਮਾਣਾ (ਇਕਬਾਲ ਸਿੰਘ ਬੱਲ)-ਪੰਜਾਬ ਮਹਿਲਾ ਕਾਂਗਰਸ ਦੀ ਮੀਟਿੰਗ ਗੁਰਸ਼ਰਨ ਕੌਰ ਰੰਧਾਵਾ ਦੀ ਅਗਵਾਈ ਹੇਠ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਹੋਈ, ਜਿਸ ਵਿੱਚ ਸੂਬੇ ਦੇ ਅਬਜ਼ਰਵਰ ਨਤਾਸ਼ਾ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਸ਼ਰਨ ਕੌਰ ਰੰਧਾਵਾ ਨੇ ਪੰਜਾਬ ਮਹਿਲਾ ਕਾਂਗਰਸ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਰਾਸ਼ਟਰੀ ਪ੍ਰਧਾਨ ਅਲਕਾ ਲਾਂਬਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਵੱਡੇ ਪੱਧਰ 'ਤੇ ਰਿਕਾਰਡ ਤੋੜ ਮੈਂਬਰ ਭਰਤੀ ਕਰਕੇ ਮਹਿਲਾ ਕਾਂਗਰਸ ਨੂੰ ਵਧੇਰੇ ਮਜ਼ਬੂਤ ਕੀਤਾ ਹੈ।ਨਤਾਸ਼ਾ ਸ਼ਰਮਾ ਨੇ ਕਿਹਾ ਕਿ ਪੰਜਾਬ ਮਹਿਲਾ ਕਾਂਗਰਸ ਨੇ ਹਰ ਮੋਰਚੇ ਉਤੇ ਕਾਂਗਰਸ ਪਾਰਟੀ ਤੇ ਪ੍ਰਧਾਨ ਰਾਜਾ ਵੜਿੰਗ ਦਾ ਡੱਟ ਕੇ ਸਾਥ ਦਿੱਤਾ ਹੈ, ਜਿਸ ਨਾਲ ਪਾਰਟੀ ਨੂੰ ਵਧੇਰੇ ਮਜ਼ਬੂਤੀ ਮਿਲੀ ਹੈ। ਉਨ੍ਹਾ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸ੍ਰੀ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਦੀ ਵੋਟ ਚੋਰੀ ਕਰਕੇ ਚੋਣਾਂ ਜਿੱਤਣ ਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ।ਉਨ੍ਹਾਂ ਕਿਹਾ ਕਿ ਵੋਟ ਚੋਰੀ ਖਿਲਾਫ ਕਾਂਗਰਸ ਦਾ ਸੰਘਰਸ਼ ਜਾਰੀ ਹੈ ਤੇ ਅਸੀਂ ਇਹ ਲੜਾਈ ਜ਼ਰੂਰ ਜਿੱਤਾਂਗੇ।ਇਸ ਮੌਕੇ ਪੰਜਾਬ ਮਹਿਲਾ ਕਾਂਗਰਸ ਨੂੰ ਵੋਟ ਚੋਰੀ ਦੇ ਵਿਰੋਧ ਵਿੱਚ 10 ਹਜ਼ਾਰ ਫਾਰਮ ਭਰਨ ਦਾ ਟੀਚਾ ਦਿੱਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਸਲੀਨ ਸੇਠੀ ਜਲੰਧਰ, ਜਸਬੀਰ ਮੂਨਕ, ਸਵਰਨਜੀਤ ਕੌਰ, ਭੁਪਿੰਦਰ ਕੌਰਜੀਵਾਲਾ, ਕਿਰਨ ਗਰੇਵਾਲ, ਗੁਰਦੀਪ ਬਦੇਸ਼ਾ, ਸੰਤੋਸ਼ ਸਵੱਦੀ, ਹਰਮਿੰਦਰ ਸੈਣੀ, ਸਿਮਰਤ ਧਾਲੀਵਾਲ, ਸਰਬਜੀਤ ਬਰਾੜ, ਯਾਮਣੀ ਵਰਮਾ, ਸੁਨੀਤਾ ਤੰਜਾਨੀਆ, ਗੁਰਦੇਵ ਕੌਰ ਮੋਗਾ, ਸੋਨੀਆ ਪੁਰੀ, ਰੁਪਿੰਦਰ ਕੌਰ, ਬਜਾਜ ਹਾਜ਼ਰ ਸਨ।

# ਪਬਲਿਕ ਕਾਲਜ ਸਮਾਣਾ ਵਿਖੇ ਨੌਜਵਾਨ ਉਦਯੋਗਪਤੀ ਵਿਸ਼ੇ 'ਤੇ ਪ੍ਰਦਰਸ਼ਨੀ



ਸਮਾਣਾ (ਇਕਬਾਲ ਸਿੰਘ ਬੱਲ) ਪਬਲਿਕ ਕਾਲਜ ਸਮਾਣਾ ਦੇ ਕਾਮਰਸ, ਮੈਨੇਜਮੈਂਟ ਤੇ ਕੰਪਿਊਟਰ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਦੇਖ-ਰੇਖ ਹੇਠ ਨੌਜਵਾਨ ਉਦਯੋਗਪਤੀ ਵਿਸ਼ੇ 'ਤੇ ਇੱਕ ਪ੍ਰਦਰਸ਼ਨੀ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਦੁਆਰਾ ਤਿਆਰ ਕੀਤੇ ਗਏ ਖਾਣ-ਪੀਣ ਦੇ ਸਾਮਾਨ ਤੇ ਹੋਰ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ ਦਾ ਪ੍ਰਦਰਸ਼ਨ ਕੀਤਾ ਗਿਆ।ਇਸ ਕਾਲਜ ਦੇ ਸਾਬਕਾ ਵਿਦਿਆਰਥੀ ਸ੍ਰੀ ਬਿਕਰਮਜੀਤ ਸਿੰਘ ਮਣਕੂ, ਵਿਸ਼ਾਲ ਕੰਬਾਈਨ ਸਮਾਣਾ ਨੇ ਇਸ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਨਾਲ ਅੱਜ ਦੀ ਪ੍ਰਦਰਸ਼ਨੀ ਦਾ ਜਾਇਜ਼ਾ ਲਿਆ।ਮੁੱਖ ਮਹਿਮਾਨ ਨੇ ਵਿਦਿਆਰਥੀਆਂ ਨੂੰ ਆਪਣਾ ਬਿਜ਼ਨੈੱਸ ਖੁਦ ਕਰਨ ਤੇ ਮਾਰਕੀਟਿੰਗ ਸਕਿੱਲਜ਼ ਸਿੱਖਣ ਲਈ ਪ੍ਰੇਰਿਤ ਕੀਤਾ।ਮੁੱਖ ਮਹਿਮਾਨ ਵੱਲੋਂ ਵਿਦਿਆਰਥੀਆਂ ਨਾਲ ਕਾਲਜ ਕੈਂਪਸ ਵਿਖੇ ਪੌਦੇ ਵੀ ਲਗਾਏ ਗਏ।ਇਸ ਮੌਕੇ ਸ੍ਰੀ ਬਿਕਰਮਜੀਤ ਸਿੰਘ ਮਣਕੂ ਵੱਲੋਂ ਕਾਲਜ ਲਾਅਨਜ਼ ਦੀ ਬਿਊਟੀਫਿਕੇਸ਼ਨ ਲਈ ਇੱਕ ਲੱਖ ਰੁਪਏ ਦੀ ਰਾਸ਼ੀ ਕਾਲਜ ਨੂੰ ਦਿੱਤੀ ਗਈ।ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਇਸ ਸਹਾਇਤਾ ਰਾਸ਼ੀ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਉਮੀਦ ਜਤਾਈ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਾਲਜ ਨੂੰ ਸਹਿਯੋਗ ਕਰਦੇ ਰਹਿਣਗੇ।

ਇਸ ਸਮੁੱਚੇ ਪ੍ਰੋਗਰਾਮ ਦਾ ਆਯੋਜਨ ਕਾਮਰਸ, ਮੈਨੇਜਮੈਂਟ ਤੇ ਕੰਪਿਊਟਰ ਵਿਭਾਗ ਵੱਲੋਂ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ।ਸਮੂਹ ਵਿਭਾਗ ਮੁਖੀਆਂ ਤੋਂ ਇਲਾਵਾ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਮੈਂਬਰਜ਼ ਨੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕੀਤੀ।

## ਵਜੀਦਕੇ ਕਲਾਂ, ਵਜੀਦਕੇ ਖ਼ੁਰਦ 'ਚ ਪਰਾਲੀ ਸਾੜਨ ਤੋਂ ਰੋਕਣ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਰਾਲੀ ਸਾੜਨ ਦੇ ਮੁੱਦੇ ਨੂੰ ਧਿਆਨ ਵਿੱਚ ਰੱਖਦਿਆਂ ਪੁਲਿਸ ਥਾਣਾ ਠੁੱਲੀਵਾਲ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਕਿਸਾਨਾਂ ਨਾਲ ਜਾਗਰੂਕਤਾ ਮੀਟਿੰਗਾਂ ਕੀਤੀਆਂ ਗਈਆਂ।

ਇਹ ਮੀਟਿੰਗਾਂ ਪੁਲਸ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਬਲਵਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠ ਤੇ ਸਹਾਇਕ ਥਾਣੇਦਾਰ ਮਨਜਿੰਦਰ ਸਿੰਘ ਸ਼ੇਰਪੁਰ ਦੀ ਦੇਖ-ਰੇਖ ਹੇਠ ਪਿੰਡ ਵਜੀਦਕੇ ਕਲਾਂ, ਵਜੀਦਕੇ ਖੁਰਦ ਵਿਖੇ ਕਰਾਈਆਂ ਗਈਆਂ।ਇਸ ਦੌਰਾਨ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਅਪੀਲ ਕੀਤੀ ਗਈ।ਮਾਨਯੋਗ ਅਦਾਲਤ ਦੇ ਹੁਕਮਾਂ ਤੇ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਸ੍ਰੀ ਟੀ. ਬੈਨਿਥ ਤੇ ਐਸ ਐਸ ਪੀ ਬਰਨਾਲਾ ਮੁਹੰਮਦ ਸਰਫ਼ਰਾਜ਼ ਆਲਮ ਵੱਲੋਂ ਦਿੱਤੇ ਨਿਰਦੇਸ਼ਾਂ ਅਧੀਨ ਡੀ ਐਸ ਪੀ ਮਹਿਲ ਕਲਾਂ ਜਤਿੰਦਰਪਾਲ ਸਿੰਘ ਦੀ ਰਹਿਨੁਮਾਈ 'ਚ ਪਿੰਡ ਪਿੰਡ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

# ਬਾਬਾ ਬੁੱਢਾ ਜੀ ਜੋੜ ਮੇਲੇ ਨੂੰ ਸਮਰਪਤ ਫ੍ਰੀ ਮੈਡੀਕਲ ਕੈਂਪ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਮੈਡੀਕਲ ਪ੍ਰੈਕਟੀਸ਼ਨਰ ਪੰਜਾਬ ਦੇ ਬਲਾਕ ਫਰੀਦਕੋਟ ਵੱਲੋਂ ਚੰਦਬਾਜਾ ਵਿਖੇ ਧੰਨ ਧੰਨ ਬਾਬਾ ਬੁੱਢਾ ਜੀ ਜੋੜ ਮੇਲੇ ਨੂੰ ਸਮਰਪਤ ਫ੍ਰੀ ਮੈਡੀਕਲ ਕੈਂਪ ਲਾਇਆ ਗਿਆ।ਬਾਬਾ ਬੁੱਢਾ ਸਾਹਿਬ ਜਾਣ ਵਾਲੀ ਸੰਗਤਾਂ ਨੂੰ ਫ੍ਰੀ ਮੈਡੀਕਲ ਸੇਵਾਵਾਂ ਦੇਣ ਲਈ ਚਾਰ ਦਿਨਾਂ ਬਾਬਾ ਬੁੱਢਾ ਜੀ ਦੇ ਮੇਲੇ ਨੂੰ ਸਮਰਪਤ ਲਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਡਾਕਟਰ ਰਸ਼ਪਾਲ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਬਾਕੀ ਡਾਕਟਰ ਸਾਥੀਆਂ ਨੇ ਵੀ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।

ਡਾਕਟਰ ਅੰਮ੍ਰਿਤ ਪਾਲ ਸਿੰਘ ਟਹਿਣਾ ਬਲਾਕ ਪ੍ਰਧਾਨ, ਡਾ ਰਛਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ, ਡਾਕਟਰ ਬਲਦੇਵ ਸਿੰਘ ਸਰਪੰਚ ਜੰਡਵਾਲਾ, ਡਾਕਟਰ ਜਗਮੇਲ ਸਿੰਘ ਪਿੰਡ ਚੰਦਬਾਜਾ, ਡਾਕਟਰ ਹਰਭਜਨ ਸਿੰਘ ਮੰਡ, ਡਾਕਟਰ ਬੂਟਾ ਸਿੰਘ ਖਾਲਸਾ ਧੂੜਕੋਟ, ਡਾਕਟਰ ਸੁਭਾਸ਼ ਚੰਦਰ ਮੰਡਵਾਲਾ, ਡਾਕਟਰ ਜਗਦੀਸ਼ ਦੁਆ ਫ਼ਰੀਦਕੋਟ, ਡਾਕਟਰ ਜਸਪਾਲ ਸਿੰਘ ਨੰਬਰਦਾਰ ਚੰਦ ਬਾਜਾ, ਡਾਕਟਰ ਕੁਲਵੰਤ ਸਿੰਘ ਜਨਰਲ ਸੈਕਟਰੀ, ਡਾਕਟਰ ਗੁਰਵਿੰਦਰ ਸਿੰਘ ਟਹਿਣਾ, ਡਾਕਟਰ ਰਜਿੰਦਰ ਅਰੋੜਾ, ਡਾਕਟਰ ਯਸ਼ਪਾਲ ਗੁਲਾਟੀ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਸ਼ਾਮਲ ਹੋਏ।



# ਮਾਛੀਵਾੜਾ ਬਲਾਕ 'ਚ 'ਵੋਟ ਚੋਰ ਗੱਦੀ ਛੋੜ' ਮੁਹਿੰਮ ਸ਼ੁਰੂ

*5 ਹਜ਼ਾਰ ਫਾਰਮਾਂ 'ਤੇ ਦਸਤਖ਼ਤ ਕਰਾਵਾਂਗੇ : ਸ਼ਕਤੀ ਆਨੰਦ*



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਬਲਾਕ ਵਿੱਚ ਕਾਂਗਰਸ ਵੱਲੋਂ 'ਵੋਟ ਚੋਰ ਗੱਦੀ ਛੋੜ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਤੇ ਸ਼ਹਿਰੀ ਪ੍ਰਧਾਨ ਐਡਵੋਕੇਟ ਕਪਿਲ ਆਨੰਦ ਦੀ ਅਗਵਾਈ ਹੇਠ ਇਸ ਮੁਹਿੰਮ ਦੀ ਸ਼ੁਰੂਆਤ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਸ਼ਕਤੀ ਆਨੰਦ ਨੇ ਕਰਵਾਈ। ਸਾਬਕਾ ਚੇਅਰਮੈਨ ਸ਼ਕਤੀ ਆਨੰਦ ਨੇ ਕਿਹਾ ਕਿ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਤੇ ਹਾਈਕਮਾਂਡ ਨੇ ਦੇਸ਼ ਵਿੱਚ ਵੋਟ ਚੋਰੀ ਦਾ ਇੱਕ ਵੱਡਾ ਘਪਲਾ ਬੇਨਕਾਬ ਕੀਤਾ ਹੈ ਕਿ ਕਿਸ ਤਰ੍ਹਾਂ ਜਾਅਲੀ ਵੋਟਾਂ ਬਣਾ ਕੇ ਭਾਜਪਾ ਸੱਤਾ 'ਤੇ ਕਾਬਜ ਹੋਈ ਬੈਠੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਹੁਣ 'ਵੋਟ ਚੋਰ ਗੱਦੀ ਛੋੜ' ਮੁਹਿੰਮ ਦੀ ਸ਼ੁਰੂਆਤ ਕਰਕੇ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਮਾਛੀਵਾੜਾ ਬਲਾਕ ਵਿੱਚ 5 ਹਜ਼ਾਰ ਫਾਰਮਾਂ 'ਤੇ ਦਸਤਖਤ ਕਰਵਾ ਕੇ ਕਾਂਗਰਸ ਹਾਈਕਮਾਂਡ ਨੂੰ ਭੇਜੇ ਜਾਣਗੇ। ਸ਼ਕਤੀ ਆਨੰਦ ਨੇ ਕਿਹਾ ਕਿ ਵੋਟ ਚੋਰੀ ਕਰਕੇ ਸੱਤਾ ਹਥਿਆਉਣਾ ਲੋਕਤੰਤਰ ਦਾ ਵੱਡਾ ਘਾਣ ਹੈ, ਜਿਸ ਨੂੰ ਰੋਕਣਾ ਬਹੁਤ ਜ਼ਰੂਰੀ ਹੈ, ਇਸ ਲਈ ਮਾਛੀਵਾੜਾ ਬਲਾਕ ਦੇ ਵੋਟਰ ਇਸ ਮੁਹਿੰਮ ਵਿੱਚ ਸਾਥ ਦੇਣ। ਇਸ ਮੌਕੇ ਉਨ੍ਹਾਂ ਨਾਲ ਬਿੱਟੂ ਸਰਪੰਚ ਖਾਨਪੁਰ, ਮਿੰਟੂ ਗੁਲਾਟੀ ਹਾਜ਼ਰ ਸਨ।

# ਸਰਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਜਲਦ ਰਜਿਸਟਰਡ ਕਰੇ : ਆਗੂ



ਜ਼ੀਰਾ (ਨਰਿੰਦਰ ਅਨੇਜਾ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਯੋਗ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੀ ਇਕਾਈ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਆਤਮਾ ਸਿੰਘ ਦੀ ਪ੍ਰਧਾਨਗੀ ਹੇਠ ਮਿਲਨ ਰੈਸਟੋਰੈਂਟ ਜ਼ੀਰਾ ਵਿੱਚ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਸੰਤੋਖ ਸਿੰਘ ਤੇ ਜ਼ਿਲ੍ਹਾ ਸਹਾਇਕ ਸਟੇਜ ਸਕੱਤਰ ਧਰਮਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਤੇ ਜ਼ਿਲ੍ਹਾ ਸਹਾਇਕ ਸਟੇਜ ਸਕੱਤਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਬੰਦੀ ਦੇ ਉਦੇਸ਼ ਮਾਨਵ ਸੇਵਾ ਪਰਮੋ ਧਰਮ ਦੇ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ ਵੱਖ ਬਲਾਕਾਂ ਵੱਲੋਂ ਪਿਛਲੇ ਦਿਨਾਂ ਦੌਰਾਨ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਫ੍ਰੀ ਮੈਡੀਕਲ ਕੈਂਪ ਲਗਾਏ ਗਏ।ਇਸ ਤੋਂ ਇਲਾਵਾ ਸਾਲਾਨਾ ਜੋੜ ਮੇਲਿਆਂ, ਪਿੰਡਾਂ ਵਿੱਚ ਮੇਲਿਆਂ ਜਾਂ ਹੋਰ ਗੁਰੂ ਸਾਹਿਬਨ ਦੇ ਗੁਰਪੁਰਬ ਮੌਕੇ ਵੀ ਫ੍ਰੀ ਮੈਡੀਕਲ ਕੈਂਪ ਲਗਾ ਕੇ ਮਾਨਵਤਾ ਦੀ ਸੇਵਾ ਕੀਤੀ ਜਾਂਦੀ ਹੈ।ਪ੍ਰਧਾਨ ਆਤਮਾ ਸਿੰਘ ਤੋਂ ਇਲਾਵਾ ਵੱਖ ਵੱਖ ਬੁਲਾਰਿਆਂ ਸਰਪ੍ਰਸਤ ਗੁਰਦਿੱਤ ਸਿੰਘ, ਚੇਅਰਮੈਨ ਜਰਨੈਲ ਸਿੰਘ, ਜਨਰਲ ਸਕੱਤਰ ਸੁਰਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਅਜ਼ਮੇਰ ਸਿੰਘ ਢੇਰੂ, ਸਹਾਇਕ ਸਟੇਜ ਸਕੱਤਰ ਗੁਰਜੀਤ ਸਿੰਘ ਤੇ ਸਹਾਇਕ ਕੈਸ਼ੀਅਰ ਬੋਹੜ ਸਿੰਘ ਆਦਿ ਨੇ ਬੋਲਦਿਆਂ ਕਿਹਾ ਕਿ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਦੇ ਸਲੱਮ ਏਰੀਆ ਵਿੱਚ ਸਾਫ਼ ਸੁਥਰਾ ਕੰਮ ਕਰਨ ਦੇ ਨਾਲ ਨਾਲ ਸਮਾਜ ਭਲਾਈ ਦੇ ਕੰਮ ਕਰ ਰਹੇ ਪ੍ਰੈਕਟੀਸ਼ਨਰਾਂ ਦੀ ਰਜਿਸਟਰਡ ਕਰਨ ਦੀ ਮੰਗ ਨੂੰ ਸਰਕਾਰ ਛੇਤੀ ਪੂਰਾ ਕਰੇ ਤਾਂ ਕਿ ਉਹ ਬੇਖੌਫ ਪ੍ਰੈਕਟਿਸ ਕਰ ਸਕਣ। ਇਸ ਮੀਟਿੰਗ 'ਚ ਅਮਨਜੀਤ ਹਸਪਤਾਲ ਦੇ ਡਾਕਟਰ ਅਮਨਜੀਤ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦੀ ਟੀਮ ਨੇ ਵੀ ਸ਼ਮੂਲੀਅਤ ਕੀਤੀ।ਉਨ੍ਹਾਂ ਆਪਣੇ ਹਸਪਤਾਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਅਖੀਰ 'ਤੇ ਪ੍ਰਧਾਨ ਆਤਮਾ ਸਿੰਘ ਵੱਲੋਂ ਸਾਰੇ ਮੈਂਬਰਾਂ ਤੇ ਅਮਨਜੀਤ ਹਸਪਤਾਲ ਦੀ ਟੀਮ ਦਾ ਧੰਨਵਾਦ ਕੀਤਾ ਗਿਆ।ਉਪਰੋਕਤ ਤੋਂ ਇਲਾਵਾ ਇਸ ਵਿਸ਼ੇਸ਼ ਇਕੱਤਰਤਾ ਵਿੱਚ ਵੱਡੀ ਗਿਣਤੀ ਵਿੱਚ ਪ੍ਰੈਕਟੀਸ਼ਨਰ ਸ਼ਾਮਲ ਹੋਏ।

## ਵਿਕਾਸ 'ਚ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ : ਗੌਰਵ ਸੰਧੂ

ਪਟਿਆਲਾ (ਰਾਜਿੰਦਰ ਸਿੰਘ ਥਿੰਦ) ਕਿਸਾਨ ਕਾਂਗਰਸ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਗੌਰਵ ਸੰਧੂ ਨੇ ਹਲਕਾ ਸਨੌਰ ਦੇ ਵਾਰਡ ਨੰ-15 ਅਲੀਪੁਰ ਅਰਾਈਆਂ ਵਿਖੇ ਇਲਾਕੇ ਦੇ ਲੋਕਾਂ ਨਾਲ ਮੀਟਿੰਗ ਕੀਤੀ ਤੇ ਕਾਂਗਰਸ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹੀ ਅਜਿਹੀ ਪਾਰਟੀ ਹੈ, ਜਿਹੜੀ ਸਾਰਿਆਂ ਨੂੰ ਨਾਲ ਲੈ ਕੇ ਚੱਲ ਸਕਦੀ ਹੈ।ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿਚ ਰਾਹੁਲ ਗਾਂਧੀ ਹੀ ਅਜਿਹੇ ਆਗੂ ਹਨ, ਜਿਹੜੇ ਦੇਸ਼ ਨੂੰ ਬਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਸੱਤਾ ਵੀ ਵਾਗਡੋਰ ਕਾਂਗਰਸ ਦੇ ਹੱਥਾਂ ਵਿਚ ਸੌਂਪਣੀ ਹੈ।ਇਸ ਲਈ ਕਾਂਗਰਸ ਪਾਰਟੀ ਦੀ ਸਰਕਾਰ ਬਣਨੀ ਤੈਅ ਹੈ।ਉਨ੍ਹਾਂ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਤੇ ਉਨ੍ਹਾਂ ਦਾ ਹੱਲ ਕਰਾਉਣ ਦਾ ਭਰੋਸਾ ਵੀ ਦਿੱਤਾ।



## ਕਲੱਸਟਰ ਪੱਧਰੀ ਪ੍ਰਾਇਮਰੀ ਖੇਡਾਂ 'ਚ ਮਾਤਾ ਸਾਹਿਬ ਕੌਰ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਸਥਾਨਕ ਸ਼ਹਿਰ ਦੇ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਕਰਵਾਈਆਂ ਗਈਆਂ ਕਲੱਸਟਰ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਮਾਤਾ ਸਾਹਿਬ ਕੌਰ ਸਕੂਲ ਦੇ ਵਿਦਿਆਰਥੀਆਂ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਕਈ ਮੈਡਲ ਤੇ ਖਿਤਾਬ ਜਿੱਤੇ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਵੰਦਨਾ ਧਵਨ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ, ਕਬੱਡੀ ਸਰਕਲ ਸਟਾਈਲ ਟੀਮ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ ਤੇ ਕਬੱਡੀ ਨੈਸ਼ਨਲ ਸਟਾਈਲ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਕਰਾਟੇ ਮੁਕਾਬਲੇ ਵਿੱਚ ਗੁਰਬਾਜ ਸਿੰਘ, ਹਿੰਮਤਜੀਤ ਸਿੰਘ ਸਮੇਤ 9 ਵਿਦਿਆਰਥੀਆਂ ਨੇ ਸੋਨ ਤਮਗੇ ਜਿੱਤੇ, ਜਦੋਂ ਕਿ ਐਥਲੈਟਿਕਸ ਵਿੱਚ ਸਮਾਇਲ ਨੇ ਸੌ ਮੀਟਰ ਦੌੜ 'ਚ ਚਾਂਦੀ ਦਾ ਤਮਗਾ ਹਾਸਲ ਕੀਤਾ।ਵਿਦਿਆਰਥੀਆਂ ਦੀ ਇਸ ਵੱਡੀ ਸਫਲਤਾ 'ਤੇ ਪ੍ਰਿੰਸੀਪਲ ਸ੍ਰੀਮਤੀ ਵੰਦਨਾ ਧਵਨ, ਚੇਅਰਮੈਨ ਸ੍ਰੀ ਮਹੀਪਾਲ ਸਿੰਘ ਤੇ ਮੈਨੇਜਰ ਸ੍ਰੀ ਹਰਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਕੋਚ ਰਾਜਿੰਦਰ, ਬਖਸ਼ੀਸ਼ ਸਿੰਘ ਤੇ ਸਵਰਨ ਸਿੰਘ ਨੇ ਵੀ ਖਿਡਾਰੀਆਂ ਦੀ ਲਗਨ ਤੇ ਟੀਮ ਵਰਕ ਦੀ ਸ਼ਲਾਘਾ ਕੀਤੀ।

## ਆਮ ਆਦਮੀ ਪਾਰਟੀ ਵੱਲੋਂ ਸਮਾਣਾ ਦੇ ਬਲਾਕ ਪ੍ਰਧਾਨ ਨਿਯੁਕਤ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਹਲਕਾ ਸਮਾਣਾ ਤੋਂ ਨਵੇਂ ਬਲਾਕ ਪ੍ਰਧਾਨ ਨਿਯੁਕਤ ਕੀਤੇ ਗਏ, ਜਿਨ੍ਹਾਂ ਵਿੱਚ ਕੁਝ ਪੁਰਾਣੇ ਬਲਾਕ ਪ੍ਰਧਾਨਾਂ ਦੇ ਨਾਲ ਨਵੇਂ ਚਿਹਰਿਆਂ ਨੂੰ ਵੀ ਬਲਾਕ ਪ੍ਰਧਾਨ ਬਣਾਇਆ ਗਿਆ ਹੈ।ਇਨ੍ਹਾਂ ਵਿੱਚ ਬਲਕਾਰ ਸਿੰਘ ਗੱਜੂਮਾਜਰਾ, ਗੋਪਾਲ ਕ੍ਰਿਸ਼ਨ ਗਰਗ ਬਿੱਟੂ, ਸੁਰਜੀਤ ਸਿੰਘ ਫੌਜੀ, ਕੁਲਜੀਤ ਸਿੰਘ ਰੰਧਾਵਾ, ਸੁਨੈਨਾ ਮਿੱਤਲ, ਬਲਜਿੰਦਰ ਸਿੰਘ ਪਹਾੜਪੁਰ, ਦੀਪਕ ਵਧਵਾ, ਹਰਦੀਪ ਸਿੰਘ ਚੀਮਾ, ਨਵਪ੍ਰੀਤ ਸਿੰਘ ਉੱਚਾ ਗਾਉਂ, ਜਸਵੰਤ ਸਿੰਘ, ਜਤਿੰਦਰ ਝੰਡ, ਕਮਲਜੀਤ ਖਾਨਪੁਰ, ਲਖਵਿੰਦਰ ਖੇੜੀ ਬਰਨਾ, ਇੰਦਰਜੀਤ ਸਿੰਘ ਖੇੜੀ ਮਾਨੀਆ ਦੇ ਨਾਮ ਸ਼ਾਮਲ ਹਨ, ਜਿਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਹੋਰ ਮਜ਼ਬੂਤੀ ਲਈ ਦਿਲੋਂ ਕੰਮ ਕੀਤਾ ਹੈ।ਬਲਾਕ ਪ੍ਰਧਾਨਾਂ ਨੇ ਆਪਣੀ ਇਸ ਨਿਯੁਕਤੀ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਾਬਕਾ ਮੰਤਰੀ ਤੇ ਹਲਕਾ ਸਮਾਣਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਲਈ ਦਿਨ-ਰਾਤ ਇੱਕ ਕਰਕੇ ਮਿਹਨਤ ਕਰਾਂਗੇ ਤੇ ਪਾਰਟੀ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣ ਲਈ ਆਪਣਾ ਯੋਗਦਾਨ ਪਾਵਾਂਗੇ।

## ਹਡਾਣਾ ਵੱਲੋਂ ਪਿੰਡ ਚੌਰਾ ਤੇ ਰਿਸ਼ੀ ਕਲੋਨੀ ਦੀਆਂ ਸੜਕਾਂ ਦਾ ਉਦਘਾਟਨ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਹਲਕਾ ਸਨੌਰ ਦੇ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਿਆਂ ਪੀ.ਆਰ.ਟੀ.ਸੀ. ਦੇ ਚੇਅਰਮੈਨ ਤੇ ਹਲਕਾ ਸਨੌਰ ਦੇ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਅੱਜ ਪਿੰਡ ਚੌਰਾ ਤੇ ਰਿਸ਼ੀ ਕਲੋਨੀ ਦੀਆਂ ਦੋ ਮਹੱਤਵਪੂਰਨ ਸੜਕਾਂ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਲੋਕ ਪੱਖੀ ਕੰਮਾਂ ਨੂੰ ਪਹਿਲ ਦੇਣਾ ਉਨ੍ਹਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਤੇ ਹਲਕੇ ਦੇ ਹੋਰਨਾਂ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ।ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸਨੌਰ ਹਲਕੇ ਵਿੱਚ ਸੜਕਾਂ, ਸਿਹਤ, ਸਿੱਖਿਆ ਤੇ ਸਫਾਈ ਸਮੇਤ ਹੋਰ ਬੁਨਿਆਦੀ ਸਹੂਲਤਾਂ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਜ਼ੋਰ ਦਿੱਤਾ ਕਿ ਵਿਕਾਸ ਕੰਮਾਂ ਦੀ ਯੋਜਨਾ ਘਰ-ਘਰ ਲੋਕਾਂ ਦੇ ਸੁਝਾਅ ਲੈ ਕੇ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਖੇਤਰ ਜਾਂ ਬਸਤੀ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ।ਇਸ ਮੌਕੇ ਇਲਾਕਾ ਨਿਵਾਸੀਆਂ ਨੇ ਹਡਾਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ।ਹਡਾਣਾ ਨੇ ਕਿਹਾ ਕਿ ਸੜਕਾਂ ਦੇ ਨਾਲ-ਨਾਲ ਪਿੰਡਾਂ ਤੇ ਸ਼ਹਿਰੀ ਬਸਤੀਆਂ ਦੇ ਪਾਣੀ ਸਪਲਾਈ ਪ੍ਰੋਜੈਕਟਾਂ, ਸਫਾਈ ਪ੍ਰਬੰਧਾਂ ਤੇ ਸਮਾਜਕ ਭਲਾਈ ਸਕੀਮਾਂ 'ਤੇ ਵੀ ਕੰਮ ਜਾਰੀ ਹੈ।ਉਨ੍ਹਾਂ ਐਲਾਨ ਕੀਤਾ ਕਿ ਜ਼ਮੀਨੀ ਪੱਧਰ 'ਤੇ ਕਾਰਜਾਂ ਦੀ ਨਿਗਰਾਨੀ ਉਹ ਖ਼ੁਦ ਕਰਨਗੇ ਤਾਂ ਜੋ ਕੰਮਾਂ ਦੀ ਗੁਣਵੱਤਾ ਯਕੀਨੀ ਬਣਾਈ ਜਾ ਸਕੇ।ਸਮਾਰੋਹ ਦੌਰਾਨ ਸਥਾਨਕ ਆਗੂਆਂ, ਪੰਚਾਇਤ ਪ੍ਰਧਾਨਾਂ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਵਿਸ਼ੇਸ਼ ਪ੍ਰਦਰਸ਼ਨੀ



ਹਠੂਰ (ਨਛੱਤਰ ਸੰਧੂ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਪਹਿਲੀ ਟਰਮ ਦੇ ਨਤੀਜਿਆਂ ਨੂੰ ਦੇਣ ਮੌਕੇ ਵਿਸ਼ੇਸ਼ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਮਾਡਲ ਚਾਰਟ ਤੇ ਰਚਨਾਤਮਕ ਕਿਰਤੀਆਂ ਪ੍ਰਦਰਸ਼ਤ ਕੀਤੀਆਂ।ਮਾਪਿਆਂ ਨੇ ਬੱਚਿਆਂ ਦੇ ਨਤੀਜੇ ਪ੍ਰਾਪਤ ਕਰਦੇ ਹੋਏ ਉਨ੍ਹਾਂ ਦੀਆਂ ਕਲਾ ਪ੍ਰਤਿਭਾਵਾਂ ਨੂੰ ਵੀ ਦੇਖਿਆ ਤੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ।ਇਸ ਮੌਕੇ ਮੌਜੂਦ ਸਕੂਲ ਪ੍ਰਧਾਨ ਚਰਨ ਸਿੰਘ, ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ, ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਆਪਣੇ ਗੁਣਾਂ ਨੂੰ ਨਿਖਾਰਨ ਲਈ ਮੰਚ ਪ੍ਰਦਾਨ ਕਰਦੇ ਹਨ।ਇਸ ਪ੍ਰੋਗਰਾਮ ਵਿੱਚ ਅਧਿਆਪਕਾਂ, ਮਾਪਿਆਂ ਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਪ੍ਰਦਰਸ਼ਨੀ ਦਾ ਵਿਸ਼ੇਸ਼ ਅਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਹੋਏ ਚਾਰਟ, ਮਾਡਲ ਲੋਕ ਕਲਾਵਾਂ ਪੁਰਾਣੇ ਗੀਤੀ ਰਿਵਾਜਾਂ ਤੇ ਖੇਤੀਬਾੜੀ ਨਾਲ ਜੁੜੇ ਪ੍ਰਦਰਸ਼ਨਾਂ ਨੂੰ ਪੇਸ਼ ਕੀਤਾ।ਪ੍ਰਦਰਸ਼ਨੀ ਵਿੱਚ ਪੰਜਾਬੀ ਭੋਜਨ ਪਹਿਰਾਵੇ ਗਿੱਧਾ, ਭੰਗੜਾ, ਸਾਜ ਸ਼ਿੰਗਾਰ ਤੇ ਲੋਕ ਕਹਾਵਤਾਂ ਦੀ ਖ਼ੂਬਸੂਰਤ ਝਲਕ ਪੇਸ਼ ਕੀਤੀ ਗਈ। ਇਸ ਮੌਕੇ ਪਹੁੰਚੇ ਸਾਰੇ ਹੀ ਮਾਪਿਆਂ ਨੇ ਕਿਹਾ ਕਿ ਅਜਿਹੀਆਂ ਪ੍ਰਦਰਸ਼ਨੀਆਂ ਬੱਚਿਆਂ ਵਿੱਚ ਮਾਣ ਤੇ ਆਤਮ ਵਿਸ਼ਵਾਸ ਪੈਦਾ ਕਰਦੀਆਂ ਹਨ।

## ਵਾਲਮੀਕ ਜਯੰਤੀ ਮੌਕੇ ਠੇਕੇ ਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੀ ਮੰਗ



ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)-ਸ੍ਰਿਸ਼ਟੀਕਰਤਾ ਮਹਾਰਿਸ਼ੀ ਭਗਵਾਨ ਵਾਲਮੀਕੀ ਜੀ ਦੀ ਜਯੰਤੀ ਮੌਕੇ ਸ਼ਰਾਬ ਠੇਕੇ ਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਸਬੰਧੀ ਇੱਕ ਮੰਗ ਪੱਤਰ ਐੱਸਸੀ/ਬੀਸੀ ਕਰਮਚਾਰੀ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਬੂਟਾ ਰਾਮ ਸ਼ੁਤਰਾਣਾ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਮ ਫੀਲਡ ਅਫਸਰ ਸਤੀਸ਼ ਚੰਦਰਾ ਨੂੰ ਦਿੱਤਾ ਗਿਆ।ਮੁਲਾਜ਼ਮ ਆਗੂ ਬੂਟਾ ਰਾਮ ਸ਼ੁਤਰਾਣਾ ਨੇ ਦੱਸਿਆ ਕਿ 7 ਅਕਤੂਬਰ ਨੂੰ ਪੰਜਾਬ ਵਿੱਚ ਹੀ ਨਹੀਂ ਪੂਰੇ ਭਾਰਤ ਵਿੱਚ ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕੀ ਜੀ ਦੀ ਜਯੰਤੀ ਸ਼ਰਧਾ ਤੇ ਧੂਮਧਾਮ ਨਾਲ ਮਨਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਾਡੀ ਫੈਡਰੇਸ਼ਨ ਅਪੀਲ ਕਰਦੀ ਹੈ ਕਿ ਜਿਸ ਤਰ੍ਹਾਂ ਗਾਂਧੀ ਜਯੰਤੀ ਤੇ ਹੋਰ ਕਈ ਵੱਡੇ ਧਾਰਮਿਕ ਪ੍ਰੋਗਰਾਮਾਂ ਮੌਕੇ ਪੂਰੇ ਪੰਜਾਬ ਵਿੱਚ ਮੀਟ ਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖੀਆਂ ਜਾਂਦੀਆਂ ਹਨ, ਉਸੇ ਤਰ੍ਹਾਂ 7 ਅਕਤੂਬਰ 2025 ਨੂੰ ਵੀ ਮਹਾਰਿਸ਼ੀ ਵਾਲਮੀਕ ਜੀ ਦੀ ਜਯੰਤੀ ਮੌਕੇ ਮੀਟ ਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਸਬਧੀ ਪੰਜਾਬ ਸਰਕਾਰ ਹੁਕਮ ਜਾਰੀ ਕਰੇ ਤਾਂ ਜੋ ਇਹ ਪਵਿੱਤਰ ਦਿਹਾੜਾ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ, ਸ਼ਮਿੰਦਰ ਸਿੰਘ, ਸੋਮ ਨਾਥ ਆਦਿ ਮੌਜੂਦ ਸਨ।

## ਮਾਰਕੀਟ ਕਮੇਟੀ ਸਮਾਣਾ ਵੱਲੋਂ ਖੇਤੀਬਾੜੀ ਹਾਦਸਿਆਂ ਦੇ ਸ਼ਿਕਾਰ ਪਰਵਾਰਾਂ ਨੂੰ ਆਰਥਿਕ ਸਹਾਇਤਾ ਦੇ ਚੈੱਕ ਭੇਟ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਮਾਰਕੀਟ ਕਮੇਟੀ ਸਮਾਣਾ ਵੱਲੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੀ ਅਗਵਾਈ ਹੇਠ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਵੱਲੋਂ ਖੇਤੀਬਾੜੀ ਹਾਦਸਿਆਂ ਦਾ ਸ਼ਿਕਾਰ ਪੀੜਤ ਪਰਵਾਰਾਂ ਨੂੰ ਆਰਥਿਕ ਸਹਾਇਤਾ ਦੀ ਚੈੱਕ ਵੰਡੇ ਗਏ, ਜਿਨ੍ਹਾਂ ਵਿੱਚ ਜੱਗਰ ਸਿੰਘ ਪਿੰਡ ਚੁਪਕੀ ਨੂੰ 12 ਹਜ਼ਾਰ, ਰਾਜਵੀਰ ਕੌਰ ਪਤਨੀ ਸੰਦੀਪ ਸਿੰਘ ਪਿੰਡ ਫਤਿਹਗੜ੍ਹ ਛੰਨਾ ਨੂੰ 2 ਲੱਖ ਰੁਪਏ, ਸੰਦੀਪ ਕੌਰ ਪਤਨੀ ਸੰਦੀਪ ਸਿੰਘ ਪਿੰਡ ਗਾਜੇਵਾਸ ਨੂੰ 3 ਲੱਖ ਰੁਪਏ, ਨਵੀਤਾ ਕੁਮਾਰੀ ਪਤਨੀ ਨਵੀਨ ਰਾਏ (ਪਰਵਾਸੀ) ਨੂੰ 2 ਲੱਖ ਰੁਪਏ ਕੁੱਲ 7 ਲੱਖ 12 ਹਜ਼ਾਰ ਰੁਪਏ ਦੇ ਚੈੱਕ ਭੇਟ ਕੀਤੇ।ਇਸ ਮੌਕੇ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਨੇ ਕਿਹਾ ਕਿ ਜੋ ਖੇਤੀਬਾੜੀ ਹਾਦਸਿਆਂ ਦੇ ਸ਼ਿਕਾਰ ਪਰਵਾਰਾਂ ਨੂੰ ਆਰਥਿਕ ਸਹਾਇਤਾ ਵਜੋਂ ਚੈੱਕ ਦਿੱਤੇ ਗਏ ਹਨ ਤੇ ਜੋ ਕੇਸ ਪੈਂਡਿੰਗ ਹਨ, ਉਨ੍ਹਾਂ ਨੂੰ ਵੀ ਜਲਦੀ ਆਰਥਿਕ ਸਹਾਇਤਾ ਦੀ ਰਾਸ਼ੀ ਦੇ ਦਿੱਤੀ ਜਾਵੇਗੀ।ਇਸ ਮੌਕੇ ਬਾਸਮਤੀ ਰਾਈਸ ਮਿੱਲਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਬੀ ਕੇ ਗੁਪਤਾ ਮੀਨਾ, ਪਵਨ ਕੁਮਾਰ ਬਾਂਸਲ ਤੇ ਸਰੇਸ਼ ਬੀਪੁਰੀਆ ਨੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੂੰ ਹੜ੍ਹ ਪੀੜਤਾਂ ਲਈ ਮੁੱਖ ਮੰਤਰੀ ਰਿਲੀਫ ਫੰਡ ਲਈ ਇੱਕ ਲੱਖ ਰੁਪਏ ਦਾ ਚੈੱਕ ਭੇਟ ਕੀਤਾ।

6- Oct - Page - 7.qxd 10/5/2025 9:25 PM Page 1



# ਛੁੱਟੀ ਕੱਟਣ ਜਾ ਰਹੇ ਫੌਜ ਦੇ ਦੋ ਜਵਾਨਾਂ ਦੀ ਸੜਕ ਹਾਦਸੇ 'ਚ ਮੌਤ, ਇੱਕ ਜ਼ਖ਼ਮੀ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੱਬੀ)**-ਚਮਕੌਰ ਸਾਹਿਬ -ਰੂਪਨਗਰ ਸੜਕ ਤੇ ਸਥਿਤ ਬੀਮ ਪਾਰਕ ਨੇੜੇ ਵਾਪਰੇ ਇਕ ਸੜਕ ਹਾਦਸੇ ਦੌਰਾਨ ਫੌਜ ਦੇ ਦੋ ਜਵਾਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦੋਂ ਕਿ ਇਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਮਾਰੂਤੀ ਫਰੌਕਸ ਕਾਰ ਨੰਬਰ ਐਚਪੀ- 32ਜੀ - 8900 ਅਤੇ ਬਲੈਰੋ ਮੈਕਸ (ਪਿੱਕ) ਪੀ ਬੀ10 ਜੇ ਐਸ - 7841 ਦਰਮਿਆਨ ਵਾਪਰਿਆ। ਇਹ ਹਾਦਸਾ ਐਨਾ ਭਿਆਨਕ ਸੀ ਕਿ ਆਹਮੋ-ਸਾਹਮਣੇ ਹੋਈ ਟੱਕਰ ਦੌਰਾਨ ਕਾਰ ਚਲਾ ਰਹੇ ਚਾਲਕ ਅਤੇ ਚਾਲਕ ਦੀ ਨਾਲ ਵਾਲੀ ਸੀਟ ਤੇ ਬੈਠੇ ਇਹ ਦੋਵੇਂ ਜਵਾਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦੋਂ ਕਿ ਕਾਰ ਦੀ ਪਿਛਲੀ ਸੀਟ ਤੇ ਬੈਠੇ ਅਸ਼ੀਸ਼ ਕੁਮਾਰ ਪੁੱਤਰ ਗੁਰਪਿਆਰਾ ਜੋ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਨਾਲ ਸਬੰਧਤ ਹੈ, ਜ਼ਖ਼ਮੀ ਹੋ ਗਿਆ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਹਿਚਾਣ ਦਲੀਪ ਕੁਮਾਰ ( 24 ) ਪੁੱਤਰ ਸੁਭਾਸ਼ ਚੰਦ ਪਿੰਡ ਧਾਊਮਨ ਜ਼ਿਲ੍ਹਾ ਕਾਂਗੜਾ ਹਿਮਾਚਲ ਪ੍ਰਦੇਸ਼ ਅਤੇ ਧਰਮਿੰਦਰ ਸਿੰਘ ( 26 ) ਪੁੱਤਰ ਰਾਮ ਸਿੰਘ ਪਿੰਡ ਬਾਰੀ ਦੇਵਧਰ ਜ਼ਿਲ੍ਹਾ ਮੰਡੀ ਹਿਮਾਚਲ ਪ੍ਰਦੇਸ਼ ਵਜੋਂ ਹੋਈ ਹੈ। ਜ਼ਖ਼ਮੀ ਅਸ਼ੀਸ਼ ਕੁਮਾਰ ਨੇ ਦੱਸਿਆ ਕਿ ਉਹ ਤਿੰਨੋਂ ਜਾਣੇ ਫਿਰੋਜ਼ਪੁਰ ਵਿਖੇ 20 ਡੋਗਰਾ ਰੈਜਮੈਂਟ ਵਿੱਚ ਬਤੌਰ ਸਿਪਾਹੀ ਤਾਇਨਾਤ ਹਨ ਅਤੇ ਉਹ ਛੁੱਟੀ ਲੈ ਕੇ ਘਰ ਨੂੰ ਜਾ ਰਹੇ ਸਨ ਕਿ ਇਹ ਹਾਦਸਾ ਵਾਪਰ ਗਿਆ। ਉਕਤ ਤਿੰਨਾਂ ਨੂੰ ਐਂਬੂਲੈਂਸ ਅਤੇ ਸੜਕ ਸੁਰੱਖਿਆ ਵਿਭਾਗ ਦੀਆਂ ਗੱਡੀਆਂ ਰਾਹੀਂ ਇੱਥੋਂ ਦੇ ਸਰਕਾਰੀ ਹਸਪਤਾਲ ਵਿੱਚ ਲਿਆਂਦਾ ਗਿਆ, ਜਿੱਥੇ ਕੇ ਡਿਊਟੀ ਤੇ ਤਾਇਨਾਤ ਡਾਕਟਰ ਵੱਲੋਂ ਦੋ ਜਵਾਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ, ਜਦੋਂ ਕਿ ਅਸ਼ੀਸ਼ ਕੁਮਾਰ ਦਾ ਇਲਾਜ ਜਾਰੀ ਹੈ। ਥਾਣਾ ਮੁਖੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਦੂਜੇ ਪਾਸੇ ਬਲੈਰੋ ਪਿਕਅਪ ਦੇ ਚਾਲਕ ਪ੍ਰਿੰਸ ਨੇ ਦੱਸਿਆ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਰੂਤੀ ਫਰੌਕਸ ਨੂੰ ਕਾਲਾ ਤੇਲ ਲੈ ਕੇ ਜਾ ਰਿਹਾ ਸੀ ਕਿ ਬੀਮ ਪਾਰਕ ਕੋਲ ਸਾਹਮਣੇ ਤੋਂ ਗਲਤ ਸਾਈਡ ਵਿੱਚ ਕਾਰ ਆ ਕੇ ਉਸ ਦੀ ਗੱਡੀ ਨਾਲ ਟਕਰਾਅ ਗਈ, ਜਿਸ ਕਾਰਨ ਇਹ ਭਾਣਾ ਵਾਪਰ ਗਿਆ ਅਤੇ ਉਸ ਦੇ ਵੀ ਸੱਟਾਂ ਵੱਜੀਆਂ ਹਨ।

# ਕ੍ਰਾਂਤੀ ਦਾ ਬੀਜ ਹੁੰਦੀਆਂ ਹਨ ਕਿਤਾਬਾਂ : ਇੰਜੀ. ਜਸਵੀਰ ਸਿੰਘ ਮੋਰੋਂ



**ਬੰਗਾ (ਅਵਤਾਰ ਕਲੇਰ)**- ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫ਼ਤਰ ਬੰਗਾ ਪੰਜਾਬ ਦੀ ਇੱਕੋ ਇੱਕ ਸੰਸਥਾ ਹੈ ਜਿਹੜੀ ਸਾਹਿਤਕ ,ਗਿਆਨ, ਵਿਗਿਆਨ ਨਾਲ ਸਬੰਧਤ ਕਿਤਾਬਾਂ ਘਰ-ਘਰ ਮੁਫ਼ਤ ਪਹੁੰਚਾਉਣ ਦੀ ਮੁਹਿੰਮ ਚਲਾ ਰਹੀ ਹੈ। ਵੱਖ-ਵੱਖ ਪਿੰਡਾਂ ਵਿੱਚ ਹੋ ਰਹੇ ਸਮਾਗਮਾਂ ਦੌਰਾਨ ਅਤੇ ਸਕੂਲਾਂ ਵਿੱਚ ਜਾ ਕੇ ਮੁਫ਼ਤ ਕਿਤਾਬਾਂ ਵੰਡੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਮਾਤਾ ਸਵਿੱਤਰੀ ਬਾਈ ਫੂਲੇ ਟਿਊਸ਼ਨ ਸੈਂਟਰ ਪਿੰਡ ਸੋਢੀਆਂ ਵਿਖੇ ਇੱਕ ਸਮਾਗਮ ਆਯੋਜਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਡਾ. ਪਰਮਜੀਤ ਇੰਜੀ.ਜਸਵੀਰ ਸਿੰਘ ਮੋਰੋਂ, ਹਰੀਬਿਲਾਸ ਹੀਉਂ, ਤੇਜ ਪਾਲ ਗੋਗੀ, ਵਿਜੇ ਸੋਡੀਆਂ, ਨਿੰਦਰ ਮਾਈਦਿੱਤਾ ਸਰਪੰਚ ਹਾਜ਼ਰ ਸਨ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਇੰਜੀ ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਕਿਤਾਬਾਂ ਕ੍ਰਾਂਤੀ ਦਾ ਬੀਜ ਹੁੰਦੀਆਂ ਹਨ। ਵਿਵੇਕ ਵਿਕਾਸ ਲਹਿਰ ਪੰਜਾਬ ਦੇ ਮਾਧਿਅਮ ਰਾਹੀਂ ਇਹ ਬੀਜ ਪਿੰਡ-ਪਿੰਡ ਬੀਜਿਆ ਜਾ ਰਿਹਾ ਹੈ। ਨਿੰਦਰ ਮਾਈਦਿੱਤਾ ਨੇ ਜਾਦੂ ਦੇ ਟ੍ਰਿਕ ਦਿਖਾ ਕੇ ਵਿਦਿਆਰਥੀਆਂ ਦਾ ਮਨੋਰੰਜਨ ਕੀਤਾ। ਤੇਜਪਾਲ ਗੋਗੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਸਮਾਗਮ ਵਿੱਚ ਸ਼ਾਮਲ ਹੋਏ ਸਜਣਾਂ ਦਾ ਧੰਨਵਾਦ ਕੀਤਾ।ਸਮੂਹ ਵਿਦਿਆਰਥੀਆਂ ਅਤੇ ਹਾਜ਼ਰ ਨਗਰ ਨਿਵਾਸੀਆਂ ਨੂੰ ਪੁਸਤਕਾਂ ਦੀ ਵੰਡ ਕਰਕੇ ਸਮਾਗਮ ਦੀ ਸਮਾਪਤੀ ਕੀਤੀ ਗਈ।

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਤਿੰਨ ਦਿਨਾ ਸਾਲਾਨਾ ਜੋੜ ਮੇਲਾ ਸ਼ੁਰੂ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਮਾਝੇ ਦੇ ਪ੍ਰਸਿੱਧ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ ਆਰੰਭ ਹੋ ਗਿਆ।ਆਰੰਭਤਾ ਵਿਸ਼ਾਲ ਨਗਰ ਕੀਰਤਨ ਨਾਲ ਹੋਈ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਬਘਿਆੜੀ ਮੋੜ, ਸਵਰਗਾਪੁਰੀ ਮੋੜ, ਅੱਡਾ ਝਬਾਲ, ਪਿੰਡ ਝਬਾਲ ਗੁਰਦੁਆਰਾ ਬੀਬੀ ਵੀਰੋ ਜੀ, ਗੁਰਦੁਆਰਾ ਮਾਤਾ ਭਾਗ ਕੌਰ ਜੀ, ਪਿੰਡ ਝਬਾਲ ਖੁਰਦ, ਠੱਠਾ ਮੋੜ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤੀ ਹੋਈ। ਛੇ ਅਕਤੂਬਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਵਿਸ਼ਾਲ ਨਗਰ ਕੀਰਤਨ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਰ੍ਹਾਂ ਤਰ੍ਹਾਂ ਦੇ ਫੁੱਲਾਂ ਨਾਲ ਸ਼ਿੰਗਾਰੀ ਹੋਈ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕਰਕੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪਵਿੱਤਰ ਸਰੋਵਰ ਦੀ ਪਰਿਕਰਮਾ ਕਰਦੇ ਹੋਏ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਪਹੁੰਚਾਇਆ ਜਾਵੇਗਾ ਅਤੇ ਧਾਰਮਿਕ ਦੀਵਾਨ ਆਰੰਭ ਕੀਤੇ ਜਾਣਗੇ ਜੋ ਸੱਤ ਅਕਤੂਬਰ ਸ਼ਾਮ ਤੱਕ ਜਾਰੀ ਰਹਿਣਗੇ।ਦੀਵਾਨ ਦੀ ਸਮਾਪਤੀ ਉਪਰੰਤ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਸਟੇਡੀਅਮ ਵਿੱਚ ਪੰਜਾਬ ਦੀਆਂ ਨਾਮਵਰ ਟੀਮਾਂ ਵਿੱਚਕਾਰ ਕਬੱਡੀ ਦਾ ਮੈਚ ਕਰਵਾਇਆ ਜਾਵੇਗਾ ਅਤੇ ਜੇਤੂ ਟੀਮਾਂ ਨੂੰ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਭਾਈ ਮਨਜੀਤ ਸਿੰਘ, ਜਥੇਦਾਰ ਕਸ਼ਮੀਰ ਸਿੰਘ ਗੰਡੀਵਿੰਡ, ਗੁਰਦੁਆਰਾ ਇੰਸਪੈਕਟਰ ਮਨਜੀਤ ਸਿੰਘ ਗੁਰਦਾਸਪੁਰੀ, ਗੁਰ: ਇੰਸ: ਜਗਜੀਤ ਸਿੰਘ ਕੋਟ, ਗੁਰ: ਇੰਸ: ਹਰਜੀਤ ਸਿੰਘ ਮਹਿਤਾ, ਕੁਲਵੰਤ ਸਿੰਘ ਸੀਸੀ ਟਰੱਸਟ ਬ੍ਰਾਂਚ, ਗੁਰਜੀਤ ਸਿੰਘ ਭੋਗਪੁਰ ਮੀਤ ਮੈਨੇਜਰ ਗੁਰ: ਸ੍ਰੀ ਬੇਰ ਸਾਹਿਬ, ਗੁਰਿੰਦਰਬੀਰ ਸਿੰਘ, ਪਰਮਜੀਤ ਸਿੰਘ,ਹਰਪ੍ਰੀਤ ਸਿੰਘ, ਕਿਰਪਾਲ ਸਿੰਘ, ਸਰਵਨ ਸਿੰਘ, ਚੇਤਨ ਸਿੰਘ, ਮਨਜੀਤ ਸਿੰਘ, ਗੁਲਵਿੰਦਰ ਸਿੰਘ, ਦਿਲਪ੍ਰੀਤ ਸਿੰਘ, ਤਰਸੇਮ ਸਿੰਘ, ਸੁਖਜੀਵਨ ਸਿੰਘ, ਕਸ਼ਮੀਰ ਸਿੰਘ, ਇੰਦਰਵੀਰ ਸਿੰਘ, ਜਸਬੀਰ ਸਿੰਘ, ਅਮਰਜੀਤ ਸਿੰਘ, ਇਕਬਾਲ ਸਿੰਘ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ ਸੋਹਲ, ਗੁਰਜੀਤ ਸਿੰਘ ਪੰਜਵੜ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਬਿਕਰਮਜੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਸੇਵਾਦਾਰ ਹਾਜ਼ਰ ਸਨ।

# ਹੱਡੀਆਂ ਦੇ ਮੁਫ਼ਤ ਚੈੱਕਅਪ ਕੈਂਪ ਵਿੱਚ 132 ਮਰੀਜ਼ਾਂ ਨੇ ਚੈੱਕਅਪ ਕਰਵਾਇਆ



**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸੁਸਾਇਟੀ ਵੱਲੋਂ ਹੱਡੀਆਂ ਦਾ ਮੁਫ਼ਤ ਚੈੱਕ ਅਪ ਕੈਂਪ ਨਾਹਰ ਪ੍ਰੋਪਰਟੀ ਡੀਲਰ ਦੁਕਾਨ ਨੰਬਰ 6 ਕਰਨ ਇਨਕਲੇਵ ਗਾਖਲਾ ਰੋਡ ਬਸਤੀ ਦਾਨਿਸ਼ਮੰਦ ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਅਪੈਕਸ ਹਸਪਤਾਲ ਵਾਲੇ ਹੱਡੀਆਂ ਦੇ ਮਾਹਰ ਡਾਕਟਰ ਮੇਜਰ ਪ੍ਰਮੋਦ ਮਹਿੰਦਰ ਐਮ ਐਸ (ਓ ਆਰ ਟੀ ਐੱਚ ਓ) ਐਫ ਆਈ ਸੀ ਐਸ ਨੇ ਮਰੀਜ਼ਾਂ ਦਾ ਚੈੱਕ ਅਪ ਕਰਦਿਆਂ ਹਰ ਇਕ ਮਰੀਜ਼ ਨਾਲ ਸਿਹਤ ਨੂੰ ਠੀਕ ਰੱਖਣ ਲਈ ਸਰੀਰ ਨੂੰ ਲੋੜੀਂਦੇ ਵਿਟਾਮਿਨ, ਦੁੱਧ, ਦਹੀਂ, ਹਰੀਆਂ ਸਬਜ਼ੀਆਂ, ਫਰੂਟ, ਕੈਲਸੀਆਮ ਵਾਲੀਆਂ ਚੀਜ਼ਾਂ ਦਾ ਸੇਵਨ ਕਰਨ ਬਾਰੇ ਵਿਸਥਾਰ ਨਾਲ ਦੱਸਿਆ ਤੇ ਸਕੇਨ ਤੇ ਸ਼ੂਗਰ ਦੇ ਟੈਸਟ ਕੀਤੇ ਗਏ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆ ਗਾਈਆਂ। ਕੈਂਪ ਵਿੱਚ 132 ਮਰੀਜ਼ਾਂ ਨੇ ਚੈੱਕ ਅਪ ਕਰਵਾਇਆ ਇਸ ਮੌਕੇ ਤੇ ਕੈਬਨਿਟ ਮੰਤਰੀ ਸ੍ਰੀ ਮਹਿੰਦਰ ਭਗਤ ਅਤੇ ਸੁਸਾਇਟੀ ਦੇ ਪ੍ਰਧਾਨ ਡਾਕਟਰ ਗੁਰਵਿੰਦਰਪਾਲ ਸਿੰਘ ਛਾਬੜਾ, ਪ੍ਰਵੀਨ ਕੁਮਾਰ ਰਾਮਦਾਸੀਆਂ,ਵੀਨਾ ਅਗਰਵਾਲ, ਡਾਕਟਰ ਮਨਮੀਤ ਮੈਦਾਨ, ਲਖਵਿੰਦਰ ਸਿੰਘ, ਸੁਰਿੰਦਰਪਾਲ ਸਿੰਘ, ਪ੍ਰੇਮ ਮਸੀਹ, ਪ੍ਰਿਸ ਚੋਹਾਨ, ਬਰਿੰਦਰਜੀਤ ਸਿੰਘ ਮੋਗਾ, ਪ੍ਰਿੰਸੀਪਲ ਚੰਦਰ ਸ਼ੇਖਰ, ਡਾਕਟਰ ਕਮਲਜੀਤ ਕੌਰ ਗਿੱਲ, ਪ੍ਰਵੀਨ ਸ਼ਰਮਾ ਆਦਿ ਹੋਰ ਵੀ ਸੰਸਥਾ ਦੇ ਮੈਂਬਰ ਹਾਜ਼ਰ ਸਨ ਇਸ ਮੌਕੇ ਤੇ ਬਿਸਕੁਟ ਤੇ ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਲੱਕੜ ਮਾਫ਼ੀਆ ਖਿਲਾਫ਼ ਮਾਰਕਿਟ ਕਮੇਟੀ ਨੇ ਸਖ਼ਤ ਕਾਰਵਾਈ ਕਰਦਿਆਂ ਲੱਖਾਂ ਰੁਪਏ ਵਸੂਲੇ



**ਬਲਾਚੌਰ (ਜਸਵਿੰਦਰ ਬੈਂਸ)**-ਮੈਡਮ ਕ੍ਰਿਤਿਕਾ ਗੋਇਲ ਐਸ ਡੀ ਐਮ ਦੇ ਦੇਸ਼ਾਂ ਨਿਰਦੇਸ਼ਾਂ ਉਤੇ ਅਤੇ ਮੰਡੀਕਰਨ ਬੋਰਡ ਨੇ ਪ੍ਰਸ਼ਾਸ਼ਨ ਦੇ ਸਹਿਜੋਗ ਨਾਲ ਸਖ਼ਤ ਕਾਰਵਾਈ ਕਰਦਿਆਂ ਲੱਕੜ ਦਾ ਨਜਾਇਜ਼ ਕਾਰੋਬਾਰ ਕਰਨ ਵਾਲਿਆਂ ਅਤੇ ਨਜਾਇਜ਼ ਕਬਜੇ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰਦੇ ਹੋਏ ਜਰਮਾਨੇ ਕੀਤੇ। ਇਸ ਬਾਰੇ ਨਵਾਂ ਜ਼ਮਾਨਾ ਨਾਲ ਗੱਲ ਕਰਦਿਆਂ ਹਰਪ੍ਰੀਤ ਸਿੰਘ ਸਕੱਤਰ ਮਾਰਕੀਟ ਕਮੇਟੀ, ਬਗੀਚਾ ਸਿੰਘ ਰੱਕੜ, ਰਘਵੀਰ ਸਿੰਘ ਮਾਰਕੀਟ ਕਮੇਟੀ ਟੀਮ ਨੇ ਕਰਨ ਟਰੇਡਿੰਗ ਕੰਪਨੀ ਨੂੰ ਦੋ ਲੱਖ ਰੁਪਏ ਅਤੇ ਹੋਰਾਂ ਤੋਂ ਵੀ ਚੈੱਕਾਂ ਰਾਹੀਂ ਜੁਰਮਾਨੇ ਵਸੂਲ ਕੀਤੇ ਅਤੇ ਮੌਕੇ ਉਤੇ ਸਖ਼ਤ ਤਾੜਨਾ ਕਰਦਿਆਂ ਮੰਡੀਕਰਨ ਬੋਰਡ ਦੀ ਨਵੀਂ ਮੰਡੀ ਗੜ੍ਹੀ ਰੋਡ ਉਤੇ ਬਣਾਏ ਗਏ ਫੜਾਂ ਦੀ ਵਰਤੋਂ ਕਰਨ ਅਤੇ ਸੜਕਾਂ ਉਤੇ ਲੱਕੜ ਸੁੱਟਣ ਵਾਲਿਆਂ ਨੂੰ ਕਾਨੂੰਨ ਦੀ ਪਾਲਣਾ ਕਰਨ ਲਈ ਪ੍ਰੇਰਿਆ ।

# 7 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਹਾੜੇ ਨੂੰ ਸਮਰਪਿਤ ਸੂਬਾਈ ਕਨਵੈਨਸ਼ਨ ਤੇ ਮਾਰਚ



**ਜਲੰਧਰ , (ਨ ਜ ਸ)**-ਇੱਥੇ ਆਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਨੇ ਗੰਭੀਰ ਨੋਟਿਸ ਲਿਆ ਕਿ ਦੇਸ਼ ਦੇ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਆਤਮ ਸਮਰਪਣ ਕਰਨਾ ਜਾਂ ਮਰਨ ਲਈ ਤਿਆਰ ਰਹਿਣ ਦਾ ਵਾਰ ਵਾਰ ਐਲਾਨ ਕਰਕੇ ਆਦਿਵਾਸੀ ਲੋਕਾਂ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਕਤਲੇਆਮ 'ਚ ਹੋਰ ਤੇਜ਼ੀ ਲਿਆਉਣ ਦਾ ਸਪਸ਼ਟ ਸੰਕੇਤ ਗੰਭੀਰ ਚਿੰਤਾ ਦਾ ਵਿਸ਼ਾ ਹੈ।ਜਲ, ਜੰਗਲ, ਜਮੀਨ ਦੀ ਰਾਖੀ ਲਈ ਜੂਝਦੇ ਆਦਿਵਾਸੀਆਂ ਤੇ ਹੋਰ ਲੋਕਾਂ ਉੱਪਰ ਹਮਲਿਆਂ ਦਾ ਵਿਰੋਧ ਕਰਨ ਵਾਲੇ ਲੋਕ-ਪੱਖੀ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਨੂੰ ਬਿਨਾਂ ਮੁਕਦਮਾ ਚਲਾਏ ਜੇਲ੍ਹਾਂ ਵਿੱਚ ਸਾੜਿਆ ਜਾ ਰਿਹਾ ਹੈ ਅਤੇ ਹੋਰ ਲੋਕ ਜਮਹੂਰੀ ਕਾਰਕੁਨਾਂ ਨੂੰ ਜੇਲ੍ਹਾਂ 'ਚ ਡੱਕਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ ਪਾਲ ਨੇ ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਫਾਸ਼ੀ ਹੱਲੇ ਵਿਰੁੱਧ ਲੋਕ ਜਮਹੂਰੀ ਲਾਮਬੰਦੀ ਕਰਨ ਦੀ ਜ਼ੋਰਦਾਰ ਜ਼ਰੂਰਤ ਨੂੰ ਮੁੱਖ ਰੱਖਦਿਆਂ ਫਰੰਟ ਨੇ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਚ ਸੜ ਰਹੇ ਉਮਰ ਖ਼ਾਲਿਦ, ਗੁਲਫਿਸ਼ਾਂ ਫ਼ਾਤਿਮਾਂ ਸਮੇਤ ਸਮੂਹ ਲੋਕ ਪੱਖੀ ਬੁੱਧੀਜੀਵੀਆਂ ਅਤੇ ਕਾਰਕੁਨਾਂ ਦੀ ਰਿਹਾਈ ਲਈ ਵਿਸ਼ੇਸ਼ ਚੇਤਨਾ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਇਸ ਮੁਹਿੰਮ ਤਹਿਤ ਸੂਬਾਈ ਕਨਵੈਨਸ਼ਨ ਦੀ ਤਿਆਰੀ ਲਈ ਚੰਡੀਗੜ੍ਹ, ਪਟਿਆਲਾ, ਫਗਵਾੜਾ, ਲੁਧਿਆਣਾ, ਅੰਮ੍ਰਿਤਸਰ, ਸ਼ਹੀਦ ਭਗਤ ਸਿੰਘ ਨਗਰ, ਬਠਿੰਡਾ, ਸੰਗਰੂਰ, ਹੁਸ਼ਿਆਰਪੁਰ, ਬਰਨਾਲਾ ਅਤੇ ਜਲੰਧਰ ਵਿੱਚ ਇਕੱਤਰਤਾਵਾਂ ਕੀਤੀਆਂ ਜਾਣਗੀਆਂ ਜਨਤਕ ਇਕੱਤਰਤਾਵਾਂ/ਮੀਟਿੰਗਾਂ ਕਰਕੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਵਕੀਲਾਂ, ਲੋਕ ਜਮਹੂਰੀ ਕਾਰਕੁਨਾਂ ਤਰਕਸ਼ੀਲਾਂ ਸਮੇਤ ਸਮੂਹ ਇਨਸਾਫ ਪਸੰਦ ਤਾਕਤਾਂ ਨੂੰ ਇਸ ਫਾਸ਼ੀ ਹੱਲੇ ਵਿਰੁੱਧ ਸਾਂਝੀ ਆਵਾਜ਼ ਉਠਾਉਣ ਦੀ ਲੋੜ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੁਹਿੰਮ ਦੇ ਸਿਖ਼ਰ ਤੇ ਸੱਤ ਦਸੰਬਰ ਦਿਨ ਐਤਵਾਰ ਸਵੇਰੇ 10:30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਨੁੱਖੀ ਅਧਿਕਾਰ ਚੇਤਨਾ ਕਨਵੈਨਸ਼ਨ ਅਤੇ ਮਾਰਚ ਕੀਤਾ ਜਾਵੇਗਾ ।

# ਨੌਜਵਾਨ ਸੇਵਾ ਕਮੇਟੀ ਅੱਡਾ ਝਬਾਲ ਵੱਲੋਂ ਲੰਗਰਾਂ ਦੀ ਆਰੰਭਤਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਨੌਜਵਾਨ ਕਮੇਟੀ ਅੱਡਾ ਝਬਾਲ ਵੱਲੋਂ ਹਰ ਸਾਲ ਦੀ ਤਰ੍ਹਾਂ ਧੰਨ ਬਾਬਾ ਬੁੱਢਾ ਸਾਹਿਬ ਦੇ ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼ ਤੌਰ 'ਤੇ ਲੰਗਰਾਂ ਦੇ ਪ੍ਰਬੰਧ ਕੀਤੇ ਜਾਂਦੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਨੌਜਵਾਨ ਕਮੇਟੀ ਨੇ ਦੱਸਿਆ ਕਿ ਮੇਲੇ ਦੇ ਮੌਕੇ ਲੰਗਰਾਂ ਦੀ ਅਰੰਭਤਾ ਲਈ ਵਾਹਿਗੁਰੂ ਦਾ ਓਟ ਆਸਰਾ ਲੈਂਦਿਆਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਉਪਰੰਤ ਤਿੰਨ ਰੋਜ਼ਾ ਲੰਗਰਾਂ ਦੀ ਆਰੰਭਤਾ ਕੀਤੀ ਗਈ। ਇਹ ਲੰਗਰ ਅੱਡਾ ਝਬਾਲ ਵਿਖੇ ਭਿੱਖੀਵਿੰਡ ਰੋਡ ਨਜ਼ਦੀਕ ਭਾਰਤ ਗੈਸ ਏਜੰਸੀ ਦਫਤਰ ਦੇ ਨਜ਼ਦੀਕ ਲਗਾਇਆ ਜਾਂਦਾ ਹੈ।ਲੰਗਰਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਗਏ ਜਿਵੇਂ ਕੇ ਕੜਾਹ, ਪੂੜੀਆਂ, ਦਾਲ ਰੋਟੀ, ਨਾਨ੍ਹ, ਚਾਹ ਪਕੌੜੇ, ਮੱਠੀਆਂ, ਵੇਸਣ ਆਦਿ। ਇਸ ਮੌਕੇ ਕਮੇਟੀ ਮੈਂਬਰ ਅਵਤਾਰ ਸਿੰਘ ਜਿਊਲਰਜ਼, ਸੋਨੂੰ ਸ਼ਟਰਿੰਗ. ਬਾਊ ਸ਼ਟਰਿੰਗ, ਹੈਪੀ ਝਬਾਲ, ਸੈਮੀ ਡੇਅਰੀ, ਗੁਰਜੰਟ ਸਿੰਘ ਔਲਖ, ਐੱਚ. ਐੱਸ. ਚੀਮਾ, ਸਿਮਰਨਜੀਤ ਸਿੰਘ ਭੋਜੀਆਂ, ਮਨਜੀਤ ਸਿੰਘ ਭੋਜੀਆਂ, ਜਗਜੀਤ ਸਿੰਘ ਭੋਜੀਆਂ, ਕਿਰਪਾਲ ਸਿੰਘ ਸੋਹਲ, ਗੁਰਬੀਰ ਸਿੰਘ, ਕੰਵਲ ਜਗਤਪੁਰਾ, ਜਗਮੋਹਨ ਸਿੰਘ, ਸਾਹਿਲ, ਰੋਹਿਤ, ਇੰਦਰਪ੍ਰੀਤ ਸਿੰਘ, ਮਨਵੀਰ ਸਿੰਘ, ਹਰਮਨ ਸਿੰਘ, ਲਵ ਘਈ, ਪ੍ਰਿੰਸ, ਮਹਿਕਦੀਪ ਸਿੰਘ ਸੋਹਲ, ਰੋਹਿਤ ਬਲੋਰੀਆ, ਕਾਲਾ ਸੀਟ ਕਵਰ, ਮੋਹਿਤ ਗੋਲਣ, ਅਰਸ਼ ਭੋਜੀਆਂ, ਅਕਾਸ਼ਦੀਪ ਸਿੰਘ ਸੰਧੂ, ਸੋਨੂੰ, ਗੁਰਲਾਲ ਸਿੰਘ ਔਲਖ, ਰੁਦਰਪ੍ਰੀਤ, ਗੁਰਵੇਲ ਸਿੰਘ ਫੌਜੀ, ਸਿਮਰਨਜੀਤ ਸਿੰਘ ਚਾਹਲ ਆਦਿ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਇਕੋਤਰੀ ਸਮਾਗਮ ਨੂੰ ਸਮਰਪਿਤ ਨਗਰ ਕੀਰਤਨ ਅੱਜ ਸਜਾਏ ਜਾਣਗੇ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਕੋਤਰੀ ਸਮਾਗਮ ਨੂੰ ਸਮਰਪਤ 6 ਅਕਤੂਬਰ ਨੂੰ ਸਜਾਏ ਜਾਣ ਵਾਲੇ ਨਗਰ ਕੀਰਤਨ ਨੂੰ ਲੈ ਕੇ ਜਿੱਥੇ ਪ੍ਰਬੰਧਕ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਉੱਥੇ ਤਪ ਅਸਥਾਨ ਬਾਬਾ ਬਲਵੰਤ ਸਿੰਘ ਟਾਂਡਾ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਜਾਹੋ ਜਲਾਅ ਨਾਲ ਸਵੇਰੇ 10 ਵਜੇ ਨਗਰ ਕੀਰਤਨ ਰਵਾਨਾ ਹੋਣਗੇ ਇਸ ਨਗਰ ਕੀਰਤਨ ਦੇ ਦਰਸ਼ਨਾਂ ਨੂੰ ਲੈ ਕੇ ਜਿਥੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਉੱਥੇ ਪੂਰੇ ਟਾਂਡਾ ਸ਼ਹਿਰ ਨੂੰ ਸੁੰਦਰ ਸਵਾਗਤੀ ਗੇਟਾਂ ਝਾਲਰਾਂ ਆਦਿ ਨਾਲ ਸਜਾ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਜਿਥੇ ਮਨਮੋਹਕ ਏਅਰ ਕੰਡੀਸ਼ਨਰ ਬੱਸ ਦਾ ਨਾਲ ਸਜੀ ਪਾਲਕੀ ਸਾਹਿਬ ਦਾ ਪ੍ਰਬੰਧ ਕੀਤਾ ਗਿਆ ਹੈ ਉਥੇ ਇਹ ਇਕੋਤਰੀ ਸਮਾਗਮ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਹਨ। ਇਸ ਇਕੋਤਰੀ ਸਮਾਗਮਾਂ ਦੀ ਸੰਪੂਰਨਤਾ 7 ਅਕਤੂਬਰ ਨੂੰ ਸਵੇਰੇ 9 ਤੋਂ 4 ਵਜੇ ਤਕ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਹੋਵੇਗੀ ਇਹ ਨਗਰ ਕੀਰਤਨ ਆਰੰਭਤਾ ਤੋਂ ਬਾਅਦ ਪੂਰੇ ਟਾਂਡਾ ਸ਼ਹਿਰ ਦੀ ਪਰਿਕਰਮਾ ਕਰੇਗਾ ਜਿਸ ਮਗਰੋਂ ਦੇਰ ਸ਼ਾਮ 4 ਵਜੇ ਤਪ ਅਸਥਾਨ ਬਾਬਾ ਬਲਵੰਤ ਸਿੰਘ ਵਿਖੇ ਸਮਾਪਤ ਹੋਏ ਇਸ ਨਗਰ ਕੀਰਤਨ ਵਿਚ ਖਾਲਸਾਈ ਸ਼ਾਨ ਦੀ ਦੀਆਂ ਪ੍ਰਤੀਕ ਪ੍ਰਦਰਸ਼ਨੀਆਂ ਗੱਤਕਾ ਪਾਰਟੀ ਆਦਿ ਸ਼ਾਮਲ ਹੋਣਗੀਆਂ ਅਤੇ ਜਹਾਜ਼ ਰਾਹੀਂ ਇਸ ਉੱਪਰ ਫੁੱਲਾਂ ਦੀ ਵਰਖਾ ਵੀ ਕੀਤੀ ਜਾਵੇਗੀ। ਸੰਤ ਬਾਬਾ ਗੁਰਦਿਆਲ ਸਿੰਘ ਜੀ ਨੇ ਅੱਜ ਸਜਾਏ ਗਏ ਗੁਰਮਤਿ ਸਮਾਗਮ ਮੌਕੇ ਸੰਗਤਾਂ ਨੂੰ ਇਸ ਨਗਰ ਕੀਰਤਨ ਵਿਚ ਹਾਜ਼ਰੀ ਭਰ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ ਅਤੇ ਉਨ੍ਹਾਂ 7 ਅਕਤੂਬਰ ਨੂੰ ਹੋਣ ਵਾਲੇ ਅੰਮ੍ਰਿਤ ਸੰਚਾਰ ਦਾ ਲਾਹਾ ਖੱਟ ਕੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਸੰਗਤਾਂ ਨੂੰ ਪੂਰਨ ਰੂਪ ਵਿੱਚ ਗੁਰਸਿੱਖ ਸਜਣ ਲਈ ਕਿਹਾ। ਵਰਨਣਯੋਗ ਹੈ ਕਿ ਇਸ ਨਗਰ ਕੀਰਤਨ ਅਤੇ ਇਕੋਤਰੀ ਸਮਾਗਮ ਦੇ ਦਰਸ਼ਨ ਕਰਨ ਲਈ ਸੰਗਤਾਂ ਅਮਰੀਕਾ ਕੈਨੇਡਾ ਦੁਬਈ ਅਤੇ ਹੋਰ ਵੱਖ ਵੱਖ ਮੁਲਕਾਂ ਤੋਂ ਪੁੱਜੀਆਂ ਹਨ ।

# 'ਤੇਰੇ ਨਹੀਂ ਖ਼ਿਆਲ ਭੁੱਲਦੇ' ਕਾਵਿ ਸੰਗ੍ਰਹਿ ਲੋਕ ਅਰਪਿਤ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**- ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਸਥਾਨਕ ਮੀਟਿੰਗ ਹਾਲ ਵਿਖੇ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਬਲਜੀਤ ਸਿੰਘ ਕੰਗ ਐਡੀਸ਼ਨਲ ਮੈਨੇਜਰ ਗੁ: ਨੌਵੀਂ ਪਾਤਸ਼ਾਹੀ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਸੁਖਦੇਵ ਸਿੰਘ ਭੁੱਲਰ ਸਾ: ਸੀ: ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ, ਗਿਆਨੀ ਗੁਲਜ਼ਾਰ ਸਿੰਘ ਖੈੜਾ ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ, ਡਾ: ਗਗਨ (ਪ੍ਰਧਾਨ ਮਝੈਲਾਂ ਦੀ ਸੱਥ), ਅਸ਼ੋਕ ਟਾਂਡੀ (ਪ੍ਰਧਾਨ ਸਾਹਿਤ ਸਭਾ ਟਾਂਡਾ), ਲਾਲੀ ਕਰਤਾਰਪੁਰੀ (ਪ੍ਰਧਾਨ ਸਾਹਿਤ ਸਭਾ ਕਰਤਾਰਪੁਰ), ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰ. ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਮੁਨੀਸ਼ ਕੁਮਾਰ ਭੱਠੇ ਵਾਲੇ, ਆਦਿ ਹਾਜ਼ਰ ਸਨ। ਇਸ ਮੌਕੇ ਕਵਿੱਤਰੀ ਸਿਮਰਨਜੀਤ ਕੌਰ ਮਾਹਲਾ ਦੀ ਕਾਵਿ ਪੁਸਤਕ 'ਤੇਰੇ ਨਹੀਂ ਖ਼ਿਆਲ ਭੁੱਲਦੇ' ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤੀ ਗਈ। ਉਪਰੰਤ ਗਾਇਕ ਮੱਖਣ ਭੈਣੀਵਾਲਾ, ਜਸਮੇਲ ਸਿੰਘ ਜੋਧੇ, ਅਵਤਾਰ ਸਿੰਘ ਗੋਇੰਦਵਾਲ, ਅਕਾਸ਼ਦੀਪ ਸਿੰਘ, ਮਨਦੀਪ ਸਿੰਘ ਬੋਪਾਰਾਏ, ਕਾਲੇ ਸ਼ਾਹ ਟਾਂਗਰਾ, ਅਜੀਤ ਸਿੰਘ ਸਠਿਆਲਵੀ ਨੇ ਗਾਇਕੀ ਦੇ ਜੌਹਰ ਦਿਖਾਏ। ਉਪਰੰਤ ਮਾਂ ਬੋਲੀ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ, ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਗੁਰਮੀਤ ਕੌਰ ਬੱਲ, ਸੁਰਿੰਦਰ ਖਿਲਚੀਆਂ, ਹਰਵਿੰਦਰ ਕੌਰ ਬਾਠ, ਮੈਡਮ ਅਨੁਪਮਾ, ਰਜਵੰਤ ਕੌਰ, ਪਰਮਜੀਤ ਕੌਰ ਵਡਾਲਾ, ਸਿਮਰਨਜੀਤ ਕੌਰ ਮਾਹਲਾ, ਅਮਨਦੀਪ ਕੌਰ, ਕੋਮਲਪ੍ਰੀਤ ਕੌਰ, ਦਲਬੀਰ ਕੌਰ, ਪੁਨੀਤ ਕੌਰ, ਨਵਦੀਪ ਸਿੰਘ ਬਦੇਸ਼ਾ, ਸਰਬਜੀਤ ਸਿੰਘ ਪੱਡਾ, ਸਤਰਾਜ ਜਲਾਲਾਬਾਦੀ, ਡਾ: ਕੁਲਵੰਤ ਸਿੰਘ ਬਾਠ, ਸੁਖਦੇਵ ਸਿੰਘ ਗੰਡਵਾਂ, ਮਾ: ਬਲਬੀਰ ਸਿੰਘ ਬੀਰ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਅਜੈਬ ਸਿੰਘ ਬੋਦੇਵਾਲ, ਸਕੱਤਰ ਸਿੰਘ ਪੁਰੇਵਾਲ, ਬਲਵਿੰਦਰ ਸਿੰਘ ਅਠੌਲਾ, ਬਲਦੇਵ ਸਿੰਘ ਸਠਿਆਲਵੀ, ਸ਼ਿੰਗਾਰਾ ਸਿੰਘ ਸਠਿਆਲਾ, ਪਰਮਜੀਤ ਸਿੰਘ ਭੱਟੀ, ਪਰਮਜੀਤ ਸਿੰਘ ਮਾਹਲਾ, ਗੁਰਵਿੰਦਰ ਸਿੰਘ, ਕੈਪਟਨ ਸਿੰਘ, ਗੁਰਭੇਜ ਸਿੰਘ ਕੰਗ ਸਰਾਂ ਆਦਿ ਨੇ ਕਾਵਿ ਰਚਾਨਵਾਂ ਪੇਸ਼ ਕੀਤੀਆਂ।

# ਭਾਸ਼ਣ ਤੇ ਪੇਂਟਿੰਗ ਮੁਕਾਬਲਿਆਂ ਰਾਹੀਂ ਪਰਾਲੀ ਨੂੰ ਅੱਗ ਨਾ ਲਾਉਣ ਦਾ ਸੁਨੇਹਾ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸੁਲਤਾਨਪੁਰ ਲੋਧੀ ਵੱਲੋਂ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਜਾਣੂੰ ਕਰਵਾਉਣ ਲਈ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਦੇ ਤਹਿਤ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਚੌਧਰੀਆਂ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਭਾਸ਼ਣ ਅਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਇਨ੍ਹਾਂ ਵਿੱਚ ਛੇਵੀਂ ਜਮਾਤ ਤੋਂ ਲੈ ਕੇ 12 ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਖੇਤੀਬਾੜੀ ਵਿਕਾਸ ਅਫ਼ਸਰ ਡਾ ਜਸਪਾਲ ਸਿੰਘ ਧੰਜੂ ਨੇ ਦੱਸਿਆ ਕਿ ਮਹਿਕਮੇ ਵੱਲੋਂ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਣੂੰ ਕਰਵਾਉਣ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦੇ ਜਿਆਦਾਤਰ ਵਿਦਿਆਰਥੀ ਪੇਂਡੂ ਅਤੇ ਕਿਸਾਨੀ ਪਿਛੋਕੜ ਦੇ ਹੋਣ ਕਰਕੇ ਆਪਣੇ ਘਰ ਜਾ ਕੇ ਆਪਣੇ ਘਰਦਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰਨਗੇ। ਭਾਸ਼ਣ ਮੁਕਾਬਲਿਆਂ ਵਿੱਚੋਂ ਨਵਜੋਤ ਕੌਰ ਨੇ ਪਹਿਲਾ, ਸਿਮਰਨਜੀਤ ਕੌਰ ਨੇ ਦੂਸਰਾ ਜਦਕਿ ਹਰਮਨ ਅਤੇ ਦਿਲਰਾਜ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰਾਂ ਪੇਟਿੰਗ ਮੁਕਾਬਲੇ ਵਿੱਚੋਂ ਕਿਰਨਦੀਪ ਕੌਰ ਨੇ ਪਹਿਲਾ ਰੋਬਿਨਦੀਪ ਕੌਰ ਨੇ ਦੂਸਰਾ ਅਤੇ ਅਵਨੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਸ਼ਸ਼ੀ ਕੁਮਾਰ ਵੱਲੋਂ ਸਾਰੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਅਤੇ ਇਨਾਮਾਂ ਦੀ ਵੰਡ ਕੀਤੀ ਗਈ। ਇਸ ਮੌਕੇ ਮਨਜਿੰਦਰ ਸਿੰਘ ਏ.ਟੀ.ਐਮ, ਅਮਰੀਕ ਸਿੰਘ, ਅਵਤਾਰ ਸਿੰਘ ਸੰਧੂ ਕੰਪਿਊਟਰ ਫੈਕਲਟੀ, ਰਣਜੀਤ ਕੌਰ ਇਤਿਹਾਸ ਲੈਕਚਰਾਰ, ਸੁਖਵਿੰਦਰ ਕੌਰ ਸਾਇੰਸ ਅਧਿਆਪਕ, ਰਮਨਦੀਪ ਕੌਰ ਵੋਕੇਸ਼ਨਲ ਟਰੇਨਰ, ਘਰਵੀਰ ਕੌਰ ਐਸ ਐਸ ਟੀ ਅਧਿਆਪਕ ਮੌਜੂਦ ਸਨ।

# ਜੁਆਇੰਟ ਡਾਇਰੈਕਟਰ ਪ੍ਰੀਤ ਕੰਵਲ ਸਿੰਘ ਦੇ ਮਾਤਾ ਸਵਰਨਜੀਤ ਕੌਰ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਜੁਆਇੰਟ ਡਾਇਰੈਕਟਰ ਪ੍ਰੀਤ ਕੰਵਲ ਸਿੰਘ ਦੀ ਮਾਤਾ ਸਵਰਨਜੀਤ ਕੌਰ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਸੈਕਟਰ 46 ਦੇ ਗੁਰਦੁਆਰਾ ਸਿੰਘ ਸਭਾ ਵਿਖੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਸਮਾਜ ਦੇ ਵੱਖ ਵੱਖ ਵਰਗਾਂ ਵਲੋਂ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ ਗਈ।

ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ ਅਤੇ ਗੁਰਮਿਤ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੌਰਾਨ ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਨਵਦੀਪ ਸਿੰਘ ਗਿੱਲ ਨੇ ਮਾਤਾ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਪੜ੍ਹੇ ਲਿਖੇ ਤੇ ਸੁੱਘੜ ਸਿਆਣੇ ਮਾਤਾ ਜੀ ਨੇ ਆਪਣੇ ਪਤੀ ਬਹਾਦਰ ਸਿੰਘ ਨਾਲ ਮਿਲ ਕੇ ਧੀਆਂ-ਪੁੱਤਰਾਂ ਨੂੰ ਚੰਗੀ ਸਿੱਖਿਆ ਦੇ ਕੇ ਉੱਚ ਵਿਦਿਆ ਹਾਸਲ ਕਰਵਾਈ ਜਿਨ੍ਹਾਂ ਨੇ ਸਮਾਜ ਵਿੱਚ ਚੰਗਾ ਰੁਤਬਾ ਹਾਸਲ ਕੀਤਾ। ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਪਰਿਵਾਰ ਵੱਲੋਂ ਸਮੁੱਚੀ ਸੰਗਤ ਦਾ ਧੰਨਵਾਦ ਕਰਦਿਆਂ ਮਾਂ ਦੇ ਰਿਸ਼ਤੇ ਨੂੰ ਸਭ ਤੋਂ ਪਵਿੱਤਰ ਤੇ ਅਹਿਮ ਦੱਸਦਿਆਂ ਕਿਹਾ ਕਿ ਮਾਂ ਦਾ ਵਿਛੋੜਾ ਅਸਹਿ ਤੇ ਅਕਹਿ ਹੁੰਦਾ ਹੈ ਜਿਸ ਰਿਸ਼ਤੇ ਦਾ ਕੋਈ ਬਦਲ ਨਹੀਂ ਹੁੰਦਾ।

ਪਰਵਾਰਕ ਮੈਂਬਰਾਂ ਵਿੱਚ ਸਵਰਨਜੀਤ ਕੌਰ ਦੇ ਪਤੀ ਬਹਾਦਰ ਸਿੰਘ, ਜਵਾਈ ਜਸਟਿਸ ਪੀਐਸ ਤੇਜੀ, ਪੁੱਤਰ ਅਮਨਦੀਪ ਸਿੰਘ ਤੇ ਪ੍ਰੀਤ ਕੰਵਲ ਸਿੰਘ ਅਤੇ ਪੁੱਤਰੀ ਐਡਵੋਕੇਟ ਗਗਨ ਮੋਹਨੀ ਹਾਜ਼ਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਸਾਬਕਾ ਲੋਕ ਸਭਾ ਮੈਂਬਰ ਪਰਮਜੀਤ ਕੌਰ ਗੁਲਸ਼ਨ, ਚੰਡੀਗੜ੍ਹ ਦੇ ਗ੍ਰਹਿ ਸਕੱਤਰ ਮਨਦੀਪ ਸਿੰਘ ਬਰਾੜ, ਆਈ.ਏ.ਐਸ. ਅਧਿਕਾਰੀ ਡੀ.ਐਸ. ਮਾਂਗਟ ਤੇ ਸੁਖਜੀਤ ਪਾਲ ਸਿੰਘ, ਜਸਟਿਸ ਐਸ.ਐਸ. ਸਾਰੋ, ਜੰਮੂ ਕਸ਼ਮੀਰ ਦੇ ਸਾਬਕਾ ਡੀ ਜੀ ਪੀ ਦਿਲਬਾਗ ਸਿੰਘ, ਹਿਮਾਚਲ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਸ਼ਬੀਨਾ, ਚੀਫ਼ ਜੁਡੀਸ਼ਲ ਮੈਜਿਸਟ੍ਰੇਟ ਹਰਪ੍ਰੀਤ ਸਿੰਘ ਭੱਟੀ ਸਮੇਤ ਰਾਜਸੀ, ਪ੍ਰਸ਼ਾਸਨਿਕ, ਜੁਡੀਸ਼ਰੀ, ਲੋਕ ਸੰਪਰਕ ਵਿਭਾਗ ਅਤੇ ਮੀਡੀਆ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਪੈਦਲ ਰੋਸ ਮਾਰਚ ਲਈ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਮੀਟਿੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਚੰਡੀਗੜ੍ਹ ਪੰਜਾਬੀ ਮੰਚ ਵੱਲੋਂ 1 ਨਵੰਬਰ ਨੂੰ ਯੂ.ਟੀ. ਚੰਡੀਗੜ੍ਹ ਪ੍ਰਸ਼ਾਸਨ ਖਿਲਾਫ਼ ਕੱਢੇ ਜਾਣ ਵਾਲੇ ਪੈਦਲ ਰੋਸ ਮਾਰਚ ਵਿੱਚ ਪਿੰਡਾਂ ਦੇ ਲੋਕਾਂ ਦੀ ਸ਼ਮੂਲੀਅਤ ਕਰਵਾਉਣ ਲਈ ਅਤੇ ਪੰਜਾਬੀ ਭਾਸ਼ਾ ਦੀ ਰਖਵਾਲੀ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸ਼ੁਰੂ ਕੀਤੇ ਗਏ ਮੀਟਿੰਗਾਂ ਦੇ ਸਿਲਸਿਲੇ ਤਹਿਤ ਪਿੰਡ ਹੱਲੋਮਾਜਰਾ ਅਤੇ ਰਾਏਪੁਰ ਕਲਾਂ ਦੇ ਗੁਰਦੁਆਰਾ ਸਾਹਿਬਾਨ ਵਿਖੇ ਵੱਖ-ਵੱਖ ਮੀਟਿੰਗਾਂ ਕੀਤੀਆਂ ਗਈਆਂ।ਪਿੰਡ ਰਾਏਪੁਰ ਕਲਾਂ ਵਿਖੇ ਲਾਭ ਸਿੰਘ ਦੀ ਅਗਵਾਈ ਹੇਠ ਮੀਟਿੰਗ ਹੋਈ ਜਿਸ ਵਿੱਚ ਸ਼ਰਨਜੀਤ ਸਿੰਘ ਰਾਏਪੁਰ ਕਲਾਂ, ਦੇਵੀ ਦਿਆਲ ਸ਼ਰਮਾ, ਸਾਧੂ ਸਿੰਘ, ਬਾਬਾ ਗੁਰਦਿਆਲ ਸਿੰਘ, ਰਣਜੀਤ ਸਿੰਘ, ਗੁਰਦੀਪ ਸਿੰਘ ਸਰਪੰਚ, ਬਿੰਦਰ ਸਿੰਘ ਸਾਬਕਾ ਪੰਚ, ਰੁਲਦਾ ਸਿੰਘ, ਰੋਡਾ ਸਿੰਘ ਅਤੇ ਹੋਰ ਕਈ ਪਤਵੰਤੇ ਸੱਜਣਾਂ ਨੇ ਮੰਚ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਅਹੁਦੇਦਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੈਦਲ ਰੋਸ ਮਾਰਚ ਵਿੱਚ ਪਿੰਡ ਤੋਂ ਵੱਡੀ ਗਿਣਤੀ ਲੋਕ ਸ਼ਾਮਿਲ ਕਰਵਾਏ ਜਾਣਗੇ। ਪਿੰਡ ਹੱਲੋਮਾਜਰਾ ਸਥਿਤ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਪ੍ਰਧਾਨ ਕੁਲਦੀਪ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਨੂੰ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ ਸਮੇਤ ਬਲਕਾਰ ਸਿੰਘ ਸਿੱਧੂ, ਮਨਜੀਤ ਕੌਰ ਆਦਿ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਮੰਚ ਵੱਲੋਂ 1 ਨਵੰਬਰ ਨੂੰ ਸੈਕਟਰ 30 ਸਥਿਤ ਮੱਖਣ ਸ਼ਾਹ ਲੁਬਾਣਾ ਭਵਨ ਤੋਂ ਸੈਕਟਰ 22 ਸਥਿਤ ਗੁਰਦੁਆਰਾ ਸਾਹਿਬ ਤੱਕ ਚੰਡੀਗੜ੍ਹ ਪ੍ਰਸ਼ਾਸਨ ਖਿਲਾਫ਼ ਪੈਦਲ ਰੋਸ ਕੱਢਿਆ ਜਾ ਰਿਹਾ ਹੈ। ਉਸ ਰੋਸ ਮਾਰਚ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਵਾਈ ਜਾਵੇ ਤਾਂ ਜੋ ਪ੍ਰਸ਼ਾਸਨ ਨੂੰ ਪੰਜਾਬੀ ਭਾਸ਼ਾ ਲਾਗੂ ਕਰਨ ਬਾਰੇ ਝੰਜੋੜਿਆ ਜਾ ਸਕੇ।

# ਮਜਲਿਸ ਖ਼ੁਦਾਮ ਉਲ ਅਹਿਮਦੀਆ ਤੇ ਮਜਲਿਸ ਇਤਫਾਲ ਉਲ ਅਹਿਮਦੀਆ ਦਾ ਸਾਲਾਨਾ ਸੰਮੇਲਨ ਆਰੰਭ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮੁਸਲਿਮ ਜਮਾਤ ਅਹਿਮਦੀਆ ਦੇ ਨੌਜਵਾਨਾਂ ਦੀ ਸੰਸਥਾ ਮਜਲਿਸ ਖ਼ੁਦਾਮ ਉਲ ਅਹਿਮਦੀਆ ਅਤੇ ਬੱਚਿਆਂ ਦੀ ਸੰਸਥਾ ਮਜਲਿਸ ਇਤਫਾਲ ਉਲ ਅਹਿਮਦੀਆ ਦਾ ਸਾਲਾਨਾ ਸੰਮੇਲਨ ਪਵਿੱਤਰ ਕੁਰਾਨ ਸ਼ਰੀਫ ਦੀ ਤਿਲਾਵਤ ਦੇ ਨਾਲ ਕਾਦੀਆਂ ਵਿਖੇ ਆਰੰਭ ਹੋ ਗਿਆ। ਮਜਲਿਸ ਦਾ ਕੌਮੀ ਝੰਡਾ ਲਹਿਰਾਇਆ ਗਿਆ। ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਕੇ ਤਾਰਿਕ ਅਹਿਮਦ ਨੇ ਜਾਰੀ ਪ੍ਰੈੱਸ ਰਿਲੀਜ਼ ਰਾਹੀਂ ਦੱਸਿਆ ਕਿ ਇਸ ਤਿੰਨ ਰੋਜ਼ਾ ਚੱਲਣ ਵਾਲੇ ਸੰਮੇਲਨ ਵਿੱਚ ਨੌਜਵਾਨਾਂ ਅਤੇ ਬੱਚਿਆਂ ਦੇ ਜਿੱਥੇ ਅਧਿਆਤਮਿਕ ਅਤੇ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ ਉਸ ਦੇ ਨਾਲ ਨਾਲ ਨੌਜਵਾਨਾਂ ਅਤੇ ਬੱਚਿਆਂ ਦੇ ਅੰਦਰ ਕੌਮ ਅਤੇ ਦੇਸ਼ ਦੀ ਸੇਵਾ, ਆਪਸੀ ਭਾਈਚਾਰਕ ਸਾਂਝ ਅਤੇ ਇਨਸਾਨੀ ਕਦਰਾਂ-ਕੀਮਤਾਂ ਨੂੰ ਵਧਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਮਜਲਿਸ ਵੱਲੋਂ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਲਈ ਅਤੇ ਉਨ੍ਹਾਂ ਦਾ ਚੰਗੇ ਢੰਗ ਨਾਲ ਮਾਰਗ ਦਰਸ਼ਨ ਕਰਨ ਲਈ ਇਹੋ ਜਿਹੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਬੁਸਤਾਨੇ ਅਹਿਮਦ ਅਹਿਮਦੀਆ ਮੈਦਾਨ ਵਿਖੇ ਬੱਚਿਆਂ ਦੇ ਅਤੇ ਨੌਜਵਾਨਾਂ ਦੇ ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਦੇ ਨਾਲ ਹੀ ਨੌਜਵਾਨਾਂ ਅਤੇ ਬੱਚਿਆਂ ਦੇ ਵਿੱਦਿਅਕ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਇਸ ਮੌਕੇ ਹਾਫਿਜ਼ ਨਈਮ ਪਾਸ਼ਾ ਪ੍ਰਧਾਨ ਯੂਥ ਵਿੰਗ ਕਾਦੀਆਂ, ਸਈਅਦ ਸ਼ਰਜੀਲ ਅਹਿਮਦ ਪ੍ਰਧਾਨ ਸੰਮੇਲਨ ਕਮੇਟੀ, ਸਈਅਦ ਸਈਦ ਉਦੀਨ, ਰਿਹਾਨ ਸ਼ੇਖ, ਸ਼ਾਕਿਰ ਅਨਵਰ, ਅਤਾ ਉਲ ਬਾਰੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Jyoti Rani W/o Rajesh Dadwal R/o Village Repur, P.O Datarpur, P.S Talwara Tehsil Mukerian Distt. Hoshiarpur have changed my name from Jyoti Rani Jarial to Jyoti Rani.

I, Gulab Singh S/O Raj Singh, R/o Machrai Khurd, Kalan, Fatehgarh Sahib, Punjab- 147203, have changed my name and shall hereafter be Known as Gagandeep Singh.

I, Sukhjit Kaur Sekhon W/o Baljinder Singh R/o Meharmian Patti, Village Chuhar Chak, Distt. Moga, Punjab-142053 have changed my name from Sukhjit Kaur Sekhon to Sukhjit Kaur. All concerned please note.

I Pinky alias Parminder Kaur W/O Lakhbir Singh R/o H. No. 110, Gali No 4B, Ganesh Nagar, Dakoha, Jalandhar, Punjab, I have changed my name from Pinky alias Parminder Kaur to Parminder Kaur.

I, Baljinder Kaur w/o Rajinder Kumar r/o Mohalla Sant Nagar, Nawanshahr, SBS Nagar have changed my minor daughter name from Jasmeen to Jasmeen Ladher (Surname as Ladher). All Please Note.

I, Ajay Kumar S/o Uday Ludhra R/o Villa 149, Victoria Garden, Near Sai Mandir, Khurla Kingra, Tower Town Colony, Jalandhar have changed my name from Ajay Kumar to Ajay Ludhra. All Please Note.

I, Charanjit Singh s/o Karnail Singh R/o VPO. Nadala, Tehsil Bholath, Distt. Kapurthala have changed the spelling of my name from Charanjit Singh to Charnjit Singh. All Please Note.

I, Gagandeep Singh S/o Satnam Singh R/o VPO. Bainstani, Distt. Hoshiarpur, Punjab have changed my name to Given name as Gagandeep & Surname as Singh. All Please Note.

## ਬੇਦਖਲੀ ਨੋਟਿਸ

ਮੈਂ ਜੈ ਭਗਵਾਨ ਪੁੱਤਰ ਰਾਮ ਸਰੂਪ ਵਾਸੀ ਵਾਰਡ ਨੰਬਰ 13 ਖਨੌਰੀ ਮੰਡੀ ਤਹਿਸੀਲ ਮੂਨਕ (ਸੰਗਰੂਰ) ਬਿਆਨ ਕਰਦਾ ਹਾਂ ਕਿ ਮੇਰੇ ਪੁੱਤਰ ਰਿਕੂ ਅਤੇ ਅਸ਼ਵਨੀ ਬਾਂਸਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਦੋਵਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ। ਮੇਰੀ ਕੋਈ ਵੀ ਜ਼ੁੰਮੇਵਾਰੀ ਨਹੀਂ ਹੋਵੇਗੀ।

ਮੈਂ, ਬਿਮਲਾ ਪਤਨੀ ਲੇਟ ਮੋਹਨ ਲਾਲ ਵਾਸੀ ਮਕਾਨ ਨੰ. 238, ਐਲ. ਆਈ. ਜੀ. ਹਾਊਸਿੰਗ ਬੋਰਡ ਕਲੋਨੀ, ਫੇਸ-1, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲੱਕੀ ਅਤੇ ਉਸਦੀ ਪਤਨੀ ਰਿਆ ਅਤੇ ਉਹਨਾਂ ਦੀਆ ਦੋ ਲੜਕੀਆਂ ਸਾਨੀਆ ਅਤੇ ਪਰਾਚੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਵਿਨੋਦ ਸ਼ਰਮਾ ਪੁੱਤਰ ਕ੍ਰਿਸ਼ਨ ਦਿਆਲ ਵਾਸੀ ਮਕਾਨ ਨੰ. ਬੀ-32/199, ਨਿਊ ਰਾਜ ਨਗਰ, ਬਸਤੀ ਬਾਵਾ ਖੇਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪੱਲਵੀ ਸ਼ਰਮਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਰਾਮ ਕ੍ਰਿਸ਼ਨ ਪੁੱਤਰ ਸ੍ਰੀ ਰਾਮ ਰੱਖਾ ਵਾ ਕ੍ਰਿਸ਼ਨਾ ਰਾਣੀ ਪਤਨੀ ਸ੍ਰੀ ਰਾਮ ਕ੍ਰਿਸ਼ਨ ਵਾਸੀ ਮਕਾਨ ਨੰ: ➾✶-੩੫੦ ਬਸਤੀ ਗੁਜ਼ਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਨੀਲ ਕੁਮਾਰ ਅਤੇ ਨੂੰਹ ਜੋਤੀ ਬਾਲਾ ਪਤਨੀ ਸੁਨੀਲ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਅਸੀਂ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਬੱਚੇ ਜੈਸਿਕਾ ਵਾ ਜਿਵਾਂਸ਼ੂ ਭਗਤ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## PUBLIC NOTICE

I, Sandeep Bedi S/o Mahant Karandass, R/o 71/48, Ninder Club Wali Gali, Harpal Avenue, Kale Ghanupur, Khandwala, Amritsar, Stated that my date of birth is 07.11.1996 as per my family record and same is true and correct, but in advertently in my Passport my date of birth has been mentioned as 07.09.1987. All concerned note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

(U/o 5 Rule 20 CPC)
In Court of Sh Manoj Kumar
Principal Judge, Family Court,
Patti

GW-16-2024
CNR No. PBTTF2-000370-2024
Next Date:- 10-12-2025

SHARMA RAJNI
Vs.
General Public

Publication Issued To:
1. General Public
2. Nidhi Sharma W/O Bhaskar Sharma D/o Sarabjeet Singh, R/o House No. 35 A, Guru Nanak Colony, Ward No.11, Patti, Tehsil Patti,TARN TARAN.

In above titled case, the defendant(s)/respondent(s) could not be served. It is ordered that defendant(s) respondent(s) should appear in person or through counsel on 10-12-2025 at 10:00 a.m.

For details logon to https://highcourtchd.gov.in/?mod=district_notice&district=Tarn Taran

Principal Judge Family Court,
Patti

Dated, this day of 19.09.2025

## ਪਬਲਿਕ ਨੋਟਿਸ

ਬਾ-ਅਦਾਲਤ ਲਛਮਣ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਡੇਰਾ ਬਾਬਾ ਨਾਨਕ।

ਕੇਸ ਅਨੁਵਾਨ
(1) ਜਸਵੰਤ ਸਿੰਘ ਪੁੱਤਰ ਪੂਰਨ ਸਿੰਘ ਪੁੱਤਰ ਬਹਾਦਰ ਸਿੰਘ, ਵਾਸੀ ਕਾਲਾ ਅਫਗਾਨਾ, ਫਤਿਹਗੜ੍ਹ ਚੂੜੀਆਂ, ਜ਼ਿਲ੍ਹਾ ਗੁਰਦਾਸਪੁਰ ।

ਬਨਾਮ

1) ਜੀਤੋ ਪੁੱਤਰੀ ਤਰਲੋਕ ਸਿੰਘ ਪੁੱਤਰ ਭੋਲਾ, 2) ਬਚਨ ਪੁੱਤਰ ਤਰਲੋਕ ਸਿੰਘ ਪੁੱਤਰ ਭੋਲਾ, 3) ਪੁੱਤਰੀ ਤਰਲੋਕ ਸਿੰਘ ਪੁੱਤਰ ਭੋਲਾ, 4) ਹੰਸੋ ਪੁੱਤਰੀ ਤਰਲੋਕ ਸਿੰਘ ਪੁੱਤਰ ਭੋਲਾ, 5) ਬੁਢਾ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਢਿੱਲਵਾਂ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ।

ਵਾਕਿਆ : ਢਿੱਲਵਾਂ
ਕਿਸਮ ਕੇਸ : ਦਰੁਸਤੀ ਗਿਰਦਾਵਰੀ

ਦਰਖਾਸਤ ਬਰਾਏ ਕੇਸ ਦਰੁਸਤੀ ਗਿਰਦਾਵਰੀ ਬਾਬਤ ਜ਼ਮੀਨ ਪਿੰਡ ਢਿੱਲਵਾਂ ਹ.ਬ. ਨੰਬਰ 416 ਕੁੱਲ ਰਕਬਾ 08 ਕਨਾਲ 00 ਮਰਲੇ ਖਸਰਾ ਨੰਬਰ 17//24/1(3-0),17//23 ਮਿਨ ਚੜ੍ਹਦਾ (5-0), ਖੇਵਟ 101 ਖਤੌਨੀ 234 ਜਮ੍ਹਾਂਬੰਦੀ ਸਾਲ 2018-19 ਵਾਕਿਆ ਪਿੰਡ ਢਿੱਲਵਾਂ ਹ:ਬ. ਨੰਬਰ 416, ਤਹਿਸੀਲ ਡੇਰਾ ਬਾਬਾ, ਜ਼ਿਲ੍ਹਾ ਗੁਰਦਾਸਪੁਰ।

ਉਕਤ ਅਨੁਵਾਨ ਕੇਸ ਵਿੱਚ ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਹੇਠ ਲਿਖੇ ਉੱਤਰਵਾਦੀਆਂ ਦੀ ਇਤਲਾਹ ਸਾਧਾਰਨ ਤਰੀਕੇ ਨਾਲ ਹੋਣੀ ਸੰਭਵ ਨਹੀਂ ਹੈ। ਇਸ ਨੋਟਿਸ ਦੇ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਕੇਸ ਨੂੰ ਲੈ ਕੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋ ਤਾਂ ਉਹ ਤਾਰੀਖ ਪੇਸ਼ੀ 28.10.2025 ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਹੋ ਕੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ, ਬਾਅਦ ਵਿੱਚ ਕੋਈ ਉਜ਼ਰ/ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਇਹ ਨੋਟਿਸ ਅੱਜ ਮਿਤੀ 26.09.2025 ਨੂੰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਹੇਠ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ-1, ਡੇਰਾ ਬਾਬਾ ਨਾਨਕ
ਨੰਬਰ : 702, ਮਿਤੀ : 26.09.2025

## COURT NOTICE

(Complaint-138 Negotiable Instrument Act)
In the Court of
Ms. Lovepreet Kaur Swaich
Judicial Magistrate 1st Class,
Ludhiana

CNR No.PBLD03-030083-2024
COMA/8489/2024

KOTAK MAHINDRA BANK
VS
MOHINDERPAL SINGH

1.) Mohinderpal Singh R/O H.No. 220, Ward No. 2, Ajit Nagar, Talwandi Bhai, Firozepur 142050 Punjab

Whereas it has been proved to the satisfaction of this court that you the accused above named cannot be served in the ordinary way of service. Hence this proclamation under section 82 CRPC is hereby issued against you with a direction that you should appear personally before the court on 06.11.2025 at 10:00 a.m or within 30 days from the date of publication of this proclamation.

Take notice that, in default of your part to appear as directed above the above said case will be heard and determined as per law, in your absence.given under my hand and seal of the court

For details logon to https://highcourtchd.gov.in/?trs=district_notice&district=ludhiana

Judicial Magistrate 1st Class
Ludhiana.

Dated, this day of 29.09.2025

## COURT NOTICE

(Complaint-138 Negotiable Instrument Act)
In The Court of
Ms. Lovepreet Kaur Swaich
Judicial Magistrate 1st Class,
Ludhiana

CNR No.PBLD03-030279-2024
COMA/8540/2024

KOTAK MAHINDRA BANK
VS
RAJESH KUMAR SINGH

1.) Rajesh Kumar Singh S/O Chottey Lal Singh, R/o Bejamau Aseni, Barabanki-225003, Uttar Pradesh

Whereas it has been proved to the satisfaction of this court that you the accused above named cannot be served in the ordinary way of service. Hence this proclamation under section 82 CRPC is hereby issued against you with a direction that you should appear personally before the court on 06.11.2025 at 10:00 a.m or within 30 days from the date of publication of this proclamation.

Take notice that, in default of your part to appear as directed above the above said case will be heard and determined as per law, in your absence. Given under my hand and seal of the court

For details logon to https://highcourtchd.gov.in/?trs=district_notice&district=ludhiana

Judicial Magistrate 1st Class
Ludhiana.

Dated, this day of 29.09.2025

## COURT NOTICE

(U/o 5 Rule 20 CPC)
In the Court of Heena Aggarwal
Civil Judge (Junior Division),
Amritsar

CNR No. PBAS02-002283-2025
Next Date:- 29-10-2025

AMARJIT SINGH
Vs.
BAWA SINGH

CS DECL P INJ

Publication Issued To:

1. Bawa Singh Father : Late S. Puran Singh S/o Mota Singh 2. Paramjit Kaur D/o Late S. Puran Singh S/o Mota Singh 3. Smt. Gurmej Kaur Wd/o Puran Singh S/o Mota Singh

4. Manjit Singh S/o Mangal Singh, All R/o Village Marari Kalan, Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-10-2025 at 10 a.m.

For details logon to https://highcourtchd.gov.in/?trs=district_notice&district=Amritsar

Civil Judge (Junior Division)
Amritsar

Dated, this day of 03-10-2025

## COURT NOTICE

(U/o 5 Rule 20 CPC)
In the Court of
Sh. Amrinder Pal Singh
Principal Judge Family Court,
Dhuri

CNR No. PBSGF3-000082-2024
Next Date :- 15-11-2025

Bikkar Singh Alias Prince S/o Balwinder Singh S/o Chetan Singh
Vs.
Harjit Kaur W/o Bikkar Singh D/o Nachattar Singh

Publication Issued to :

Harjit Kaur W/o Bikkar Singh D/o Nachattar Singh

:- Raipur Kalan, Tehsil Ajnala, Distt. Amritsar (88725-65726) (89682-55995)

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 15-11-2025 at 10:00 A.M.

For details logon to https://highcourtchd.gov.in/?mod=district_notice&district=Sangrur

Principal Judge Family Court,
Dhuri

Dated this day of 26-09-2025

6 Oct Page 8.qxd 10/5/2025 9:46 PM Page 1



## ਕਾਂਗਰਸ ਵੱਲੋਂ 'ਵੋਟ ਚੋਰ ਗੱਦੀ ਛੋੜ' ਦਸਤਖ਼ਤ ਮੁਹਿੰਮ ਦਾ ਅਲਾਵਲਪੁਰ ਤੋਂ ਆਗ਼ਾਜ਼

**ਅਲਾਵਲਪੁਰ, (ਮਦਨ ਬੰਗੜ)**- ਹਲਕਾ ਆਦਮਪੁਰ ਦੇ ਸ਼ਹਿਰ ਅਲਾਵਲਪੁਰ ਵਿਖੇ ਕਾਂਗਰਸ ਪਾਰਟੀ ਦੇ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ ਵੋਟ ਚੋਰ ਗੱਦੀ ਛੋੜ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਹਲਕਾ ਵਿਧਾਇਕ ਆਦਮਪੁਰ ਸੁਖਵਿੰਦਰ ਸਿੰਘ ਕੋਟਲੀ ਵੱਲੋਂ ਇਸ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਦੱਸਿਆ ਕਿ ਇਸ ਮੁਹਿੰਮ ਵਿੱਚ ਸੈਂਕੜੇ ਵਰਕਰਾਂ ਨੇ ਅਲਾਵਲਪੁਰ ਪਹੁੰਚ ਕੇ ਇਸ ਫਾਰਮ ਦੇ ਉੱਤੇ ਵੋਟ ਚੋਰ ਗੱਦੀ ਛੋੜ ਜਿਹੜਾ ਚੋਣ ਕਮਿਸ਼ਨ ਨੂੰ ਸੌਂਪਿਆ ਜਾਵੇਗਾ ,ਉਸ 'ਤੇ ਦਸਤਖਤ ਕੀਤੇ ਹਨ। ਉਹਨਾਂ ਕਿਹਾ ਕਿ ਇਸ ਮੁਹਿੰਮ ਵਿੱਚ ਅਲਾਵਲਪੁਰ ਤੋਂ ਭਰਵਾਂ ਹੁੰਗਾਰਾ ਮਿਲਿਆ ਹੈ। ਨਗਰ ਕੌਂਸਲ ਦੇ ਮੌਜੂਦਾ ਕੌਂਸਲਰ , ਪ੍ਰਧਾਨ , ਸਾਬਕਾ ਕੌਂਸਲਰ ਜਿਨ੍ਹਾਂ ਨੇ ਚੋਣ ਲੜੀ ਉਹ ਇੱਥੇ ਆਏ ਅਤੇ ਸਾਰਿਆਂ ਨੇ ਇਸ ਫਾਰਮ ਦੇ ਉੱਤੇ ਦਸਤਖ਼ਤ ਕੀਤੇ ਹਨ। ਜਿਹੜੀ ਮੁਹਿੰਮ ਦੀ ਸ਼ੁਰੂਆਤ ਅਸੀਂ ਅਲਾਵਲਪੁਰ ਤੋਂ ਕੀਤੀ ਹੈ ਉਸ ਨੂੰ ਵੱਡੀ ਗਿਣਤੀ ਚ ਜਿਹੜਾ ਇਥੇ ਹੁੰਗਾਰਾ ਮਿਲਿਆ ਹੈ। ਸਾਰੇ ਵਰਕਰਾਂ ਨੇ ਵੀ ਭਰਵਾਂ ਹੁੰਗਾਰਾ ਦਿੱਤਾ ਕਿ ਸਾਰੇ ਸ਼ਹਿਰ ਦੇ ਵਿੱਚ ਘਰ ਘਰ ਜਾ ਕੇ ਇਸ ਫਾਰਮ ਨੂੰ ਭਰਾਉਣਗੇ ਵਰਕਰਾਂ ਨੇ ਕਿਹਾ ਕਿ ਅਸੀਂ 10 ਹਜ਼ਾਰ ਤੋਂ ਵੱਧ ਫਾਰਮ ਹਲਕਾ ਆਦਮਪੁਰ ਵਿਚੋਂ ਦਸਤਖ਼ਤ ਕਰਾ ਕੇ 8 ਅਕਤੂਬਰ ਨੂੰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਸਪੁਰਦ ਕਰਾਂਗੇ, ਰਾਹੁਲ ਗਾਂਧੀ 15 ਅਕਤੂਬਰ ਨੂੰ ਚੋਣ ਕਮਿਸ਼ਨ ਨੂੰ ਮਿਲਣ ਜਾ ਰਹੇ ਹਨ। ਇਸ ਮੌਕੇ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਮੁਕੰਦਰ ਲਾਲ ਕੌਂਸਲਰ, ਰਮੇਸ਼ ਬਿਰਦੀ ਸਾਬਕਾ ਕੌਂਸਲਰ, ਲਖਬੀਰ ਸਿੰਘ ਕੋਟਲੀ ਯੂਥ ਪ੍ਰਧਾਨ ਜ਼ਿਲ੍ਹਾ ਦਿਹਾਤੀ, ਸੁਭਾਸ਼ ਭਨੋਟ ਪ੍ਰਧਾਨ ਅਲਾਵਲਪੁਰ, ਦੀਪਕ ਗੁਪਤਾ ਸਾਬਕਾ ਕੌਂਸਲਰ, ਕੁਲਦੀਪ ਕੌਰ ਸਾਬਕਾ ਕੌਂਸਲਰ, ਨੰਦ ਕਿਸ਼ੋਰ ਸਾਬਕਾ ਕੌਂਸਲਰ, ਗੁਰਪਾਲ ਪਾਲਾ, ਦੀਪਕ ਤਖੀ, ਪ੍ਰੇਮ ਗਿੱਲ ,ਦੀਪਕ ਗਿੱਲ, ਸੋਨੂ ,ਲਾਡੀ, ਸੁਰਿੰਦਰ ਪਾਲ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।



## ਗੁਰਵਿੰਦਰ ਸਿੰਘ ਸਰਬਸੰਮਤੀ ਨਾਲ ਬਣੇ ਗੁਰਦੁਆਰਾ ਸਾਹਿਬ ਸ਼ਹੀਦਾਂ ਸਭਾ ਢੱਡਾ ਦੇ ਪ੍ਰਧਾਨ



**ਗੁਰਾਇਆ (ਬਿੰਦਰ ਸੁੰਮਨ)**- ਗੁਰਦੁਆਰਾ ਸਾਹਿਬ ਸ਼ਹੀਦਾਂ ਸਭਾ ਢੱਡਾ ਅਤੇ ਨਗਰ ਨਿਵਾਸੀਆਂ ਦੀ ਅਹਿਮ ਮੀਟਿੰਗ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਪਿਛਲੇ ਤਿੰਨ ਸਾਲ ਦਾ ਹਿਸਾਬ ਕਮੇਟੀ ਦੇ ਖਜ਼ਾਨਚੀ ਦਲਜੀਤ ਸਿੰਘ ਵੱਲੋਂ ਦਿੱਤਾ ਗਿਆ। ਉਪਰੰਤ ਤਿੰਨ ਸਾਲ ਲਈ ਨਵੀਂ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਗੁਰਵਿੰਦਰ ਸਿੰਘ ਪ੍ਰਧਾਨ , ਵਾਇਸ ਪ੍ਰਧਾਨ ਰੇਸ਼ਮ ਸਿੰਘ, ਖ਼ਜ਼ਾਨਚੀ ਦਲਜੀਤ ਸਿੰਘ, ਜੁਇੰਟ ਖਜ਼ਾਨਚੀ ਅਵਤਾਰ ਸਿੰਘ, ਸਕੱਤਰ ਵਰਿੰਦਰ ਸਿੰਘ, ਜੁਆਇੰਟ ਸਕੱਤਰ ਦਲਵੀਰ ਸਿੰਘ ਚੁਣੇ ਗਏ। ਇਸ ਮੌਕੇ ਗੁਰਨੇਕ ਸਿੰਘ, ਝਲਮਣ ਸਿੰਘ, ਰੇਸ਼ਮ ਸਿੰਘ ਨੰਬਰਦਾਰ, ਸੁਰਿੰਦਰ ਸਿੰਘ, ਸੰਤੋਖ ਸਿੰਘ ਕਾਲੀਆ, ਸੋਡੀ ਸਿੰਘ ਰੂਪਲ, ਹਰਦੀਪ ਸਿੰਘ, ਗੁਰਦਿਆਲ ਸਿੰਘ ਆਦਿ ਮੈਂਬਰ ਚੁਣੇ ਗਏ।

## ਸੀ ਪੀ ਆਈ ਐਮ ਦੇ ਵਰਕਰਾਂ ਨੇ ਸੋਨਮ ਵਾਂਗਚੁੱਕ ਦੇ ਹੱਕ ਵਿੱਚ ਕੀਤਾ ਰੋਸ ਪ੍ਰਦਰਸ਼ਨ



**ਨੰਗਲ**- ਇੱਥੇ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਹਾਜ਼ਰ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਜਲਵਾਯੂ ਕਾਰਕੁਨ ਸੋਨਮ ਵਾਂਗ ਚੁੱਕ ਨੂੰ ਫੌਰੀ ਤੌਰ ਤੇ ਰਿਹਾਅ ਕਰਨ ਦੀ ਮੰਗ ਕੀਤੀ। ਇਸ ਸਬੰਧੀ ਐਂਡ ਮਾਰਕੀਟ ਵਿੱਚ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਮੋਦੀ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ ਗਈ। ਅਸਲ ਵਿੱਚ ਕੇਂਦਰ ਦੀ ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਵਿੱਚ ਧਾਰਾ 370 ਤੇ 35 ਏ ਨੂੰ ਤੋੜ ਕੇ ਲਦਾਖ ਨੂੰ ਪੂਰਨ ਰਾਜ ਦਾ ਦਰਜਾ ਦੇਣ ਦਾ ਵਾਅਦਾ ਕੀਤਾ ਸੀ। ਉਸ ਵਾਅਦੇ ਨੂੰ ਲਾਗੂ ਕਰਾਉਣ ਲਈ ਸੋਨਮ ਬਾਂਗ ਚੁੱਕ ਪਿਛਲੇ ਦਿਨਾਂ ਤੋਂ ਲਗਾਤਾਰ ਭੁੱਖ ਹੜਤਾਲ ਉੱਤੇ ਬੈਠੇ ਹੋਏ ਸਨ। ਆਗੂਆਂ ਨੇ ਮੰਗ ਕੀਤੀ ਕਿ ਸੋਨਮ ਵਾਂਗ ਚੁੱਕ ਨੂੰ ਫੌਰੀ ਤੌਰ ਤੇ ਰਿਹਾਅ ਕੀਤਾ ਜਾਵੇ ਤੇ ਲਦਾਖ ਦੇ ਲੋਕਾਂ ਦੀਆਂ ਮੰਗਾਂ ਨੂੰ ਮੰਨਿਆ ਜਾਵੇ। ਇਸ ਮੌਕੇ ਤੇ ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ ,ਤਹਿਸੀਲ ਸਕੱਤਰ ਸਤਨਾਮ ਸਿੰਘ, ਸੇਵਾ ਮੁਕਤ ਪ੍ਰਿੰਸੀਪਲ ਰਾਜੀਵ ਮੇਜਰ, ਕੁਲਵੰਤ ਪਾਠਕ, ਸੁਖਦੇਵ ਸਿੰਘ ਨੰਗਲ, ਸ਼ੈਲੀ ਨੰਗਲ, ਕਾਮਰੇਡ ਸ਼ਿਵ ਕੁਮਾਰ, ਜੈਮਲ ਸਿੰਘ ਦੜੋਲੀ ਤਰਸੇਮ ਲਾਲ ਤੋਂ ਇਲਾਵਾ ਹੋਰ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਅਮਰੀਕਾ ਦੀ ਸੰਸਥਾ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵੰਡੀਆਂ ਲੋੜੀਂਦੀਆਂ ਚੀਜ਼ਾਂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਅਮਰੀਕਾ ਦੀ ਸੰਸਥਾ ਦੀ ਟੀਮ ਵੱਲੋਂ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਹੜ੍ਹ ਪੀੜਤ ਇਲਾਕਿਆਂ ਵਿੱਚ ਪਹੁੰਚੀ।ਜਿੱਥੇ ਉਹਨਾਂ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਘਰਾਂ ਚ ਮਦਦ ਦਾ ਹੱਥ ਅੱਗੇ ਵਧਾਇਆ ਹੈ। ਉਹਨਾਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਪਿੰਡ ਬਾਊਪੁਰ ਮੰਡ ਖੇਤਰ ਨੂੰ ਦੁਬਾਰਾ ਲੀਹਾਂ ਤੇ ਲਿਆਉਣ ਲਈ ਲੋੜਵੰਦਾਂ ਨੂੰ ਜ਼ਰੂਰੀ ਘਰ ਦਾ ਸਮਾਨ ਦਿੱਤਾ ਗਿਆ। ਇਸ ਮੌਕੇ ਮੰਜੂਦ ਬਿਸਤਰੇ, ਗੱਦੇ,



ਮੱਛਰਦਾਨੀਆਂ, ਔਡੋਮਾਸ, ਫਸਟ ਏਡ ਕਿੱਟ ਅਤੇ ਆਦਿ ਹੋਰ ਘਰੇਲੂ ਸਮਾਨ ਵੰਡੇ ਗਏ। ਇਸ ਤੋਂ ਬਾਅਦ ਸਾਰੀ ਟੀਮ ਇਤਿਹਾਸਿਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਵੀ ਨਤਮਸਤਕ ਹੋਈ ਜਿੱਥੇ ਗੁਰਦੁਆਰਾ ਬੇਰ ਸਾਹਿਬ ਵਿਖੇ ਇਸ ਟੀਮ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਪੰਚ ਮਲਕੀਤ ਸਿੰਘ ਪਿੰਡ ਦੰਦੂਪੁਰ, ਮੇਜਰ ਸਿੰਘ ਦਿਓਲ, ਸੁਖਵੰਤ ਸਿੰਘ ਰੱਬੀ ਹਲਕਾ ਸ਼ਾਹਕੋਟ, ਹਰਿੰਦਰ ਸਿੰਘ ਸਰੀਂਹ ਅਵਤਾਰ ਸਿੰਘ ਕਲੇਰ ਲਸ਼ਕਰ ਸਿੰਘ ਰਹੀਮਪੁਰ ਪਰਮਿੰਦਰ ਸਿੰਘ ਚੱਕ ਕਲਾਂ ਸੁਖਵਿੰਦਰ ਸਿੰਘ ਸੁਲਤਾਨਪੁਰ ਲੋਧੀ ਮੌਜੂਦ ਸਨ।

## ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਮੱਲਾਂ ਮਾਰੀਆਂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ ਜੋਨ ਪੱਧਰੀ ਅਥਲੈਟਿਕਸ ਮੁਕਾਬਲਿਆਂ 'ਚ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ (ਬਰਨਾਲਾ) ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ। ਲੜਕੀਆਂ 'ਚ ਹਰਸਿਮਰਨ ਕੌਰ ਨੇ ਲੰਮੀ ਅਤੇ ਉੱਚੀ ਛਾਲ ਵਿੱਚ ਦੂਜਾ, ਹਰਮਨਪ੍ਰੀਤ ਕੌਰ ਨੇ 100 ਮੀਟਰ 'ਚ ਦੂਜਾ, ਨਵਜੋਤ ਕੌਰ ਨੇ ਹਰਡਲ ਵਿੱਚ ਪਹਿਲਾ, ਅੰਡਰ -17 'ਚ ਅਰਸ਼ਪ੍ਰੀਤ ਕੌਰ ਨੇ ਲੰਮੀ ਛਾਲ ਵਿੱਚ ਪਹਿਲਾ, ਮਨਜੀਤ ਕੌਰ ਨੇ 200 ਮੀ: 'ਚ ਦੂਜਾ , ਗੁਰਲੀਨ ਕੌਰ ਨੇ ( ਅੰਡਰ 19) ਨੇ 400 ਮੀ: ਚ ਪਹਿਲਾ ਅਤੇ ਲੜਕਿਆਂ ਵਿੱਚ ਅਰਸ਼ਪ੍ਰੀਤ ਸਿੰਘ ਨੇ (ਅੰਡਰ 14) ਸ਼ਾਟਪੁੱਟ 'ਚ ਪਹਿਲਾ, ਬਲਕਾਰ ਸਿੰਘ ਨੇ ਡਿਸਕ ਥਰੋ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਰਿਲੇਅ 'ਚ ਲੜਕੀਆਂ ਅੰਡਰ 14 ਅਤੇ 17 ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ ਨੇ ਖੇਡਾਂ ਪ੍ਰਤੀ ਜਾਣਕਾਰੀ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿਚ ਅਨੁਸ਼ਾਸਨ, ਸਹਿਣਸ਼ੀਲਤਾ ਅਤੇ ਚੰਗੀ ਅਗਵਾਈ ਆਦਿ ਗੁਣ ਪੈਦਾ ਕਰਦੀਆਂ ਹਨ।ਇਸ ਸਮੇਂ ਸਮੂਹ ਜੇਤੂ ਵਿਦਿਆਰਥੀ, ਪ੍ਰਬੰਧਕ ਕਮੇਟੀ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਸੁਖਬੀਰ ਬਾਦਲ ਵੱਲੋਂ ਭੇਜੀਆਂ ਫੋਗਿੰਗ ਮਸ਼ੀਨਾਂ ਨਾਲ ਵਲੰਟੀਅਰ ਕਰ ਰਹੇ ਸੇਵਾ : ਝਿੰਜਰ

**ਮੋਹਾਲੀ (ਗੁਰਜੀਤ ਬਿੱਲਾ)**- ਯੂਥ ਅਕਾਲੀ ਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਜਨਨਾਇਕ ਅਤੇ ਪਿੰਡਾਂ ਦੀ ਅਸਲ ਆਵਾਜ਼ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਕੋਰ ਕਮੇਟੀ ਮੈਂਬਰ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵੱਡੇ ਪੈਮਾਨੇ 'ਤੇ ਸੇਵਾਵਾਂ ਜਾਰੀ ਹਨ।ਝਿੰਜਰ ਨੇ ਦੱਸਿਆ ਕਿ ਇਸ ਸਮੇਂ ਲਗਭਗ 2000 ਯੂਥ ਅਕਾਲੀ ਦਲ ਦੇ ਵਲੰਟੀਅਰ ਮੈਦਾਨ ਵਿੱਚ ਉਤਰੇ ਹੋਏ ਹਨ, ਜੋ ਰੋਜ਼ਾਨਾ ਹੜ੍ਹ ਪੀੜਤ ਪਿੰਡਾਂ ਵਿੱਚ ਲੋਕਾਂ ਦੀ ਸਿਹਤ ਅਤੇ ਜੀਵਨ ਰੱਖਿਆ ਲਈ ਕੰਮ ਕਰ ਰਹੇ ਹਨ। ਝਿੰਜਰ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ 500 ਤੋਂ ਵੱਧ ਮੱਛਰ ਨਾਸ਼ਕ ਫੌਗਿੰਗ ਮਸ਼ੀਨਾਂ ਵੱਖ-ਵੱਖ ਹਲਕਿਆਂ 'ਚ ਭੇਜੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਰੋਜ਼ਾਨਾ ਫੌਗਿੰਗ ਕਰਵਾਈ ਜਾ ਰਹੀ ਹੈ ਤਾਂ ਜੋ ਹੜ੍ਹ ਤੋਂ ਬਾਅਦ ਫੈਲ ਰਹੀਆਂ ਬਿਮਾਰੀਆਂ ਅਤੇ ਜ਼ਹਿਰੀਲੇ ਮੱਛਰਾਂ ਤੋਂ ਲੋਕਾਂ ਦੀ ਰੱਖਿਆ ਕੀਤੀ ਜਾ ਸਕੇ।ਝਿੰਜਰ ਨੇ ਦੱਸਿਆ ਕਿ 20 ਤੋਂ ਵੱਧ ਹਲਕਿਆਂ ਦੇ ਪਿੰਡਾਂ ਨੂੰ ਵੰਡ ਕੇ ਨੌਜਵਾਨ ਵਲੰਟੀਅਰਾਂ ਦੀਆਂ ਟੀਮਾਂ ਘਰ-ਘਰ, ਪਿੰਡ-ਪਿੰਡ ਪਹੁੰਚ ਕੇ ਦਿਨ ਰਾਤ ਸੇਵਾ ਨਿਭਾ ਰਹੀਆਂ ਹਨ। ਡੀਜ਼ਲ, ਪਸ਼ੂਆਂ ਲਈ ਚਾਰ ਅਤੇ ਰੋਜ਼ਾਨਾ ਲੋੜਵੰਦਾਂ ਨੂੰ ਸਹਾਇਤਾ ਪਹੁੰਚਾਈ ਜਾ ਰਹੀ ਹੈ।ਝਿੰਜਰ ਨੇ ਦੱਸਿਆ ਕਿ ਇਸ ਸਾਰੀ ਮੁਹਿੰਮ ਦੀ ਨਿਗਰਾਨੀ ਸੁਖਬੀਰ ਸਿੰਘ ਬਾਦਲ ਖੁਦ ਕਰ ਰਹੇ ਹਨ।



## ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਇਕਾਈ ਜੋਨ ਬਲਾਕ ਗੜ੍ਹਸ਼ੰਕਰ ਦੀ ਮਹੀਨਾਵਾਰ ਮੀਟਿੰਗ ਜੋਨ ਪ੍ਰਧਾਨ ਸਰੂਪ ਚੰਦ ਦੀ ਪ੍ਰਧਾਨਗੀ ਹੇਠ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਹੋਈ। ਮੀਟਿੰਗ ਵਿਚ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਵਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁੱਖ ਮੰਤਰੀ ਰਾਹਤ ਫੰਡ ਵਿਚ ਇੱਕ ਲੱਖ ਰੁਪੈ ਦਾ ਚੈਕ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਭੇਜਣ ਤੇ ਤੱਸਲੀ ਪ੍ਰਗਟ ਕੀਤੀ। ਇਸ ਰਾਸ਼ੀ ਵਿਚ ਗੜ੍ਹਸ਼ੰਕਰ ਦੇ ਪੈਨਸ਼ਨਰਜ਼ ਵਲੋਂ ਪਾਏ ਯੋਗਦਾਨ ਲਈ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਪੈਨਸ਼ਨਰ ਆਗੂਆਂ ਮਾਸਟਰ ਬਲਵੰਤ ਰਾਮ ਅਤੇ ਪ੍ਰਿੰਸੀਪਲ ਜਗਦੀਸ਼ ਰਾਇ ਨੇ ਕਿਹਾ ਕਿ ਪੰਜਾਬ ਵਿਚ ਹੜ੍ਹਾਂ ਦੀ ਕਰੋਪੀ ਸਮੁੱਚਾ ਪੈਨਸ਼ਨਰ ਵਰਗ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਤਤਪਰ ਰਿਹਾ ਹੈ। ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਵਲੋਂ ਕੋਈ ਖਾਸ ਪ੍ਰਗਤੀ ਨਾ ਹੋਣ ਤੇ ਨਾਰਾਜ਼ਗੀ ਦਾ ਇਜ਼ਹਾਰ ਕਰਦਿਆਂ ਮੀਟਿੰਗ ਵਿਚ ਹਾਜ਼ਿਰ ਸਾਥੀਆਂ ਨੇ ਕਿਹਾ ਕਿ ਪੈਨਸ਼ਨਰ ਆਪਣੀਆਂ ਜਾਇਜ਼ ਮੰਗਾਂ ਮਨਾਉਣ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ। ਪੈਨਸ਼ਨਰਾਂ ਦੀਆਂ ਮੁਖ ਮੰਗਾਂ ਵਿਚ 2.59 ਦਾ ਗੁਨਾਂਕ ਲਾਗੂ ਕਰਨਾ, ਪੇ ਕਮਿਸ਼ਨ ਦਾ ਬਕਾਇਆ ਯਕ - ਮੁਸ਼ਤ ਦੇਣਾ,ਇਲਾਜ਼ ਲਈ ਕੈਸ਼ਲੈਸ ਸਕੀਮ ਲਾਗੂ ਕਰਨਾ ਤੇ ਡੀ ਏ ਦੀ ਕਿਸ਼ਤਾਂ ਜਾਰੀ ਕਰਨਾ ਸ਼ਾਮਿਲ ਹੈ। ਪੰਜਾਬ ਦਾ ਸਮੂਹ ਪੈਨਸ਼ਨਰ ਨਵੰਬਰ ਮਹੀਨੇ ਸੰਗਰੂਰ ਵਿਚ ਮਲਾਜ਼ਮ ਤੇ ਪੈਨਸ਼ਨਰ ਫਰੰਟ ਪੰਜਾਬ ਦੀ ਵਿਸ਼ਾਲ ਰੈਲੀ ਵਿਚ ਵੱਡੀ ਸ਼ਮੂਲੀਅਤ ਕਰੇਗਾ ਤੇ ਅਪਣੀ ਅਵਾਜ਼ ਸਰਕਾਰ ਤੱਕ ਪਹੁੰਚਾਏਗਾ। ਇਸ ਸਮੇਂ ਬਾਬੂ ਪਰਮਾ ਨੰਦ, ਸਤਪਾਲ ਸਿੰਘ, ਜੋਗਿੰਦਰ ਸਿੰਘ ਹੀਰ, ਰਤਨ ਸਿੰਘ, ਜੋਗਾ ਸਿੰਘ,ਦਲਬੀਰ ਸਿੰਘ, ਮਹਿੰਗਾ ਰਾਮ, ਹਰਬੰਸ ਲਾਲ ਹਾਜ਼ਰ ਸਨ।

## ਭੱਲੜੀ 'ਚ ਨੀਂਹ ਪੱਥਰ ਦੀ ਤੋੜਫੋੜ, ਆਪ ਆਗੂਆਂ, ਪੰਚਾਂ-ਸਰਪੰਚਾਂ ਤੇ ਯੁਵਕਾਂ ਵੱਲੋਂ ਸਖਤ ਨਿੰਦਾ

**ਨੰਗਲ (ਹਰਭਜਨ ਸਿੰਘ)** ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਨੰਗਲ ਬਲਾਕ ਦੇ ਪਿੰਡ ਭੱਲੜੀ ਸਵਾਂ ਨਦੀ 'ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੰਬੇ ਸਮੇਂ ਤੋਂ ਲਟਕ ਰਹੇ ਉੱਚ-ਸਤਹੀ ਪੁਲ ਦਾ ਨੀਂਹ ਪੱਥਰ ਰੱਖਿਆ। ਇਹ ਪੁਲ ਬਣਨ ਤੋਂ ਬਾਅਦ ਇਲਾਕੇ ਦੇ ਲੋਕਾਂ ਲਈ ਆਵਾਜਾਈ ਸੁਵਿਧਾਵਾਂ ਵਿੱਚ ਸੁਧਾਰ, ਬਿਹਤਰ ਕੁਨੈਕਟਿਵਟੀ ਅਤੇ ਲੰਬੇ ਸਮੇਂ ਲਈ ਸੁਖ-ਸਹੂਲਤਾਂ ਲਿਆਏਗਾ। ਇਸ ਸਮਾਗਮ ਵਿੱਚ ਸਥਾਨਕ ਨਿਵਾਸੀਆਂ, ਚੁਣੇ ਪ੍ਰਤੀਨਿਧੀਆਂ ਅਤੇ ਪਾਰਟੀ ਵਰਕਰਾਂ ਨੇ ਹਾਜ਼ਰੀ ਲਗਾਈ ਅਤੇ ਇਸ ਨੂੰ ਇਲਾਕੇ ਦੇ ਵਿਕਾਸ ਵੱਲ ਇੱਕ ਵੱਡਾ ਕਦਮ ਕਿਹਾ।ਪਰੰਤੂ ਰਾਤ ਸਮੇਂ ਕੁਝ ਅਣਪਛਾਤੇ ਅਸਮਾਜਿਕ ਤੱਤਾਂ ਨੇ ਨੀਂਹ ਪੱਥਰ ਨੂੰ ਤੋੜਫੋੜ ਕੇ ਨੁਕਸਾਨ ਪਹੁੰਚਾਇਆ। ਇਸ ਘਟਨਾ ਨੂੰ ਸਥਾਨਕ ਨਿਵਾਸੀਆਂ ਅਤੇ ਨੇਤ੍ਰਿਤਵ ਵੱਲੋਂ ਈਰਖਾ, ਨਿਰਾਸ਼ਾ ਅਤੇ ਬਹੁਤ ਘਟੀਆ ਸੋਚ ਦਾ ਨਤੀਜਾ ਦੱਸਿਆ ਗਿਆ। ਡਾ. ਸੰਜੀਵ ਗੌਤਮ, ਚੇਅਰਮੈਨ ਰਾਕੇਸ਼ ਚੌਧਰੀ, ਬਲਾਕ ਪ੍ਰਧਾਨ ਜਸਵਿੰਦਰ ਭੰਗਲਾ, ਬਲਾਕ ਪ੍ਰਧਾਨ ਰਾਕੇਸ਼ ਭਲੜੀ, ਜਸਪਾਲ ਸਿੰਘ ਢਾਹੇ ਸਰਪੰਚ, ਦੀਪਕ ਸੋਨੀ, ਚਨਣ ਸਿੰਘ ਪੰਮੂ ਢਿੱਲੋਂ ਸਰਪੰਚ, ਹਰਪਾਲ ਪਾਲੀ ਸਰਪੰਚ, ਮੁਖਤਿਆਰ ਖੇੜਾ, ਰਾਕੀ ਸੁਖਸਾਲ ਸਰਪੰਚ, ਸ਼ਿਵ ਕੁਮਾਰ ਮਜਾਰੀ, ਅਸ਼ਵਨੀ ਨੰਗਰਾਂ, ਸੁਨੀਲ ਮੋਜੋਵਾਲ ਸਰਪੰਚ ਸਮੇਤ ਦਰਜਨਾਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ, ਪੰਚਾਂ, ਸਰਪੰਚਾਂ ਅਤੇ ਪ੍ਰਮੁੱਖ ਨਾਗਰਿਕਾਂ ਨੇ ਇਸ ਘਟਨਾ 'ਤੇ ਕੜੀ ਪ੍ਰਤੀਕਿਰਿਆ ਜਤਾਈ। ਉਨ੍ਹਾਂ ਨੇ ਸਾਂਝਾ ਬਿਆਨ ਵਿੱਚ ਕਿਹਾ ਕਿ ਇਸ ਤਰ੍ਹਾਂ ਦੇ ਕੰਮ ਨਾ ਸਿਰਫ਼ ਸ਼ਰਮਨਾਕ ਹਨ, ਬਲਕਿ ਉਹਨਾਂ ਲੋਕਾਂ ਦੀ ਗਹਿਰੀ ਅਸੁਰੱਖਿਆ ਭਾਵਨਾ ਨੂੰ ਦਰਸਾਉਂਦੇ ਹਨ ਜੋ ਲੋਕਾਂ ਦੀ ਭਲਾਈ ਅਤੇ ਤਰੱਕੀ ਦੇ ਕੰਮ ਬਰਦਾਸ਼ਤ ਨਹੀਂ ਕਰ ਸਕਦੇ।

## 'ਸੋਸ਼ਲ ਮੀਡੀਆ ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ' ਵਿਸ਼ੇ 'ਤੇ ਲੈਕਚਰ ਕਰਵਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਐਜੂਕੇਸ਼ਨ ਵਿਭਾਗ ਵਲੋਂ ਸਾਇਕੈਟਰੀ ਸੈੱਲ ਦੇ ਸਹਿਯੋਗ ਨਾਲ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ 'ਡਿਜ਼ੀਟਲ ਵੈਲ-ਬੀਇੰਗ : ਸੋਸ਼ਲ ਮੀਡੀਆ ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਇਸ ਮੌਕੇ ਡਾ. ਗੁਰਪ੍ਰੀਤ ਕੌਰ ਨੇ ਮੁੱਖ ਰਿਸੋਰਸ ਪਰਸਨ ਵਲੋਂ ਸ਼ਿਰਕਤ ਕਰਦਿਆਂ ਆਪਣੇ ਸੰਬੋਧਨ ਵਿਚ ਨੌਜਵਾਨਾਂ ਦੇ ਜੀਵਨ 'ਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਬਾਰੇ ਸਰਲ ਅਤੇ ਗੰਭੀਰ ਢੰਗ ਨਾਲ ਵਿਚਾਰ ਰੱਖੇ। ਉਨ੍ਹਾਂ ਮਾਨਸਿਕ ਸਿਹਤ ਅਤੇ ਸੋਸ਼ਲ ਮੀਡੀਆ ਦੇ ਮਾਨਸਿਕ ਸਿਹਤ 'ਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਡਿਜ਼ੀਟਲ ਜਾਗਰੂਕਤਾ ਰਾਹੀਂ ਘੱਟ ਕਰਨ 'ਤੇ ਜ਼ੋਰ ਦਿੱਤਾ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਰਿਸੋਰਸ ਪਰਸਨ ਡਾ. ਗੁਰਪ੍ਰੀਤ ਕੌਰ ਦਾ ਕਾਲਜ ਵਲੋਂ ਵਿਸ਼ੇਸ਼ ਸਨਮਾਨ ਕੀਤਾ। ਸਟੇਜ ਸੰਚਾਲਨ ਡਾ. ਨਰੇਸ਼ ਕੁਮਾਰੀ ਇੰਚਾਰਜ ਸਾਇਕੈਟਰੀ ਸੈੱਲ ਵਲੋਂ ਕੀਤਾ ਗਿਆ। ਇਸ ਮੌਕੇ ਪ੍ਰੋ. ਲਖਵਿੰਦਰਜੀਤ ਕੌਰ, ਡਾ. ਜਾਨਕੀ ਅਗਰਵਾਲ, ਡਾ. ਸੰਘਾ ਗੁਰਬਖਸ਼ ਕੌਰ, ਪ੍ਰੋ. ਕਿਰਨਜੋਤ ਕੌਰ, ਪ੍ਰੋ. ਨਰਿੰਦਰ ਕੌਰ, ਪ੍ਰੋ. ਹਰਪ੍ਰੀਤ ਕੌਰ ਹਾਜ਼ਰ ਹੋਏ।



## ਪੰਜਾਬ ਕਿਰਤ ਵਿਭਾਗ ਨੇ ਸਾਰੀਆਂ ਸੇਵਾਵਾਂ ਆਨਲਾਈਨ ਕੀਤੀਆਂ : ਸੌਂਦ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਕਿਰਤ ਵਿਭਾਗ ਵੱਲੋਂ ਵੱਖ-ਵੱਖ ਐਕਟਾਂ ਅਧੀਨ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਅਤੇ ਉਦਯੋਗਿਕ ਯੋਜਨਾਵਾਂ ਨੂੰ ਪੂਰੀ ਤਰ੍ਹਾਂ ਆਨਲਾਈਨ ਕਰ ਦਿੱਤਾ ਹੈ ਤਾਂ ਜੋ ਕਾਮਿਆਂ, ਉਦਯੋਗਾਂ ਅਤੇ ਹੋਰ ਭਾਈਵਾਲਾਂ ਨੂੰ ਪਾਰਦਰਸ਼ੀ, ਸਮਾਂਬੱਧ ਅਤੇ ਨਿਰਵਿਘਨ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।ਕਾਰੋਬਾਰ ਕਰਨ ਵਿੱਚ ਸੌਖ ਅਤੇ ਸੁਖਾਲੇ ਜੀਵਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਬਾਰੇ ਦੱਸਦੇ ਹੋਏ ਕਿਰਤ ਮੰਤਰੀ ਨੇ ਕਿਹਾ ਕਿ ਵਿਭਾਗ ਨੇ ਵੱਖ ਵੱਖ ਕਿਸਮ ਦੀਆਂ ਮਨਜ਼ੂਰੀਆਂ, ਰਜਿਸਟ੍ਰੇਸ਼ਨਾਂ, ਲਾਇਸੈਂਸਾਂ ਅਤੇ ਭਲਾਈ ਸੇਵਾਵਾਂ ਨੂੰ ਇੱਕੋ ਡਿਜੀਟਲ ਪਲੇਟਫਾਰਮ ਉੱਤੇ ਉਪਲੱਬਧ ਕਰਵਾਇਆ ਹੈ।ਇਨ੍ਹਾਂ ਸੇਵਾਵਾਂ ਵਿੱਚ ਇਮਾਰਤੀ ਯੋਜਨਾਵਾਂ ਸਬੰਧੀ ਮਨਜ਼ੂਰੀ, ਸਟੇਬਿਲਟੀ ਸਰਟੀਫਿਕੇਟਾਂ ਦੀ ਸਵੀਕ੍ਰਿਤੀ, ਫੈਕਟਰੀਆਂ ਦੀ ਰਜਿਸਟ੍ਰੇਸ਼ਨ ਅਤੇ ਲਾਇਸੈਂਸਿੰਗ, ਲਾਇਸੈਂਸਾਂ ਦਾ ਨਵੀਨੀਕਰਨ ਅਤੇ ਸੋਧ, ਰਾਤ ਦੀਆਂ ਸ਼ਿਫਟਾਂ ਵਿੱਚ ਔਰਤਾਂ ਨੂੰ ਰੁਜ਼ਗਾਰ ਦੇਣ ਸਬੰਧੀ ਪ੍ਰਵਾਨਗੀ, ਮੁੱਖ ਮਾਲਕਾਂ ਅਤੇ ਠੇਕੇਦਾਰਾਂ ਦੀ ਰਜਿਸਟ੍ਰੇਸ਼ਨ, ਭਲਾਈ ਫੰਡ ਦਾ ਭੁਗਤਾਨ, ਪੰਜਾਬ ਕਿਰਤ ਭਲਾਈ ਬੋਰਡ ਤੋਂ ਲਾਭ ਲੈਣ ਸਬੰਧੀ ਦਾਅਵਾ, ਉਸਾਰੀ ਵਾਲੀਆਂ ਥਾਵਾਂ ਅਤੇ ਟਰੇਡ ਯੂਨੀਅਨਾਂ ਦੀ ਰਜਿਸਟ੍ਰੇਸ਼ਨ, ਕਿਰਤ ਕਾਨੂੰਨਾਂ ਅਧੀਨ ਸਾਲਾਨਾ ਰਿਟਰਨ ਜਮ੍ਹਾਂ ਕਰਵਾਉਣਾ, ਪੰਜਾਬ ਇਮਾਰਤੀ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ ਅਧੀਨ ਲਾਭ ਅਤੇ ਦੁਕਾਨਾਂ ਤੇ ਵਪਾਰਕ ਅਦਾਰਿਆਂ ਦੀ ਰਜਿਸਟ੍ਰੇਸ਼ਨ ਆਦਿ ਸ਼ਾਮਲ ਹਨ।ਸੌਂਦ ਨੇ ਕਿਹਾ, ਇਨ੍ਹਾਂ ਸੇਵਾਵਾਂ ਨੂੰ ਡਿਜੀਟਾਈਜ਼ ਕਰਕੇ ਪੰਜਾਬ ਸਰਕਾਰ ਨੇ ਬੇਲੋੜੀ ਦੇਰੀ ਤੇ ਖੱਜਲ-ਖੁਆਰੀ ਨੂੰ ਖਤਮ ਕੀਤਾ ਹੈ ਅਤੇ ਸੇਵਾਵਾਂ ਪ੍ਰਦਾਨ ਕਰਨ ਵਿੱਚ ਵਧੇਰੇ ਕੁਸ਼ਲਤਾ ਲਿਆਂਦੀ ਹੈ। ਉਨ੍ਹਾਂ ਨੇ ਸਾਰੇ ਭਾਈਵਾਲਾਂ ਨੂੰ ਆਪਣੇ ਘਰ ਜਾਂ ਕੰਮ ਵਾਲੀ ਥਾਂ ਤੋਂ ਆਸਾਨੀ ਨਾਲ ਇਨ੍ਹਾਂ ਸੇਵਾਵਾਂ ਦਾ ਲਾਭ ਲੈਣ ਲਈ ਅਧਿਕਾਰਤ ਪੋਰਟਲ : https://pblabour.gov.in ਉੱਤੇ ਜਾਣ ਦੀ ਅਪੀਲ ਕੀਤੀ ਹੈ।

## ਨੇਤਰਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਪ੍ਰਿੰ. ਡਾ. ਵਿਧਿ ਭੱਲਾ ਦਾ ਸਨਮਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਆਈ ਬੈਂਕ ਅਤੇ ਕਾਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਚੇਅਰਮੈਨ ਅਤੇ ਪ੍ਰਮੁੱਖ ਸਮਾਜਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਡੀ.ਏ.ਵੀ. ਕਾਲਜ ਆਫ਼ ਐਜੂਕੇਸ਼ਨ (ਬੀ.ਐਡ.) ਨੂੰ ਪਿਛਲੇ ਸਾਲ ਕੀਤੇ ਗਏ ਨੇਤਰਦਾਨ ਸੰਬੰਧੀ ਕਾਰਜਾਂ ਲਈ ਖ਼ਾਸ ਤੌਰ 'ਤੇ ਪਸੰਸਾ ਪੱਤਰ ਦੇ ਕੇ ਪ੍ਰਿੰ. ਡਾ. ਵਿਧਿ ਭੱਲਾ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਚੇਅਰਮੈਨ ਸੰਜੀਵ ਅਰੋੜਾ ਨੇ ਦੱਸਿਆ ਕਿ ਡੀ.ਏ.ਵੀ. ਕਾਲਜ ਵੱਲੋਂ ਪਿਛਲੇ ਸਾਲ ਨੇਤਰਦਾਨ ਸੰਬੰਧੀ ਜੋ ਕੰਮ ਕੀਤੇ ਗਏ, ਉਹਨਾਂ ਵਿੱਚ ਵਿਦਿਆਰਥੀਆਂ ਵੱਲੋਂ ਸਕਿਟ ਰਾਹੀਂ ਤੇ ਹੋਰ ਕਈ ਕਿਸਮ ਦੇ ਪ੍ਰੋਗਰਾਮਾਂ ਰਾਹੀਂ ਵਿਦਿਆਰਥੀ ਵਰਗ ਅਤੇ ਸਟਾਫ ਨੂੰ ਨੇਤਰਦਾਨ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਦੇ ਨਾਲ-ਨਾਲ ਕਾਲਜ ਵੱਲੋਂ ਹਰ ਸਾਲ ਮਨਾਇਆ ਜਾਣ ਵਾਲਾ ਨੇਤਰਦਾਨ ਜਾਗਰੂਕਤਾ ਹਫ਼ਤਾ ਬਹੁਤ ਹੀ ਸ਼ਲਾਘਾਯੋਗ ਹੈ।ਇਸ ਮੌਕੇ ਸਕੱਤਰ ਪ੍ਰੋ. ਦਲਜੀਤ ਸਿੰਘ ਨੇ ਕਿਹਾ ਕਿ ਸੋਸਾਇਟੀ ਦਾ ਹਰ ਮੈਂਬਰ ਨਿਸ਼ਕਾਮ ਭਾਵਨਾ ਨਾਲ ਇਸ ਪੁੰਨ ਦੇ ਕੰਮ ਵਿੱਚ ਲੱਗਾ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਹਰ ਵਿਅਕਤੀ ਨੂੰ ਸਮਾਜਿਕ ਕੰਮਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਸਨਮਾਨ ਪ੍ਰਾਪਤ ਕਰਦੇ ਹੋਏ ਪ੍ਰਿੰ. ਡਾ. ਵਿਧਿ ਭੱਲਾ ਨੇ ਸੋਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਨੇਤਰਦਾਨ ਜਾਗਰੂਕਤਾ ਲਈ ਜੋ ਸਨਮਾਨ ਮਿਲਿਆ ਹੈ, ਉਸ ਲਈ ਉਹ ਸੋਸਾਇਟੀ ਦੇ ਆਭਾਰੀ ਰਹਿਣਗੇ। ਡਾ. ਵਿਧਿ ਭੱਲਾ ਨੇ ਖ਼ਾਸ ਤੌਰ 'ਤੇ ਚੇਅਰਮੈਨ ਸੰਜੀਵ ਅਰੋੜਾ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪਸੰਸਾ ਕਰਦਿਆਂ ਕਿਹਾ ਕਿ ਸੰਜੀਵ ਅਰੋੜਾ ਸਮਾਜ ਸੇਵਾ ਦੇ ਪੁੰਜ ਹਨ ਅਤੇ ਸੇਵਾ ਕਾਰਜਾਂ ਨੂੰ ਆਪਣਾ ਧਰਮ ਮੰਨਦੇ ਹਨ।ਇਸ ਮੌਕੇ ਪ੍ਰੋ. ਡਾ. ਮੋਨਿਕਾ, ਪ੍ਰੋ. ਦਲਜੀਤ ਸਿੰਘ, ਅਸ਼ਵਨੀ ਕੁਮਾਰ ਦੱਤਾ, ਵੀਨਾ ਚੋਪੜਾ ਅਤੇ ਕ੍ਰਿਸ਼ਨ ਕਿਸ਼ੋਰ ਵੀ ਮੌਜੂਦ ਸਨ।



## ਬੇਲਾ ਕਾਲਜ ਵਿਖੇ ਗਾਂਧੀ ਜਯੰਤੀ 'ਤੇ ਨਸ਼ਾ ਵਿਰੋਧੀ ਰੈਲੀ



**ਸ਼੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**— ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਗਾਂਧੀ ਜਯੰਤੀ ਮੌਕੇ ਆਈ.ਆਈ.ਸੀ. ਦੇ ਸਹਿਯੋਗ ਨਾਲ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਡਾ ਮਮਤਾ ਅਰੋੜਾ ਨੇ ਦੱਸਿਆ ਕਿ ਇਸ ਮੌਕੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਕਾਮਰਸ ਵਿਭਾਗ ਵੱਲੋਂ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਐਨ ਸੀ ਸੀ ਇੰਚਾਰਜ਼ ਲੈਫਟੀਨੈਂਟ ਪ੍ਰੋ ਪ੍ਰਿਤਪਾਲ ਸਿੰਘ, ਐਨ ਐਸ ਐਸ ਦੇ ਇੰਚਾਰਜ਼ ਪ੍ਰੋ. ਸੁਨੀਤਾ ਰਾਣੀ ਅਤੇ ਪ੍ਰੋ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਲਈ ਰੈਲੀ ਕੱਢੀ ਅਤੇ ਸਮਾਜ ਵਿੱਚ ਹੋਰਾਂ ਨੂੰ ਵੀ ਇਸ ਨਾਮੁਰਾਦ ਅਲਾਮਤ ਤੋਂ ਜਾਗਰੂਕ ਕਰਨ ਲਈ ਸਹੁੰ ਖਾਧੀ। ਕਾਲਜ ਦੀ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਕਿਹਾ ਕਿ ਮਹਾਤਮਾ ਗਾਂਧੀ ਦਾ ਜੀਵਨ ਸਾਦਗੀ, ਸੱਚਾਈ ਅਤੇ ਅਹਿੰਸਾ ਦਾ ਪ੍ਰਤੀਕ ਹੈ। ਇਸ ਮੌਕੇ ਡਾ. ਹਰਪ੍ਰੀਤ ਕੌਰ, ਡਾ. ਸੁਰਜੀਤ ਕੌਰ, ਡਾ. ਤੇਜਿੰਦਰ ਕੌਰ, ਡਾ. ਹਰਪ੍ਰੀਤ ਸਿੰਘ ਭਿਓਰਾ,ਪ੍ਰੋ ਹਰਲੀਨ ਕੌਰ, ਪ੍ਰੋ ਜਸਪ੍ਰੀਤ ਸਿੰਘ ਰਾਏ, ਪ੍ਰੋ ਇਸ਼ੂ ਬਾਲਾ, ਪ੍ਰੋ ਗਗਨਦੀਪ ਕੌਰ,ਪ੍ਰੋ ਅਭਿਸ਼ੇਕ ਸਿੰਘ ਅਤੇ ਪ੍ਰੋ ਨਿੱਕੀਤਾ ਆਦਿ ਹਾਜ਼ਰ ਸਨ।

## ਰਾਮੋ ਦੇਵੀ ਓਲੰਪਿਕ ਵਾਲੀਬਾਲ ਵਰਲਡ ਕੱਪ ਲਈ ਬਣੀ ਭਾਰਤੀ ਟੀਮ ਦਾ ਹਿੱਸਾ

**ਕੁਰਾਲੀ (ਮੋਹਨ ਅੱਗਰਵਾਲ)**- ਨਿਆਸਰਿਆਂ ਲਈ ਆਸਰੇ ਵਜੋਂ ਪ੍ਰਸਿੱਧ ਸੰਸਥਾ ਪ੍ਰਭ ਆਸਰਾ, ਕੁਰਾਲ਼ੀ ਦੇ ਸ਼ਪੈਸਲ ਖਿਡਾਰੀਆਂ/ਖਿਡਾਰਨਾਂ ਵੱਲੋਂ ਮਾਰੀਆਂ ਜਾਂਦੀਆ ਮੱਲਾਂ ਅਕਸਰ ਚਰਚਾ ਦਾ ਵਿਸ਼ਾ ਬਣੀਆਂ ਰਹਿੰਦੀਆਂ ਹਨ। ਇਸੇ ਲੜੀ ਤਹਿਤ ਹੁਣ ਇੱਥੋਂ ਦੀ ਵਾਸੀ 'ਰਾਮੋ ਦੇਵੀ' ਕੌਮਾਂਤਰੀ ਖਿਡਾਰਨ ਦੇ ਤੌਰ 'ਤੇ ਉਡਾਰੀ ਭਰ ਚੁੱਕੀ ਹੈ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸ਼ਪੈਸਲ ਓਲੰਪਿਕ ਭਾਰਤ, ਸੰਸਥਾ ਵੱਲੋਂ ਅਲੱਗ ਤੋਂ ਖ਼ਾਸ (Differently abled) ਬੱਚਿਆਂ ਦੇ ਸਟੇਟ, ਨੈਸ਼ਨਲ ਅਤੇ ਇੰਟਰ-ਨੈਸ਼ਨਲ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ। ਜਿੰਨ੍ਹਾਂ ਵਿੱਚੋਂ ਇਸ ਵਾਰ ਦਾ 'ਸ਼ਪੈਸਲ ਓਲੰਪਿਕ ਯੂਨੀਫਾਈਡ ਵਾਲੀਵਾਲ ਵਰਲਡ ਕੱਪ: 2025' ਪੋਲੈਂਡ ਵਿਖੇ ਹੋ ਰਿਹਾ ਹੈ। ਉਕਤ ਕੱਪ ਖੇਡਣ ਲਈ ਜਾ ਰਹੀ ਭਾਰਤੀ ਟੀਮ ਵਿੱਚ ਪੰਜਾਬ ਦੀ ਇੱਕੋ-ਇੱਕ ਖਿਡਾਰਨ 'ਰਾਮੋ ਦੇਵੀ' ਸ਼ਾਮਲ ਹੈ। ਜੋ ਕਿ ਪ੍ਰਭ ਆਸਰਾ ਸਮੇਤ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ।



## ਹੜ੍ਹਾਂ 'ਚ ਹੋਏ ਨੁਕਸਾਨ ਲਈ ਸਰਕਾਰ ਜ਼ਿੰਮੇਵਾਰ - ਹੰਸ ਰਾਜ ਪੱਬਵਾਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾ ਨੇ ਪਿੰਡ ਸੁੰਨੜ ਕਲਾਂ ਵਿਖੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੜ੍ਹਾਂ ਦੀ ਮਾਰ ਦੇ ਚੱਲਦਿਆਂ ਲੋਕਾਂ, ਮਜ਼ਦੂਰਾਂ ਤੇ ਕਿਸਾਨਾਂ ਦੇ ਘਰ ਢਹਿ ਗਏ , ਫਸਲਾਂ ਤਬਾਹ ਹੋ ਗਈਆਂ , ਪਸ਼ੂਆਂ ਦੀਆਂ ਜਾਨਾਂ ਚਲੀਆਂ ਗਈਆਂ। ਉਨ੍ਹਾਂ ਕਿਹਾ ਕਿ ਜੇ ਆਪਾਂ ਇਹ ਕਹਿ ਦੇਈਏ ਕਿ ਇਕੱਲੀ ਕੁਦਰਤੀ ਕਰੋਪੀ ਜਾਂ ਮੀਂਹ ਕਾਰਨ ਹੋਇਆ ਹੈ ਤਾਂ ਇਹ ਸਹੀ ਨਹੀਂ ਹੈ ਕਿਉਂਕਿ ਸਰਕਾਰ ਨੇ ਭਾਖੜਾ ਡੈਮ ਦੇ ਆਪ ਗੇਟ ਖੋਲ੍ਹੇ ਹਨ ਪੰਜਾਬ ਨੂੰ ਤਬਾਹ ਕਰਨ ਵਾਸਤੇ।ਇਸ ਲਈ ਸਰਕਾਰ ਇਸ ਤਬਾਹੀ ਲਈ ਜਿੰਮੇਵਾਰ ਹੈ। ਇਸ ਰੇਲੀ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੇ ਤਹਿਸੀਲ ਚੰਨਣ ਸਿੰਘ, ਅਜੀਤ ਸਿੰਘ, ਜੁਗਿੰਦਰਪਾਲ ਸੁੰਨੜ ਕਲਾਂ ਨੇ ਸੰਬੋਧਨ ਕੀਤਾ ਤੇ ਮੰਗ ਕੀਤੀ ਕਿ ਹੜ੍ਹ ਪੀੜਤਾਂ ਨੂੰ ਸਹੀ ਢੰਗ ਨਾਲ ਤਬਾਹ ਹੋਈਆਂ ਫਸਲਾਂ, ਡਿੱਗੇ ਜਾਂ ਨੁਕਸਾਨੇ ਗਏ ਮਕਾਨਾਂ ਦਾ ਮੁਆਵਜ਼ਾ ਦਿੱਤਾ ਜਾਵੇ। ਪਿੰਡ ਸਮਰਾਵਾ ਨਿੰਮਾਂ ਵਾਲੇ ਚੌਂਕ ਤੋਂ ਸ਼ੁਰੂ ਕੀਤੀ ਗਈ ਇਹ ਰੈਲੀ ਪਿੰਡ ਬੁੰਡਾਲਾ ਬਾਬਾ ਜਿਉਣਾਂ ਸਾਂਹ, ਭਾਰਦੂਆਜੀਆ, ਪਿੰਡ ਸੁੰਨੜ ਕਲਾਂ, ਪਿੰਡ ਪੱਬਵਾ ਅਤੇ ਅਖ਼ੀਰ ਰਵਿਦਾਸ ਪੁਰਾ ਵਿਖੇ ਪੇਂਡੂ ਸਮਾਪਤ ਹੋਈ।



## 20.77 ਕਰੋੜ ਦੀ ਲਾਗਤ ਨਾਲ ਸਤਲੁਜ ਦਰਿਆ 'ਤੇ ਬਣੇਗਾ ਪੁਲ : ਹਰਜੋਤ ਬੈਂਸ

**ਨੰਗਲ ਭਲਾਣ (ਹਰਭਜਨ ਢਿੱਲੋਂ, ਸੁਰਜੀਤ ਢੇਰ)**- ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਆਪਣੇ ਹਲਕੇ ਵਿੱਚ ਚੱਲ ਰਹੀ ਵਿਕਾਸ ਦੀ ਲਹਿਰ ਨੂੰ ਹੋਰ ਗਤੀ ਦਿੰਦੇ ਹੋਏ 22.77 ਕਰੋੜ ਦੀ ਲਾਗਤ ਨਾਲ ਸਤਲੁਜ ਦਰਿਆ ਉਤੇ ਕਲਿੱਤਰਾ ਵਿਖੇ ਪੁਲ ਦਾ ਨੀਂਹ ਪੱਥਰ ਰੱਖਿਆ। ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹਰ ਹਿੱਸੇ ਤੱਕ ਗੁਣਵੱਤਾਪੂਰਨ ਢਾਂਚਾ ਤੇ ਸੁਵਿਧਾਵਾਂ ਪਹੁੰਚਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਵਿਕਾਸ ਪ੍ਰੋਜੈਕਟ ਸਿਰਫ ਆਵਾਜਾਈ ਨੂੰ ਹੀ ਨਹੀਂ ਸੁਧਾਰਦੇ, ਸਗੋਂ ਲੋਕਾਂ ਦੀ ਜੀਵਨ ਸ਼ੈਲੀ ਨੂੰ ਵੀ ਉੱਚਾ ਚੁੱਕਦੇ ਹਨ। ਉਨ੍ਹਾਂ ਕਿਹਾ ਕਿ ਪੁਲ, ਸੰਪਰਕ ਸੜਕਾਂ ਅਤੇ ਫੁੱਟਬ੍ਰਿਜਾਂ ਦੇ ਪ੍ਰੋਜੈਕਟ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਵਿਕਾਸ ਦੀ ਇੱਕ ਨਵੀਂ ਕਹਾਣੀ ਲਿਖ ਰਹੇ ਹਨ। ਇਸ ਮੌਕੇ ਡਾ.ਸੰਜੀਵ ਗੌਤਮ ਜਿਲ੍ਹਾ ਪ੍ਰਧਾਨ, ਹਰਮਿੰਦਰ ਸਿੰਘ ਢਾਹੇ ਚੇਅਰਮੈਨ ਪਲਾਨਿੰਗ ਬੋਰਡ ਰੂਪਨਗਰ, ਜਸਪਾਲ ਸਿੰਘ ਢਾਹੇ ਜਿਲ੍ਹਾ ਪ੍ਰਧਾਨ ਕਿਸਾਨ ਵਿੰਗ, ਕਮਿੱਕਰ ਸਿੰਘ ਹਲਕਾ ਸੰਗਠਨ ਇੰਚਾਰਜ, ਮੰਗਲ ਸੈਣੀ ਬੂਥ ਇੰਚਾਰਜ, ਪੰਮੂ ਢਿੱਲੋਂ ਬਲਾਕ ਪ੍ਰਧਾਨ, ਦੀਪਕ ਸੋਨੀ ਬਲਾਕ ਪ੍ਰਧਾਨ, ਰਾਕੇਸ਼ ਮਹਿਲਵਾ ਚੇਅਰਮੈਨ, ਰਾਕੇਸ ਕੁਮਾਰ ਹਲਕਾ ਕੋਆਰਡੀਨੇਟਰ, ਸੁਮਿਤ ਹਲਕਾ ਕੁਆਰਡੀਨੇਟਰ ਯੂਥ ਵਿੰਗ, ਦਲੀਪ ਹੰਸ ਮੈਂਬਰ ਦਲਿਤ ਬੋਰਡ, ਸੁਮਿਤ ਅਗਨੀ ਸੰਦਲ ਮੈਂਬਰ ਬ੍ਰਾਹਮਣ ਵੈਲਫੇਅਰ ਬੋਰਡ, ਗੁਰਨਾਮ ਸਿੰਘ ਸਰਪੰਚ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਜੱਗਾ ਬਹਿਲੂ ਸਰਪੰਚ, ਬਚਿੱਤਰ ਸਿੰਘ ਬੈਂਸ, ਭਾਗ ਸਿੰਘ ਸਰਪੰਚ, ਵਿਕਾਸ ਅਗਨੋਹੋਤਰੀ ਸਰਪੰਚ, ਤਿਲਕ ਰਾਜ ਅਜੋਲੀ, ਸਿਵ ਕੁਮਾਰ ਸਰਪੰਚ, ਗੁਰਵਿੰਦਰ ਕੌਰ ਹਲਕਾ ਕੋਆਰਡੀਨੇਟਰ ਇਸਤਰੀ ਵਿੰਗ, ਜੱਗਿਆ ਦੱਤ ਸਰਪੰਚ, ਰਾਜ ਕੁਮਾਰ, ਮਨਪ੍ਰੀਤ ਸੈਣੀ, ਵਿਜੇ ਕੁਮਾਰ, ਪ੍ਰਿੰ. ਰਾਮ ਗੋਪਾਲ ਤੇ ਪਿੰਡਾਂ ਦੇ ਪੰਚ ਤੇ ਸਰਪੰਚ ਵੱਡੀ ਗਿਣਤੀ ਵਿਚ ਹਾਜ਼ਰ ਸਨ।



## ਮਾਤਾ ਸੁਰਜੀਤ ਕੌਰ ਕੰਗ ਨਮਿਤ ਅੰਤਿਮ ਅਰਦਾਸ ਮੌਕੇ ਅਹਿਮ ਸ਼ਖਸੀਅਤਾਂ ਪੁੱਜੀਆਂ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਹੁਸ਼ਿਆਰਪੁਰ ਵਿਖੇ ਹਜ਼ਾਰ ਪ੍ਰਮੁੱਖ ਸਖ਼ਸ਼ੀਅਤਾਂ ਅਤੇ ਸਾਕ ਸੰਬੰਧੀਆਂ ਵੱਲੋਂ ਮਾਤਾ ਸੁਰਜੀਤ ਕੌਰ ਕੰਗ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋ ਕੇ ਡੇਰਾ ਬਾਬਾ ਚਰਨ ਸ਼ਾਹ ਵਿਖੇ ਕੰਗ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਘਰ ਵਿੱਚ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ, ਗੁਰਦੁਆਰਾ ਸਾਹਿਬ ਵਿਖੇ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਵੈਰਾਗਮਈ ਕੀਰਤਨ ਕੀਤਾ ਗਿਆ। ਅੰਤਿਮ ਅਰਦਾਸ ਉਪਰੰਤ, ਪ੍ਰਮੁੱਖ ਸਖ਼ਸ਼ੀਅਤਾਂ ਐਡਵੋਕੇਟ ਇੰਦਰਪਾਲ ਸਿੰਘ ਧੰਨਾ ਚੀਫ ਇਨਫਰਮੇਸ਼ਨ ਕਮਿਸ਼ਨਰ ਪੰਜਾਬ, ਸ੍ਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ, ਸ੍ਰ ਜਤਿੰਦਰ ਸਿੰਘ ਲਾਲੀ ਬਾਜਵਾ ਸ਼ਹਿਰੀ ਪ੍ਰਧਾਨ ਸ਼੍ਰੋ ਅ ਦਲ ਹੁਸ਼ਿਆਰਪੁਰ, ਸ੍ਰ ਜਗਮੋਹਨ ਸਿੰਘ ਕੰਗ ਆਈ ਏ ਐੱਸ ਰਿਟਾਇਰਡ, ਸ੍ਰ ਗੁਰਜੀਤ ਪਾਲ ਸਿੰਘ ਐੱਸ ਪੀ ਜਲੰਧਰ, ਐਡਵੋਕੇਟ ਪੀ ਐੱਸ ਘੁੰਮਣ, ਸ੍ਰ ਦਵਿੰਦਰ ਸਿੰਘ ਬਿੱਟੂ ਜੱਟਪੁਰੀ, ਐਡਵੋਕੇਟ ਬਲਦੇਵ ਸਿੰਘ ਫੁਗਲਾਣਾ, ਐਡਵੋਕੇਟ ਰੋਹਿਤ ਜੋਸ਼ੀ, ਐਡਵੋਕੇਟ ਲਵਕੇਸ਼ ਓਹਰੀ ਐਮ ਸੀ, ਸ੍ਰ ਅਮਰਪਾਲ ਸਿੰਘ ਕਾਕਾ , ਐਡਵੋਕੇਟ ਇੰਦਰਜੀਤ ਸਿੰਘ ਮੱਲੀ, ਚਾਚਾ ਤਿਰਲੋਚਨ ਸਿੰਘ ਕੰਗ, ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਪ੍ਰਧਾਨ ਲਾਇਨਜ ਕਲੱਬ, ਲਾਇਨ ਬਰਿੰਦਰਜੀਤ ਸਿੰਘ ਸਿਟੀ ਲਾਈਟ, ਸ੍ਰ ਹਰਜੀ ਬਾਜਵਾ, ਸ੍ਰ ਵਰਿੰਦਰ ਸਿੰਘ ਬੈਂਸ, ਡਾਕਟਰ ਸੁਰਿੰਦਰ ਕੁਮਾਰ ਡੀ ਵੀ ਆਈ, ਸ੍ਰੀ ਮਨਜੂਰ ਮੁਹੰਮਦ, ਸ੍ਰ ਗੁਰਮੇਲ ਸਿੰਘ ਫੌਜੀ,ਸ੍ਰੀ ਅਸ਼ੋਕ ਕੁਮਾਰ ਸ਼ਾਰਦਾ, ਸ੍ਰ ਪਰਮਜੀਤ ਸਿੰਘ ਕੰਗ ਕਾਲਾ ਜਟ, ਐਡਵੋਕੇਟ ਗੁਰਬੀਰ ਸਿੰਘ ਰਹਿਲ, ਸੀਨੀਅਰ ਐਡਵੋਕੇਟ ਮਨਿੰਦਰ ਪਾਲ ਸਿੰਘ, ਸ੍ਰ ਸਮਸ਼ੇਰ ਸਿੰਘ ਭਾਰਦਵਾਜ ਵੱਲੋਂ ਮਾਤਾ ਜੀ ਦੇ ਸਪੁੱਤਰਾਂ ਪ੍ਰੋਫੈਸਰ ਦਲਜੀਤ ਸਿੰਘ ਕੰਗ, ਸਾਬਕ ਬੈਂਕ ਮੈਨੇਜਰ ਇੰਦਰਜੀਤ ਸਿੰਘ ਕੰਗ, ਪੋਤਰਿਆਂ ਐਡਵੋਕੇਟ ਤਾਜਪਰੀਤ ਸਿੰਘ ਕੰਗ, ਐਡਵੋਕੇਟ ਪੁਨੀਤ ਇੰਦਰ ਸਿੰਘ ਕੰਗ ਨਾਲ ਦੁੱਖ ਦਾ ਪਰਗਟਾਵਾ ਕਰਦੇ ਹੋਏ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ।



## ਵਿਧਾਇਕ ਨੇ ਸੜਕ ਚੌੜੀ ਕਰਨ ਦੇ ਕੰਮ ਦੀ ਕਰਵਾਈ ਸ਼ੁਰੂਆਤ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਇਲਾਕਾ ਨਿਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦੇ ਹੋਏ, ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਅੰਬਾਲਾ-ਚੰਡੀਗੜ੍ਹ ਹਾਈਵੇ (ਪਿੰਡ ਸਰਸੀਣੀ) ਤੋਂ ਝੱਜੋਂ ਵਾਇਆ ਟਿਵਾਣਾ ਤੱਕ ਲਿੰਕ ਰੋਡ ਦੇ ਅਪਗ੍ਰੇਡੇਸ਼ਨ ਅਤੇ ਚੌੜੀ ਕਰਨ ਦੇ ਕੰਮ ਦੀ ਸ਼ੁਰੂਆਤ ਕਰਵਾਈ। ਕਰੀਬ 4.60 ਕਿਲੋਮੀਟਰ ਦੇ ਇਸ ਪ੍ਰੋਜੈਕਟ ਨੂੰ 2.41 ਕਰੋੜ ਰੁਪਏ ਦੀ ਲਾਗਤ ਨਾਲ 18 ਫੁੱਟ ਚੌੜਾਈ ਤੱਕ ਨਵੀਨੀਕਰਨ ਅਤੇ ਅਪਗ੍ਰੇਡ ਕੀਤਾ ਜਾਵੇਗਾ।ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਇਹ ਪ੍ਰੋਜੈਕਟ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੰਤੁਲਿਤ ਅਤੇ ਯੋਜਨਾਬੱਧ ਵਿਕਾਸ ਪ੍ਰਤੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪਿਛਲੇ ਵਿਧਾਨ ਸਭਾ ਸੈਸ਼ਨ ਦੌਰਾਨ, ਉਨ੍ਹਾਂ ਨੇ ਇਸ ਮਹੱਤਵਪੂਰਨ ਸੜ੍ਹਕ ਨੂੰ ਅਪਗ੍ਰੇਡ ਕਰਨ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਸੀ। ਇਸ ਮੌਕੇ, ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਹਾਜਰ ਸਨ।



## ਪਿੰਡ ਉੱਗੀ 'ਚ ਪੰਚਾਇਤੀ ਜ਼ਮੀਨ 'ਤੇ ਵਿਧਾਇਕਾ ਵੱਲੋਂ ਨਾਜਾਇਜ਼ ਕਬਜ਼ਾ ਕਰਵਾਉਣ ਦਾ ਦੋਸ਼



**ਜਲੰਧਰ (ਮਨਜੀਤ ਮਾਨ)**- ਪੰਜਾਬ ਸਰਕਾਰ ਇੱਕ ਪਾਸੇ ਜਿੱਥੇ ਸੂਬੇ ਭਰ ਵਿੱਚ ਸਰਕਾਰੀ ਅਤੇ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਦੀ ਗੱਲ ਕਰ ਰਹੀ ਹੈ, ਉਥੇ ਹੀ ਨਕੋਦਰ ਹਲਕੇ ਦੀ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ 'ਤੇ ਆਪਣੇ ਨਜ਼ਦੀਕੀ ਨੇਤਾਵਾਂ ਦਾ ਪੰਚਾਇਤ ਦੀ ਜ਼ਮੀਨ 'ਤੇ ਕਬਜ਼ਾ ਕਰਵਾਉਣ ਦਾ ਗੰਭੀਰ ਦੋਸ਼ ਲੱਗਾ ਹਨ। ਪਿੰਡ ਦੇ ਮੌਜੂਦਾ ਸਰਪੰਚ ਪਾਲਾ , ਕਾਂਗਰਸ ਦੇ ਬਲਾਕ ਪ੍ਰਧਾਨ ਤਰਲੋਚਨ ਸਿੰਘ ਸੰਘਾ ਰਸੂਲਪੁਰੀ , ਪੰਚ ਗੁਰਪ੍ਰੀਤ ਅਤੇ ਹੋਰਨਾਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਨਕੋਦਰ ਦੇ ਪਿੰਡ ਉੱਗੀ ਵਿਖੇ ਵਕਫ਼ ਬੋਰਡ ਦੀ ਪੁਲਿਸ ਚੌਂਕੀ ਕੋਲ ਖਾਲੀ ਪਈ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਲੋਕਾਂ ਦਾ ਦੋਸ਼ ਹੈ ਕਿ ਆਮ ਆਦਮੀ ਪਾਰਟੀ ਨੇਤਾ ਅਤੇ ਰਹੀਮਪੁਰ ਪਿੰਡ ਦੇ ਸਰਪੰਚ ਕੁਲਦੀਪ ਸੱਭਰਵਾਲ ਨੇ ਪੁਲਿਸ ਚੌਂਕੀ ਕੋਲ ਆਪਣੀ ਦੁਕਾਨ ਨਾਲ ਲੱਗਦੀ ਖ਼ਾਲੀ ਪਈ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਸਰਪੰਚ ਪਾਲਾ ਤਰਲੋਚਨ ਸਿੰਘ ਸੰਘਾ ਨੇ ਦੱਸਿਆ ਕਿ ਜਦੋਂ ਮੌਜੂਦਾ ਸਰਪੰਚ ਪਾਲਾ ਤੇ ਪੰਚਾਇਤ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਵਿਧਾਇਕਾ ਦੀ ਦਖਲਅੰਦਾਜ਼ੀ ਤੋਂ ਬਾਅਦ ਪੁਲਿਸ ਨੇ ਉਲਟਾ ਪਿੰਡ ਵਾਸੀਆਂ ਦੇ ਖਿਲਾਫ ਹੀ 70 ਹਜ਼ਾਰ ਰੁਪਏ ਦੀ ਚੋਰੀ ਸਮੇਤ ਕਈ ਹੋਰ ਧਰਾਵਾਂ ਤਹਿਤ ਝੂਠਾ ਮੁਕੱਦਮਾ ਦਰਜ ਕਰ ਦਿੱਤਾ। ਵਿਜੇ,ਮੰਗਤ ਰਾਮ, ਰਾਕੇਸ਼ ਕੁਮਾਰ, ਬਲਵੀਰ ਸਿੰਘ ਚੀਮਾ ਸੂਬਾ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ, ਕਾਮਰੇਡ ਸਤਨਾਮ ਸਿੰਘ ਉੱਗੀ ਸਮੇਤ ਹੋਰ ਪਤਵੰਤੇ ਲੋਕਾਂ ਨੇ ਮੰਗ ਕੀਤੀ ਹੈ ਕਿ ਨਜਾਇਜ਼ ਕਬਜ਼ਾਧਾਰੀਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ ਤੇ ਝੂਠੇ ਪਰਚੇ ਰੱਦ ਕੀਤੇ ਜਾਣ।

## ਲੋਹੀਆਂ ਖਾਸ ਦੀ ਕੁਟੀਆ ਗਰਾਊਂਡ 'ਚ ਦੁਸਹਿਰਾ ਮਨਾਇਆ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਲੋਹੀਆਂ ਖਾਸ ਵਿੱਚ ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਸਮਝੇ ਜਾਂਦੇ ਦੁਸਹਿਰੇ ਦੇ ਤਿਓਹਾਰ ਨੂੰ ਮਨਾਉਂਦਿਆਂ ਲੰਕਾਪਤੀ ਰਾਵਣ, ਮੇਗ ਨਾਥ ਅਤੇ ਕੁੰਭ ਕਰਨ ਦੇ ਪੁਤਲੇ ਜਲਾਏ ਗਏ। ਸ਼੍ਰੀ ਕੁੰਦਨ ਲਾਲ ਰਾਮ ਲੀਲ੍ਹਾ ਕਲੱਬ (ਰਜਿ.) ਲੋਹੀਆਂ ਖਾਸ ਵੱਲੋਂ ਰਾਮਲੀਲ੍ਹਾ ਦੇ ਮੁੱਖ ਪਾਤਰ ਬਣੇ ਸ੍ਰੀ ਰਾਮਚੰਦਰ ਵੱਲੋਂ ਲੰਕਾਪਤੀ ਰਾਵਣ, ਮੇਗ ਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨੀ ਦਿਖਾਈ ਗਈ। ਇਸ ਮੌਕੇ ਪਹਿਲਾਂ ਕਲਾਕਾਰਾਂ ਵੱਲੋਂ ਸੁੰਦਰ ਝਾਕੀਆਂ ਵੀ ਕੱਢੀਆਂ ਗਈਆਂ ਅਤੇ ਕੁਟੀਆ ਗਰਾਊਂਡ, ਸਿੱਧੂਪੁਰ ਰੋਡ ਦੀ ਸਟੇਜ 'ਤੇ ਕਲਾਕਾਰਾਂ ਵੱਲੋਂ ਪੇਸ਼ਕਾਰੀਆਂ ਕੀਤੀਆਂ ਗਈਆਂ। ਪੰਡਿਤ ਸ਼੍ਰੀ ਕੁੰਦਨ ਲਾਲ ਰਾਮ ਲੀਲ੍ਹਾ ਕਲੱਬ (ਰਜਿ.) ਲੋਹੀਆਂ ਖਾਸ ਵੱਲੋਂ ਇਸ ਸਾਲ 10 ਦਿਨਾਂ ਰਾਮ ਲੀਲ੍ਹਾ ਦਾ ਮੰਚਨ ਵੱਡੇ ਪੱਧਰ 'ਤੇ ਕੀਤਾ ਗਿਆ। ਇਸ ਸਮਾਗਮ ਵਿੱਚ ਪ੍ਰਾਚੀਨ ਸ਼ਿਵ ਮੰਦਿਰ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਕੁਟੀਆ ਗਰਾਊਂਡ, ਸਿੱਧੂਪੁਰ ਰੋਡ, ਲੋਹੀਆਂ ਖਾਸ ਵਿੱਚ ਸਜਾਏ ਗਏ ਦੁਸਹਿਰਾ ਸਮਾਗਮ 'ਚ ਵੱਡੀ ਗਿਣਤੀ ਵਿੱਚ ਲੋਕ ਪੁੱਜੇ। ਇਸ ਮੌਕੇ ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਮਹਾਰਾਜ, ਮਾਤਾ ਕਮਲੇਸ਼ ਰਾਣੀ , ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਆਪ ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਇੰਫੋਟੈੱਕ ਪੰਜਾਬ ਦੇ ਡਾਇਰੈਕਟਰ ਬੀਬੀ ਰਣਜੀਤ ਕੌਰ ਕਾਕੜ ਕਲਾਂ, ਬੀ ਜੇ ਪੀ ਹਲਕਾ ਇੰਚਾਰਜ ਨਰਿੰਦਰਪਾਲ ਚੰਦੀ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।



## 'ਵਰਸਟੀ ਕਾਲਜ ਲਈ ਗਰਾਂਟ ਮਨਜ਼ੂਰ ਹੋਣ 'ਤੇ ਖ਼ੁਸ਼ੀ ਦਾ ਇਜ਼ਹਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਗੁਰੂ ਗੋਬਿੰਦ ਸਿੰਘ ਯੂਨੀਵਰਸਟੀ ਕਾਲਜ ਜੰਡਿਆਲਾ ਕਾਲਜ ਦੇ ਵਿਦੇਸ਼ਾਂ ਵਿੱਚ ਜਾ ਵਸੇ ਵਿਦਿਆਰਥੀਆਂ ਨੇ 'ਰੂਸਾ'(ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ) ਵਲੋਂ ਕਾਲਜ ਦੀ ਬਿਲਡਿੰਗ ਅਤੇ ਫਰਨੀਚਰ ਲਈ ਪੈਂਹਠ ਲੱਖ ਰੁਪਏ ਦੀ ਗਰਾਂਟ ਮਨਜ਼ੂਰ ਕਰਨ 'ਤੇ ਖ਼ੁਸ਼ੀ ਦਾ ਇਜਹਾਰ ਕੀਤਾ ਹੈ। ਇਹ ਕਾਲਜ ਦੇ ਪ੍ਰਿੰਸੀਪਲ (ਇੰਚਾਰਜ) ਡਾ. ਜਗਸੀਰ ਸਿੰਘ ਬਰਾੜ ਦੀਆਂ ਕੋਸ਼ਿਸ਼ਾਂ ਦੀ ਪ੍ਰਾਪਤੀ ਹੈ। ਇਸ ਤੋਂ ਇਲਾਵਾ ਕਾਲਜ ਵਿੱਚ ਕੁੱਝ ਦਿਨ ਪਹਿਲਾਂ ਚਾਲੀ ਲੱਖ ਰੁਪਏ ਦੀ ਲਾਗਤ ਗਰਾਂਟ ਨਾਲ ਆਧੁਨਿਕ ਜਿੰਮ ਦੀ ਸਥਾਪਨਾ ਵੀ ਡਾਕਟਰ ਬਰਾੜ ਦੀਆਂ ਨਿੱਜੀ ਕੋਸ਼ਿਸ਼ਾਂ ਦੀ ਦੇਣ ਹੈ। ਕਾਲਜ ਦੇ ਵਿਦੇਸ਼ਾਂ ਵਿੱਚ ਜਾ ਵਸੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਸਾਹਿਬ ਨੂੰ ਸਰਕਾਰੀ ਗਰਾਂਟ ਮਨਜ਼ੂਰ ਹੋਣ 'ਤੇ ਦਿਲੋਂ ਵਧਾਈ ਦਿੱਤੀ ਹੈ।



ਸ੍ਰੀ ਕੁੰਦਨ ਲਾਲ ਦੁਸਹਿਰਾ ਕਮੇਟੀ ਲੋਹੀਆਂ ਖਾਸ ਵੱਲੋ ਸਾਬੂਵਾਲ ਰੋਡ ਤੇ ਸਾਬਕਾ ਗ੍ਰਹਿ ਮੰਤਰੀ ਬ੍ਰਿਜ ਭੁਪਿੰਦਰ ਸਿੰਘ ਲਾਲੀ ਅਤੇ ਅਕਾਲੀ ਦਲ ਹਲਕਾ ਇੰਚਾਰਜ ਬਚਿੱਤਰ ਸਿੰਘ ਕੋਹਾੜ, ਭਾਜਪਾ ਸੀਨੀਅਰ ਆਗੂ ਰਾਣਾ ਹਰਦੀਪ ਸਿੰਘ ਆਪਣੇ ਸਾਥੀਆਂ ਸਮੇਤ ਦੁਸਹਿਰਾ ਸਮਾਗਮ ਵਿੱਚ ਪਹੁੰਚੇ। ਇਸ ਮੌਕੇ ਮੁੱਖ ਪ੍ਰਬੰਧਕ ਕੁਲਵੰਤ ਰਾਏ ਸ਼ਰਮਾ, ਸਰਪ੍ਰਸਤ ਪਵਨ ਖੈੜਾ, ਪ੍ਰਧਾਨ ਐਕਸਪਲ, ਵਿਸ਼ਾਲ ਸ਼ਰਮਾ, ਸੁਭਾਸ਼ ਸੱਦੀ ਸਮੇਤ ਹੋਰ ਪ੍ਰਬੰਧਕ।
(ਫ਼ੋਟੋ ਅਤੇ ਵੇਰਵਾ : ਰੀਨਾ ਸ਼ਰਮਾ, ਯੋਗੇਸ਼ਵਰ)

**ਜਨਮ ਦਿਨ ਮੁਬਾਰਕ**



ਜਪਨੀਤ ਕੌਰ
ਨੱਥੂ ਖੈਹਿਰਾ

6 Oct Page 9.qxd 10/5/2025 9:43 PM Page 1



# ਸੰਯੁਕਤ ਕਿਸਾਨ ਮੋਰਚੇ ਵੱਲੋਂ ਹੜ੍ਹ ਪੀੜਤਾਂ ਦੇ ਨੁਕਸਾਨ ਦੀ ਭਰਪਾਈ ਦੀ ਮੰਗ ਨੂੰ ਲੈ ਕੇ ਪੰਜਾਬ 'ਚ ਪ੍ਰਦਰਸ਼ਨ 8 ਨੂੰ

**ਜਲੰਧਰ** : ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸਭਾ ਦੇ ਸੂਬਾਈ ਦਫਤਰ ਸ਼ਹੀਦ ਸਰਵਣ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ ਵਿਖੇ ਡਾਕਟਰ ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ



ਹੇਠ ਹੋਈ । ਮੀਟਿੰਗ ਵਿੱਚ ਪਿਛਲੇ ਦਿਨੀ ਆਏ ਹੜ੍ਹਾਂ ਅਤੇ ਹੋਰ ਮੁੱਦਿਆਂ ਉੱਪਰ ਗੰਭੀਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਪਿਛਲੇ ਸਮੇਂ 'ਚ ਵਿਛੜੇ 59 ਹੜ੍ਹ ਪੀੜਤਾਂ, ਪ੍ਰਕਾਸ਼ ਸਿੰਘ ਕਾਲਵਾ ਅਤੇ ਮਲਕੀਤ ਸਿੰਘ ਰਾਗੜਾ ਦੇ ਬੇਵਕਤੀ ਵਿਛੋੜੇ ਉੱਪਰ ਸ਼ੋਕ ਮਤਾ ਪੇਸ਼ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਭਾ ਦੇ ਸੂਬਾਈ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਆਖਿਆ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਵਿੱਚ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਦੀ ਕੋਈ ਵੀ ਮਦਦ ਨਹੀਂ ਨਹੀਂ ਕੀਤੀ ਗਈ। ਉਹਨਾਂ ਆਖਿਆ ਕਿ ਕਿਸਾਨਾਂ, ਮਜ਼ਦੂਰਾਂ ਅਤੇ ਹੜ੍ਹ ਪੀੜਤਾਂ ਲੋਕਾ ਦੇ ਹੋਏ ਨੁਕਸਾਨ ਦੀ ਭਰਪਾਈ ਦੀ ਮੰਗ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਠ ਅਕਤੂਬਰ ਨੂੰ ਸਾਰੇ ਪੰਜਾਬ ਦੇ ਜ਼ਿਲ੍ਹਾ ਕੇਂਦਰਾਂ ਉੱਪਰ ਧਰਨੇ ਮਾਰੇ ਜਾਣਗੇ ਤੇ ਪ੍ਰਦਰਸ਼ਨ ਕੀਤੇ ਜਾਣਗੇ। ਉਹਨਾਂ ਇਹ ਵੀ ਆਖਿਆ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਝੋਨੇ ਦੀ ਨਮੀ 22% ਤੱਕ ਕੀਤੀ ਜਾਵੇ ਅਤੇ ਜੋ ਮੰਡੀਆਂ ਦੇ ਵਿੱਚ ਝੋਨੇ ਦੀ ਤੁਲਾਈ ਕੰਪਿਊਟਰ ਕੰਡੇ ਨਾਲ ਕੀਤਾ ਜਾਵੇ । ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਆਖਿਆ ਕਿ ਸਰਕਾਰ ਵੱਲੋਂ ਆਪਣੀਆਂ ਨਕਾਮੀਆਂ ਛਪਾਉਣ ਲਈ ਕੇਵਲ ਅਖਬਾਰਾਂ ਵਿੱਚ ਬਿਆਨਬਾਜੀ ਕੀਤੀ ਜਾ ਰਹੀ ਹੈ। ਉਨਾਂ ਆਖਿਆ ਕਿ ਹੜ੍ਹ ਪੀੜਤ ਇਲਾਕਿਆਂ ਵਿੱਚ 27 ਅਕਤੂਬਰ ਨੂੰ ਗੁਰਦਾਸਪੁਰ 28 ਅਕਤੂਬਰ ਅਜਨਾਲਾ ਅਤੇ 29 ਅਕਤੂਬਰ ਖੰਡੂਰ ਸਾਹਿਬ ਵਿਖੇ ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਮਾਰਚ ਕਰਕੇ ਸਰਕਾਰ ਉੱਪਰ ਦਬਾਅ ਬਣਾਇਆ ਜਾਵੇਗਾ ।ਸਭਾ ਦੇ ਸੂਬਾ ਪ੍ਰੈੱਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਆਖਿਆ ਕਿ ਹੜ੍ਹਾ ਕਾਰਨ ਲੱਖਾ ਏਕੜ ਫਸਲ ਤਬਾਹ ਹੋਈ ਹੈ। ਪਸ਼ੂ ਧੰਨ ਦਾ ਬਹੁਤ ਨੁਕਸਾਨ ਹੋਇਆ ਹੈ ਪਰ ਸਰਕਾਰ ਨੇ ਕੋਈ ਮੱਦਦ ਨਹੀਂ ਕੀਤੀ।

# ਟਰਾਂਸਪੋਰਟ ਵਿਭਾਗ ਨੇ ਦੋ ਸਾਲਾਂ 'ਚ 27,500 ਡਰਾਈਵਰਾਂ ਨੂੰ ਦਿੱਤੀ ਸਿਖਲਾਈ : ਲਾਲਜੀਤ ਸਿੰਘ ਭੁੱਲਰ




**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੀ ਮਹੱਤਵਪੂਰਨ ਪਹਿਲਕਦਮੀ, ਖੇਤਰੀ ਡਰਾਈਵਿੰਗ ਸਿਖਲਾਈ ਕੇਂਦਰ (ਆਰ.ਡੀ.ਟੀ.ਸੀ.) ਮਲੇਰਕੋਟਲਾ ਪੰਜਾਬ ਦੇ ਡਰਾਈਵਿੰਗ ਦ੍ਰਿਸ਼ ਨੂੰ ਬਦਲ ਰਿਹਾ ਹੈ ਅਤੇ ਸੁਰੱਖਿਆ ਪ੍ਰਤੀ ਜਾਗਰੂਕ ਹੁਨਰਮੰਦ ਡਰਾਈਵਰਾਂ ਦੀ ਇੱਕ ਨਵੀਂ ਪੀੜ੍ਹੀ ਨੂੰ ਉਤਸ਼ਾਹਿਤ ਕਰ ਰਿਹਾ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਲੇਰਕੋਟਲਾ ਦਾ ਖੇਤਰੀ ਡਰਾਈਵਿੰਗ ਸਿਖਲਾਈ ਕੇਂਦਰ, ਨੌਜਵਾਨਾਂ ਦੀ ਰੋਜ਼ਗਾਰ ਯੋਗਤਾ ਵਧਾਉਣ, ਬਣਾਉਣ ਅਤੇ ਸੜਕਾਂ ਨੂੰ ਸਾਰਿਆਂ ਲਈ ਸੁਰੱਖਿਅਤ ਬਣਾਉਣ ਲਈ ਇੱਕ ਬਹੁਤ ਵਿਲੱਖਣ ਉਪਰਾਲਾ ਹੈ। ਉਨ੍ਹਾਂ ਦੱਸਿਆ ਕਿ ਇਹ ਕੇਂਦਰ ਪਿਛਲੇ ਦੋ ਸਾਲਾਂ ਦੌਰਾਨ 27,500 ਡਰਾਈਵਰਾਂ ਨੂੰ ਸਫਲਤਾਪੂਰਵਕ ਸਿਖਲਾਈ ਦੇ ਚੁੱਕਾ ਹੈ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਮਲੇਰਕੋਟਲਾ ਦਾ ਡਰਾਈਵਿੰਗ ਸਿਖਲਾਈ ਕੇਂਦਰ ਸੂਬਾ ਸਰਕਾਰ ਦੇ ਟਰਾਂਸਪੋਰਟ ਵਿਭਾਗ ਅਤੇ ਅਸ਼ੋਕ ਲੇਲੈਂਡ ਲਿਮਟਿਡ ਵਿਚਕਾਰ ਇੱਕ ਸਹਿਯੋਗੀ ਯਤਨ ਵਜੋਂ ਜੂਨ 2023 ਤੋਂ ਲਗਾਤਾਰ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਕੇਂਦਰ ਵਿਖੇ ਪੇਂਡੂ ਅਤੇ ਸ਼ਹਿਰੀ ਨੌਜਵਾਨਾਂ ਨੇ ਡਰਾਈਵਿੰਗ ਦੀ ਸਿਖਲਾਈ ਲੈ ਕੇ ਯੋਗ ਵਪਾਰਕ ਵਾਹਨ ਡਰਾਈਵਰਾਂ ਦੀ ਘਾਟ ਨੂੰ ਪੂਰਾ ਕੀਤਾ ਹੈ ਅਤੇ ਭਵਿੱਖ ਵਿੱਚ ਵੀ ਯੋਗ ਡਰਾਈਵਰ ਤਿਆਰ ਕਰਨ ਵਿੱਚ ਇਹ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਰਹੇਗਾ।

# ਜਗਦੀਸ਼ ਰਾਣਾ ਦੀਆਂ ਦੋ ਪੁਸਤਕਾਂ 'ਸ਼ਾਇਰਾਂ ਦੀ ਦੁਨੀਆਂ' ਲੋਕ ਅਰਪਣ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ.ਵਲੋਂ ਡਾ.ਅੰਬੇਡਕਰ ਭਵਨ ਅਰਬਨ ਅਸਟੇਟ ਫ਼ਗਵਾੜਾ ਵਿਖੇ ਇਕ ਵਿਸ਼ਾਲ ਸਾਹਿਤਕ ਇਕੱਠ ਵਿੱਚ ਉੱਘੇ ਲੋਕ ਸ਼ਾਇਰ ਜਗਦੀਸ਼ ਰਾਣਾ ਦੀਆਂ ਦੋ ਪੁਸਤਕਾਂ ਸ਼ਾਇਰਾਂ ਦੀ ਦੁਨੀਆਂ 1 ਅਤੇ ਸ਼ਾਇਰਾਂ ਦੀ ਦੁਨੀਆਂ 2 ਲੋਕ ਅਰਪਣ ਕੀਤੀਆਂ ਗਈਆਂ । ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨ ਸਕੱਤਰ ਪ੍ਰੋ ਵਰਿਆਮ ਸਿੰਘ ਸੰਧੂ , ਉਸਤਾਦ ਸ਼ਾਇਰ ਬਲਬੀਰ ਸਿੰਘ ਸੈਣੀ,ਸਾਹਿਤ ਅਕਾਦਮੀ ਲੁਧਿਆਣਾ ਦੇ ਮੀਤ ਪ੍ਰਧਾਨ ਡਾ.ਗੁਰਚਰਨ ਕੌਰ ਕੋਚਰ,ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆਂ,ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਅਤੇ ਜਗਦੀਸ਼ ਰਾਣਾ ਵਿਰਾਜਮਾਨ ਰਹੇ।ਮੰਚ ਸੰਚਾਲਨ ਕਰ ਰਹੇ ਨਾਮਵਰ ਸ਼ਾਇਰ ਗੁਰਦੀਪ ਸਿੰਘ ਸੈਣੀ ਨੇ ਲੋਕ ਸ਼ਾਇਰ ਜਗਦੀਸ਼ ਰਾਣਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਰਾਣਾ ਨੇ ਆਪਣੇ ਸਿਰੜ,ਲਗਨ ਤੇ ਦ੍ਰਿੜ ਇਰਾਦੇ ਨਾਲ ਇਹ



ਔਖਾ ਤੇ ਖੋਜੀ ਕਾਰਜ ਕਰ ਵਿਖਾਇਆ ਹੈ।ਪ੍ਰੋ. ਸੰਧੂ , ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਅਤੇ ਸੁਰਿੰਦਰਪ੍ਰੀਤ ਘਣੀਆਂ ਅਤੇ ਡਾ.ਕੰਵਲ ਭੱਲਾ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿਹੜਾ ਕਾਰਜ ਭਾਸ਼ਾ ਵਿਭਾਗ ਪੰਜਾਬ ਤੇ ਹੋਰ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਨੂੰ ਕਰਨਾ ਚਾਹੀਦਾ ਸੀ ਉਹ ਇਤਿਹਾਸਿਕ ਕਾਰਜ ਜਗਦੀਸ਼ ਰਾਣਾ ਨੇ ਕਰਕੇ ਪੰਜਾਬੀ ਸਾਹਿਤ ਵਿਚ ਇਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ । ਡਾ.ਗੁਰਚਰਨ ਕੌਰ ਕੋਚਰ,ਬਲਬੀਰ ਸਿੰਘ ਸੈਣੀ ਅਤੇ ਚਰਨਜੀਤ ਸਮਾਲਸਰ ਨੇ ਕਿਹਾ ਕਿ ਦੋਵਾਂ ਪੁਸਤਕਾਂ ਵਿਚ ਲਗਭਗ ਸੌ ਸ਼ਾਇਰਾਂ ਦੀ ਸ਼ਾਇਰੀ ਜੀਵਨੀ ਅਤੇ ਸੰਘਰਸ਼ ਬਾਰੇ ਲਿਖ ਕੇ ਜਗਦੀਸ਼ ਰਾਣਾ ਨੇ ਨਿਵੇਕਲਾ ਤੇ ਵੱਡਾ ਕਾਰਜ ਕੀਤਾ ਹੈ । ਜਗਦੀਸ਼ ਰਾਣਾ ਨੇ ਸ਼ਾਇਰਾਂ ਦੀ ਦੁਨੀਆਂ ਪੁਸਤਕਾਂ ਲਿਖਦੇ ਸਮੇਂ ਹੋਏ ਅਨੁਭਵ ਸਾਂਝੇ ਕਰਦਿਆਂ ਆਖਿਆ ਕਿ ਉਹ ਅੱਗੋਂ ਵੀ ਹੋਰ ਉਮਦਾ ਸ਼ਾਇਰਾਂ ਬਾਰੇ ਲਿਖਦਾ ਰਹੇਗਾ ਤੇ ਆਉਣ ਵਾਲੇ ਸਮੇਂ ਵਿੱਚ ਸ਼ਾਇਰਾਂ ਦੀ ਦੁਨੀਆਂ 3 ਪੁਸਤਕ ਵੀ ਆਏਗੀ ਤੇ ਇਹ ਸਫ਼ਰ ਨਿਰੰਤਰ ਜਾਰੀ ਰਹੇਗਾ।ਇਸ ਮੌਕੇ ਮੰਚ ਵਲੋਂ ਇਸ ਵਿਲੱਖਣ ਕਾਰਜ ਲਈ ਜਗਦੀਸ਼ ਰਾਣਾ ਦਾ ਸਨਮਾਨ ਕੀਤਾ ਗਿਆ।ਮੰਚ ਵਲੋਂ ਪ੍ਰਕਾਸ਼ਕ ਅਤੇ ਲੇਖਕ ਕੁਲਦੀਪ ਸਿੰਘ ਦੀਪ ਨੂੰ ਹੌਸਲਾ ਵਧਾਊ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸ਼ਾਨਦਾਰ ਕਵੀ ਦਰਬਾਰ ਵੀ ਹੋਇਆ ।

# ਸੈਣੀ ਚੰਡੀਗੜ੍ਹ ਤੋਂ ਦਿੱਲੀ ਰਵਾਨਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸ਼ਤਾਬਦੀ ਟ੍ਰੇਨ ਤੋਂ ਚੰਡੀਗੜ੍ਹ ਤੋਂ ਦਿੱਲੀ ਰਵਾਨਾ ਹੋਏ। ਇਸ ਦੌਰਾਨ ਉਨ੍ਹਾਂ ਨੇ ਮੀਡੀਆ ਨਾਲ ਗਲਬਾਤ ਕੀਤੀ ਅਤੇ ਆਪਣੇ ਜਾਪਾਨ ਦੌਰੇ ਅਤੇ ਸਰਕਾਰ ਦੀ ਉਪਲਬਧੀਆਂ 'ਤੇ ਚਰਚਾ ਕੀਤੀ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਦੱਸਿਆ ਕਿ ਆਗਾਮੀ 17 ਅਕਤੂਬਰ ਨੂੰ ਸੂਬੇ ਦੀ ਮੌਜੂਦਾ ਸਰਕਾਰ ਦਾ ਇੱਕ ਸਾਲ ਦਾ ਕਾਰਜਕਾਲ ਪੂਰਾ ਹੋ ਰਿਹਾ ਹੈ, ਇਸ ਸਮਾਰੋਹ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਪਹੁੰਚਣਗੇ ਅਤੇ ਅਨੇਕ ਵਿਕਾਸ ਪਰਿਯੋਜਨਾਵਾਂ ਦੀ ਸੌਗਾਤ ਦੇਣਗੇ। ਇਹ ਸਮਾਰੋਹ ਸੋਨੀਪਤ ਵਿੱਚ ਆਯੋਜਿਤ ਹੋਵੇਗਾ। ਮੁੱਖ ਮੰਤਰੀ ਨੇ ਆਪਣੇ ਜਾਪਾਨ ਦੌਰੇ ਦੇ ਬਾਰੇ ਵਿੱਚ ਦਸਿਆ ਕਿ ਉਹ 6 ਤੋਂ 8 ਅਕਤੂਬਰ ਤੱਕ ਤਿੰਨ ਦਿਨਾਂ ਦੇ ਜਾਪਾਨ ਦੌਰੇ 'ਤੇ ਰਹਿਣਗੇ। ਜਾਪਾਨ ਵਿੱਚ ਹਰਿਆਣਾ ਦੇ ਪੈਵੇਲਿਅਨ ਲਗਾਇਆ ਗਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਸ਼ਿਰਕਤ ਕਰਨੀ ਹੈ। ਇਸ ਦੇ ਨਾਲ ਹੀ ਉਹ ਕਈ ਨਿਵੇਸ਼ਕਾਂ ਨਾਲ ਮੁਲਾਕਾਤ ਕਰਣਗੇ ਅਤੇ ਜਪਾਨ ਵਿੱਚ ਵਸੇ ਹਰਿਆਣਾ ਦੇ ਲੋਕਾਂ ਨਾਲ ਵੀ ਸੰਵਾਦ ਕਰਣਗੇ।

# ਐੱਲ ਪੀ ਯੂ ਇਨੋਵੇਸ਼ਨ ਸਮਿਟ 2025 ਦੀ ਮੇਜ਼ਬਾਨੀ ਕਰਨ ਲਈ ਤਿਆਰ

**ਜਲੰਧਰ ( ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ), ਏ ਆਈ ਐਮ ਏ ਯੰਗ ਲੀਡਰਜ਼ ਕੌਂਸਲ (ਵਾਈ ਐਲ ਸੀ) ਪੰਜਾਬ ਚੈਪਟਰ ਦੇ ਸਹਿਯੋਗ ਨਾਲ, ਇਨੋਵੇਸ਼ਨ ਸਮਿਟ 2025 ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ। ਇਹ ਇੱਕ ਪਲੇਟਫਾਰਮ ਹੈ ਜੋ ਇਨੋਵੇਟਰਾਂ, ਕਾਰੋਬਾਰੀ ਨੇਤਾਵਾਂ, ਨੀਤੀ ਨਿਰਮਾਤਾਵਾਂ, ਉਦਯੋਗ ਦੇ ਨੇਤਾਵਾਂ, ਸਿੱਖਿਆ ਸ਼ਾਸਤਰੀਆਂ ਅਤੇ ਵਿਦਿਆਰਥੀਆਂ ਨੂੰ ਇੱਕ ਛੱਤ ਹੇਠ ਇਕੱਠੇ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਸਮਿਟ ਰਚਨਾਤਮਿਕਤਾ, ਅਰਥਪੂਰਨ ਭਾਈਵਾਲੀ ਨੂੰ ਉਤਸ਼ਾਹਿਤ ਕਰੇਗਾ ਅਤੇ ਭਾਰਤ ਦੇ ਵਧ ਰਹੇ ਇਨੋਵੇਸ਼ਨ ਅਤੇ ਸਟਾਰਟਅੱਪ ਈਕੋਸਿਸਟਮ ਨੂੰ ਮਜ਼ਬੂਤ ਕਰੇਗਾ। ਇਸ ਸਮਾਗਮ ਵਿੱਚ ਤੇਲੰਗਾਨਾ ਸਟੇਟ ਇਨੋਵੇਸ਼ਨ ਕੌਂਸਲ ਅਤੇ ਦੇਸ਼ਪਾਂਡੇ ਫਾਊਂਡੇਸ਼ਨ ਸਟਾਰਟਅੱਪਸ ਦੇ ਸੀ ਈ ਓ ਮਨੀਸ਼ ਜੈਸਵਾਲ, ਪਲੱਗ ਐਂਡ ਪਲੇ ਟੈਕ ਸੈਂਟਰ, ਸਿੰਗਾਪੁਰ ਦੇ ਪ੍ਰਤੀਕ ਸ਼ਾਹ, ਭਾਰਤ ਵਿੱਚ ਚਿਲੀ ਦੇ ਵਪਾਰ ਕਮਿਸ਼ਨਰ ਜੋਰਜ ਲੋਯੋਲਾ ਕਾਸਤਰੋ, ਗੂਗਲ ਵਿਖੇ ਵੀ ਸੀ ਅਤੇ ਸਟਾਰਟਅੱਪ ਪਾਰਟਨਰਸ਼ਿਪ ਦੀ ਅਗਵਾਈ ਕਰਨ ਵਾਲੇ ਵੈਭਵ ਜੈਨ, ਆਈਥਿੰਕ ਲੌਜਿਸਟਿਕਸ ਦੀ ਸਹਿ-ਸੰਸਥਾਪਕ ਜ਼ੈਬਾ ਸਾਰੰਗ, ਕੈਂਪਸ ਫੰਡ ਦੀ ਸੰਸਥਾਪਕ ਅਤੇ ਸੀ ਈ ਓ ਰਿਚਾ ਬਾਜਪਾਈ, ਅਤੇ ਯੂ ਏ ਈ ਵਿੱਚ ਟਰੱਸਟ ਵਿਦ ਟ੍ਰੇਡ ਗਰੁੱਪ ਦੀ ਸੀ ਈ ਓ ਡਾ. ਅਰਸ਼ੀ ਅਯੂਬ ਮੁਹੰਮਦ ਜਾਵੇਰੀ ਸਮੇਤ ਗਲੋਬਲ ਇਨੋਵੇਸ਼ਨ ਲੈਂਡਸਕੇਪ ਨੂੰ ਆਕਾਰ ਦੇਣ ਵਾਲੀਆਂ ਅੰਤਰਰਾਸ਼ਟਰੀ ਸ਼ਖਸੀਅਤਾਂ ਅਤੇ ਉਦਯੋਗ ਦੇ ਨੇਤਾ ਸ਼ਾਮਲ ਹੋਣਗੇ।ਇਸ ਸਮਾਗਮ ਦੇ ਮੁੱਖ ਮਹਿਮਾਨ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ




ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ ਕਿ ਐਲ ਪੀ ਯੂ ਵਿਖੇ ਇਨੋਵੇਸ਼ਨ ਸਮਿਟ 2025 ਇੱਕ ਅਜਿਹਾ ਫੈਸਲਾ ਹੈ ਜੋ ਭਾਰਤ ਦੇ ਨੌਜਵਾਨਾਂ ਦੀ ਅਥਾਹ ਸਮਰੱਥਾ ਨੂੰ ਭਵਿੱਖ ਦੇ ਉੱਦਮਾਂ ਦੇ ਨਿਰਮਾਣ ਲਈ ਲੋੜੀਂਦੀ ਵਿਸ਼ਵਵਿਆਪੀ ਪੂੰਜੀ ਅਤੇ ਮੁਹਾਰਤ ਨਾਲ ਜੋੜੇਗਾ ।

# ਦੁਸਹਿਰੇ ਦਾ ਤਿਓਹਾਰ ਬੜੇ ਉਤਸ਼ਾਹ ਨਾਲ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਦੁਸਹਿਰਾ ਕਮੇਟੀ ਆਦਮਪੁਰ ਵਲੋਂ ਪ੍ਰਧਾਨ ਦਵਿੰਦਰ ਬਾਂਸਲ ਅਤੇ ਚੇਅਰਮੈਨ ਆਕਾਸ਼ਦੀਪ ਬਾਂਸਲ (ਆਸ਼ੂ) ਦੀ ਦੇਖ ਰੇਖ ਵਿੱਚ ਦੁਸਹਿਰੇ ਦਾ ਤਿਓਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸੁੰਦਰ ਝਾਕੀਆਂ ਸਜਾਈਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਵਜੋਂ ਆਪ ਦੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਵੀ ਭਗਵਾਨ ਸ੍ਰੀ ਰਾਮ ਦਾ ਅਸ਼ੀਰਵਾਦ ਲੈਣ ਪਹੁੰਚੇ। ਦੁਸਹਿਰੇ ਦੇ ਤਿਓਹਾਰ ਨੂੰ ਮਨਾਉਂਦਿਆਂ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨੀ ਦਿਖਾਈ ਗਈ। ਇਸ ਮੌਕੇ ਐੱਸ.ਡੀ.ਐਮ ਵਿਵੇਕ ਕੁਮਾਰ ਮੋਦੀ, ਡੀ.ਐੱਸ.ਪੀ ਕੁਲਵੰਤ ਸਿੰਘ, ਪਵਨ ਆਵਲ, ਸਤਪਾਲ ਬਜਾਜ, ਰਾਜਕੁਮਾਰ ਪਾਲ, ਵਿਸ਼ਾਲ ਵਰਮਾ, ਚਰਨਜੀਤ ਸ਼ੇਰੀ, ਸੰਜੀਵ ਗਾਂਧੀ ਜੋਗੀ, ਗੁਲਸ਼ਨ ਦਿਲਬਾਗੀ, ਹਰਪ੍ਰੀਤ ਸੰਧੂ, ਰਾਜੀਵ ਪੰਜਾ, ਮਾਨਵ ਗਾਂਧੀ, ਦੀਪਾ ਆਦਮਪੁਰੀਆ, ਪ੍ਰਦੀਪ ਸਿੰਘ, ਦਲਜੀਤ ਸਿੰਘ ਮਿਨਹਾਸ, ਅਮਰੀਕ ਸਿੰਘ, ਸਵੀਟੀ, ਚੇਅਰਮੈਨ ਪਰਮਜੀਤ ਸਿੰਘ ਰਾਜਵੰਸ਼, ਜੋਗਿੰਦਰ ਪਾਲ, ਸੁਦਾਮਾ ਭਗਤ, ਮੋਹਿਤ ਗੋਤਮ, ਬਿਕਰਮ ਟੰਡਨ, ਗਗਨ ਬਾਂਸਲ, ਪਰਮਜੀਤ ਸਿੰਘ ਰਾਏਪੁਰ, ਸੰਜੀਵ ਨਈਅਰ, ਮਾਨਵ ਕੋਚਰ, ਫਤਿਹਜੀਤ ਸਿੰਘ ਲਾਡੀ, ਅਨੂਪ ਵਰਮਾ ਕਰਨ ਸੰਧੂ, ਪਰਮਜੀਤ ਸਿੰਘ, ਕਰਮਵੀਰ ਕੇਹੜ, ਸੋਨੂ ਭਾਟੀਆ, ਧਰਮਪਾਲ ਲੇਸਰੀਵਾਲ, ਵਿਜੇ ਯਾਦਵ, ਥਾਣਾ ਮੁਖੀ ਰਵਿੰਦਰ ਪਾਲ, ਪਰਦੀਪ ਸਿੰਘ, ਜੋਗਿੰਦਰ, ਦਵਿੰਦਰ ਸਿੰਘ ਸੁਰੀ, ਇੰਦਰਜੀਤ ਸਿੰਘ, ਰਮੇਸ਼ ਗੁਪਤਾ, ਮਨਜੀਤ ਸਿੰਘ, ਮੰਗਾ ਰਾਮ, ਸੰਤੋਖ ਸਿੰਘ, ਬਬਲੂ ਅਤੇ ਹੋਰ ਰਾਮ ਭਗਤ ਹਾਜ਼ਰ ਸਨ ।



# ਜੈਤੋਵਾਲੀ ਵਿੱਚ ਹਰਿ ਦੇ ਨਿਸ਼ਾਨ ਝੁਲਾਏ

**ਆਦਮਪੁਰ (ਪਰਮਜੀਤ ਸਿੰਘ)**- ਕੁਟੀਆ ਸੰਤ ਬਾਬਾ ਫੂਲ ਨਾਥ , ਸੰਤ ਬਾਬਾ ਬ੍ਰਹਮ ਨਾਥ , ਸੰਤ ਬਾਬਾ ਰਿਖੀ ਰਾਮ , ਪਿੰਡ ਜੈਤੇਵਾਲੀ ਵਿੱਚ ਹਰਿ ਦੇ ਨਿਸ਼ਾਨ ਝੂਲਾਏ ਗਏ ਤੇ ਨਵੇਂ ਬਣੇ ਭਵਨ ਦਾ ਉਦਘਾਟਨ ਕੀਤਾ ਗਿਆ ਜਿੱਥੇ ਕਿ ਤਿੰਨੋਂ ਸੰਤਾਂ ਦੀਆਂ ਮੂਰਤੀਆਂ ਦਾ ਸਿਲਾ ਨਿਆਸ ਕੀਤਾ ਗਿਆ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ । ਅੰਮ੍ਰਿਤ ਬਾਣੀ ਦੇ ਭੋਗ ਪਾਏ ਗਏ । ਜਿਥੇ ਰਾਗੀ ਜਥਿਆਂ ਨੇ ਹਰਿ ਜਸ ਗਾਇਨ ਕਰਕੇ ਆਪਣੀਆਂ ਹਾਜ਼ਰੀਆਂ ਲਗਵਾਈਆਂ ਉੱਥੇ ਹੀ ਉੱਘੇ ਕਲਾਕਾਰਾਂ ਨੇ ਆਪੋ ਆਪਣੀ ਹਾਜ਼ਰੀ ਭਰੀ। ਵਿਸ਼ਵ ਪ੍ਰਸਿੱਧ ਗਾਇਕਾ ਪ੍ਰੇਮ ਲਤਾ ਨੇ ਆਪਣੀ ਮੌਠੀ ਆਵਾਜ਼ ਅਤੇ ਸ਼ਬਦਾਂ ਦੇ ਸੁਮੇਲ ਨਾਲ ਸੰਗਤਾਂ ਦਾ ਮਨ ਮੋਹ ਲਿਆ। ਇਸ ਮੌਕੇ ਸੰਤ ਬਾਬਾ ਕ੍ਰਿਸ਼ਨ ਨਾਥ ਚਹੇੜੂ ਵਾਲਿਆਂ ਨੇ ਸੰਤਾਂ ਮਹਾ ਪੁਰਸ਼ਾਂ ਨੂੰ ਜੀ ਆਇਆਂ ਕਿਹਾ। ਸਰਪੰਚ ਸਿਮਿਤਰੀ ਦੇਵੀ, ਸਾਬਕਾ ਸਰਪੰਚ ਤਰਸੇਮ ਲਾਲ ਪਵਾਰ, ਸ਼੍ਰੀਮਤੀ ਸੀਮਾ ਕੁਮਾਰੀ ਪੰਚ, ਊਸ਼ਾ ਰਾਣੀ ਪੰਚ ਦਰਸ਼ਨ ਕੌਰ ਪੰਚ, ਅਮਨਦੀਪ ਕੌਰ ਪੰਚ , ਵਿਨੋਦ ਕੁਮਾਰ ਪੰਚ,ਰੇਸ਼ਮ ਲਾਲ ਪੰਚ, ਅਮਿਤ ਪਵਾਰ ਪੰਚ, ਸੁਖਵਿੰਦਰ ਲਾਲ ਪੰਚ, ਜਸਵਿੰਦਰ ਪੰਚ ਹਾਜ਼ਰ ਰਹੇ ਅਤੇ ਸੰਤ ਕ੍ਰਿਸ਼ਨਾਥ ਜੀ ਚਹੇੜੂ ਵਾਲਿਆਂ ਨੇ ਸਰੋਪਿਓ ਦੇ ਕੇ ਸਨਮਾਨਿਤ ਕੀਤਾ। ਸ੍ਰੀ ਬਲਵਿੰਦਰ ਕੁਮਾਰ ਪ੍ਰਧਾਨ ਗੁਰੂ ਘਰ, ਸੁਰਿੰਦਰ ਸਿੰਘ ਪ੍ਰਧਾਨ ਪਵਾਰ ਜਠੇਰੇ, ਰਜੇਸ਼ ਕੁਮਾਰ ਪ੍ਰਧਾਨ ਚੰਦੜ ਜਠੇਰੇ ਨੇ ਵੀ ਆਪਣੀਆਂ ਹਾਜ਼ਰੀਆਂ ਭਰੀਆਂ ।



# ਵਿਦਿਆਰਥੀਆਂ ਨੂੰ ਖ਼ੂਨਦਾਨ ਦੀ ਮਹੱਤਤਾ ਤੋਂ ਜਾਣੂ ਕਰਵਾਇਆ

**ਸੁਲਤਾਨਪੁਰ ਲੋਧੀ (ਹਨੀ)** ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਦੀ ਅਗਵਾਈ ਵਿਚ ਰੈਡ ਰਿਬਨ ਕਲੱਬ ਦੇ ਮੁਖੀ ਡਾਕਟਰ ਮਨੀ ਛਾਬੜਾ ਅਤੇ ਐਨ ਐਸ ਐਸ ਦੇ ਮੁਖੀ ਪ੍ਰੋਫ਼ੈਸਰ ਰਿਸ਼ੂ ਬਾਲਾ ਵੱਲੋਂ ਕੌਮੀ ਸਵੈ ਇੱਛੁਕ ਖੂਨ ਦਾਨ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਖ਼ੂਨਦਾਨ ਦੀ ਮਹੱਤਤਾ ਤੋਂ ਜਾਗਰੂਕ ਕਰਾਉਣ ਲਈ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ । ਜਿਸ ਵਿੱਚ ਪ੍ਰੀਆ ਰਾਣੀ ਬੀ ਏ ਭਾਗ ਦੂਜਾ ਨੇ ਪਹਿਲਾ ਸਥਾਨ, ਸ਼ਰਨਪ੍ਰੀਤ ਬੀਏ ਭਾਗ ਦੂਜਾ ਨੇ ਦੂਸਰਾ ਸਥਾਨ ਅਤੇ ਰਾਖੀ ਬੀਏ ਭਾਗ ਦੂਜਾ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਜਸਬੀਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਖੂਨਦਾਨ ਇੱਕ ਮਹਾਂਦਾਨ ਹੈ ਅਤੇ ਖੂਨ ਦਾਨ ਕਰਨ ਨਾਲ ਕਈ ਕੀਮਤੀ ਜਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਪ੍ਰੋਫੈਸਰ ਸੁਖਪਾਲ ਸਿੰਘ, ਪ੍ਰੋਫੈਸਰ ਸੰਦੀਪ ਕੌਰ, ਪ੍ਰੋਫੈਸਰ ਗੁਰਪ੍ਰੀਤ ਕੌਰ, ਪ੍ਰੋਫੈਸਰ ਅਰਸ਼ਪ੍ਰੀਤ ਕੌਰ, ਪ੍ਰੋਫੈਸਰ ਹਰਜਾਪ ਸਿੰਘ ਹਾਜ਼ਰ ਸਨ ।




# ਰਮਨ ਗੁਪਤਾ ਗੌਰਮਿੰਟ ਟੀਚਰ ਯੂਨੀਅਨ ਦੇ ਤੀਜੀ ਵਾਰ ਚੁਣੇ ਗਏ ਬਲਾਕ ਪ੍ਰਧਾਨ

**ਸ਼ਾਹਕੋਟ (ਗਿਆਨ ਸੈਦਪੁਰੀ)**- ਗੌਰਮਿੰਟ ਟੀਚਰ ਯੂਨੀਅਨ ਵਿਗਿਆਨਿਕ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਜਥੇਬੰਦਕ ਢਾਂਚੇ ਦਾ ਗਠਨ ਕੀਤਾ ਗਿਆ। ਇਸੇ ਤਹਿਤ ਜ਼ਿਲ੍ਹਾ ਜਲੰਧਰ ਦੇ ਜਥੇਬੰਦਕ ਢਾਂਚੇ ਦਾ ਗਠਨ ਕੀਤਾ ਗਿਆ ਜਿਸ ਵਿੱਚ ਜ਼ਿਲਾ ਜਲੰਧਰ ਤੋਂ ਵੱਡੀ ਗਿਣਤੀ



ਵਿੱਚ ਅਧਿਆਪਕ ਇਕੱਤਰ ਹੋਏ। ਇਸ ਮੌਕੇ ਜਥੇਬੰਦੀ ਦੇ ਜਿਲਾ ਰਿਟਰਨਿੰਗ ਅਫਸਰ ਕੰਵਲਜੀਤ ਸੰਗੋਵਾਲ ਦੀ ਅਗਵਾਈ ਵਿੱਚ ਗੌਰਮਿੰਟ ਟੀਚਰ ਯੂਨੀਅਨ ਵਿਗਿਆਨਕ ਜ਼ਿਲਾ ਜਲੰਧਰ ਦੇ ਜ਼ਿਲਾ ਪ੍ਰਧਾਨ ਅਤੇ ਬਲਾਕ ਪ੍ਰਧਾਨਾਂ ਦੀ ਚੋਣ ਲਈ ਨਾਮਜ਼ਦਗੀ ਪੱਤਰ ਭਰੇ ਗਏ ਤੇ ਸਰਬ ਸੰਮਤੀ ਨਾਲ ਨਵਪ੍ਰੀਤ ਸਿੰਘ ਬੱਲੀ ਨੂੰ ਜ਼ਿਲਾ ਪ੍ਰਧਾਨ ਚੁਣਿਆ ਗਿਆ। ਇਸੇ ਤਰਾਂ ਹੈਡ ਟੀਚਰ ਰਮਨ ਗੁਪਤਾ ਨੂੰ ਬਲਾਕ ਸ਼ਾਹਕੋਟ 2 ਦਾ ਲਗਾਤਾਰ ਤੀਸਰੀ ਵਾਰ ਬਲਾਕ ਪ੍ਰਧਾਨ ਅਤੇ ਹੈੱਡ ਟੀਚਰ ਕਮਲਜੀਤ ਸਿੰਘ ਜੱਸਲ ਨੂੰ ਬਲਾਕ ਸ਼ਾਹਕੋਟ 1 ਦਾ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਇਸ ਦੇ ਨਾਲ ਹੀ ਸਟੇਟ ਅਵਾਰਡੀ ਮੇਜਰ ਸਿੰਘ ਮੀਏਵਾਲ ਨੂੰ ਜ਼ਿਲ੍ਹਾ ਮੀਤ ਪ੍ਰਧਾਨ, ਮਾਸਟਰ ਰਕੇਸ਼ ਕੁਮਾਰ ਖਹਿਰਾ ਸਕੱਤਰ, ਮਾਸਟਰ ਹਰੀਸ਼ ਅਰੋੜਾ ਖਜਾਨਚੀ, ਹੈਡ ਟੀਚਰ ਸੁਰਜੀਤ ਸਿੰਘ ਵਿਰਦੀ ਸੀਨੀਅਰ ਮੀਤ ਪ੍ਰਧਾਨ, ਮਾਸਟਰ ਸੁੱਚਾ ਸਿੰਘ ਪ੍ਰੈਸ ਸਕੱਤਰ, ਸੁਰਿੰਦਰਜੀਤ ਸਿੰਘ ਮਲਸੀਆਂ ਮੀਤ ਪ੍ਰਧਾਨ, ਹੈਡ ਟੀਚਰ ਜਤਿੰਦਰ ਅਰੋੜਾ ਜੁਆਇੰਟ ਸਕੱਤਰ, ਦਵਿੰਦਰ ਸਿੰਘ ਪੰਧੇਰ ਨੂੰ ਮੁੱਖ ਸਲਾਹਕਾਰ ਚੁਣਿਆ ਗਿਆ ।ਇਸ ਮੌਕੇ ਬਲਾਕ ਪ੍ਰਧਾਨ ਰਮਨ ਗੁਪਤਾ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਅਧਿਆਪਕਾਂ ਦੇ ਮਸਲੇ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਲਈ ਯਤਨ ਕਰਨਗੇ। ਇਸ ਮੌਕੇ ਕਮਲਜੀਤ ਸੰਗੋਵਾਲ ਜਿਲਾ ਜਨਰਲ ਸਕੱਤਰ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵਿਜੇ ਕੁਮਾਰ ਨਰੂਲਾ, ਰਿਟਾਇਰਡ ਬੀਪੀਈਓ ਰਕੇਸ਼ ਚੰਦ, ਬੀਪੀਈਓ ਨਿਰਮਲ ਸਿੰਘ, ਬੀਪੀਈਓ ਰਮੇਸ਼ਵਰ ਚੰਦਰ , ਬੀਪੀਈਓ ਬੀ ਕੇ ਮਹਿਮੀ, ਰੈਡ ਰਿਬਨ ਕਲੱਬ ਦੇ ਸਰਪ੍ਰਸਤ ਪ੍ਰਵੀਨ ਗਰੋਵਰ, ਡਾਕਟਰ ਨਰੇਸ਼ ਸੱਗੂ, ਮੇਜਰ ਸਿੰਘ ਮੰਡ , ਸ਼ਿਵ ਨਰਾਇਣ ਗੁਪਤਾ , ਮਾਸਟਰ ਕੁਲਜੀਤ ਸਿੰਘ ਪਨੇਸਰ, ਧਰਮਵੀਰ ਅਰੋੜਾ ਨੇ ਬਲਾਕ ਪ੍ਰਧਾਨ ਰਮਨ ਗੁਪਤਾ ਨੂੰ ਵਧਾਈ ਦਿੱਤੀ ।

# ਬਿਨਾਂ ਸਿਰਪੈਰ ਦੇ ਚਾਰਜਸ਼ੀਟ ਨੂੰ ਕੈਂਸਲ ਕੀਤਾ ਜਾਵੇ ਤੇ ਪ੍ਰਮੋਸ਼ਨ ਕੀਤੀ ਜਾਵੇ : ਕੌਂਡਲ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਸੰਜੀਵ ਕੌਂਡਲ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਦੱਸਿਆ ਕਿ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਵਿੱਚ 15% ਕੋਟੇ ਦੇ ਡਿਪਲੋਮਾ ਪਾਸ ਮੁਲਾਜ਼ਮਾਂ ਨੂੰ ਮਹਿਕਮੇ ਵਲੋਂ ਬਿਨਾਂ ਸਿਰ ਪੈਰ ਦੇ ਚਾਰਜਸ਼ੀਟ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਕੌਂਡਲ ਨੇ ਦੱਸਿਆ ਕਿ ਯੂਨੀਅਨ ਵਲੋਂ ਕੁਝ ਸਮਾਂ ਪਹਿਲਾਂ ਮਹਿਕਮੇ ਦੇ ਵਿਭਾਗੀ ਮੁਖੀ ਨਾਲ ਮੀਟਿੰਗ ਕੀਤੀ ਗਈ ਸੀ ਜਿਸ ਵਿੱਚ ਜਦੋਂ ਇਨ੍ਹਾਂ ਦੋਸ਼ ਪੱਤਰਾਂ ਦੀ ਗੱਲ ਕੀਤੀ ਤਾਂ ਵਿਭਾਗੀ ਮੁਖੀ ਕੋਲ ਕੋਈ ਜਵਾਬ ਨਹੀਂ ਸੀ ਅਤੇ ਉਨ੍ਹਾਂ ਯੂਨੀਅਨ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਇਨ੍ਹਾਂ ਦੋਸ਼ ਪੱਤਰਾਂ 'ਤੇ ਦੁਬਾਰਾ ਵਿਚਾਰ ਕੀਤਾ ਜਾਵੇਗਾ ਪਰ ਹੁਣ ਫੇਰ ਦੁਬਾਰਾ ਮਹਿਕਮੇ ਵਲੋਂ ਚਾਰਜਸ਼ੀਟ ਜਾਰੀ ਕਰ ਦਿੱਤੀ ਗਈ ਹੈ ਦੋਸ਼ ਪੱਤਰ ਵਿੱਚ ਸਿਰਫ ਡਿਊਟੀ ਦੌਰਾਨ ਡਿਪਲੋਮਾ ਕਰਨ ਦਾ ਦੋਸ਼ ਲਗਾਇਆ ਗਿਆ ਹੈ ਜਦ ਕਿ ਇਨ੍ਹਾਂ ਮੁਲਾਜ਼ਮਾਂ ਦੀ ਡਿਊਟੀ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਦੀ ਹੁੰਦੀ ਹੈ ਅਤੇ ਡਿਪਲੋਮਾ ਕਰਨ ਦੀ ਕਲਾਸ ਦਾ ਟਾਈਮ ਸ਼ਾਮ 5:30 ਤੋਂ 9:00 ਵਜੇ ਦਾ ਹੁੰਦਾ ਹੈ। ਫੇਰ ਦੱਸੋ ਇਹ ਦੋਨੋ ਟਾਈਮ ਅਲੱਗ ਅਲੱਗ ਕਿਉਂ ਹਨ ਤੇ ਡਿਪਲੋਮਾ ਕਰਨ ਟਾਈਮ ਕਦੇ ਵੀ ਮਹਿਕਮੇ ਵਲੋਂ ਕੋਈ ਵੀ ਡਿਊਟੀ ਦੀ ਅਣਗਿਹਲੀ ਦਾ ਕੋਈ ਪੱਤਰ ਨਹੀਂ ਜਾਰੀ ਹੋਇਆ। ਜਦੋਂ ਵਰਕਰ ਵਲੋਂ ਡਿਪਲੋਮਾ ਕੀਤਾ ਗਿਆ ਸੀ ਕਿ ਉਸ ਵਕਤ ਪਾਣੀ ਦੀ ਸਪਲਾਈ ਮਹਿਕਮੇ ਨੇ ਕਿੱਸੇ ਹੋਰ ਵਰਕਰ ਕੋਲੋਂ ਕਾਰਵਾਈ ਸੀ, ਜੇਕਰ ਕਾਰਵਾਈ ਸੀ ਤਾਂ ਉਸ ਦੇ ਆਰਡਰ ਮਹਿਕਮੇ ਵਲੋਂ ਦਿਖਾਏ ਜਾਣ । ਕੌਂਡਲ ਨੇ ਕਿਹਾ ਕਿ ਜੇਕਰ ਇਹ ਦੋਸ਼ ਪੱਤਰ ਵਾਪਸ ਨਾ ਕੀਤੇ ਤਾਂ ਯੂਨੀਅਨ ਵਲੋਂ ਸਾਂਝਾ ਫੈਸਲਾ ਕਰਕੇ ਹੈਡ ਆਫਿਸ ਖਿਲਾਫ ਆਰ ਪਾਰ ਦੀ ਲੜਾਈ ਲੜੀ ਜਾਵੇਗੀ ।



# ਅੱਜ ਦਿੱਤੇ ਜਾ ਰਹੇ ਧਰਨੇ 'ਚ ਵਧ-ਚੜ੍ਹ ਕੇ ਪੁੱਜਿਆ ਜਾਵੇ : ਰੇਸ਼ਮ ਸਿੰਘ ਮਾਨ



**ਕਾਲਾ ਸੰਘਿਆ (ਮਨਜੀਤ ਮਾਨ)**- ਪੈਨਸ਼ਨਰਜ਼ ਐਸੋਸ਼ੀਏਸ਼ਨ ਪਾਵਰਕੌਮ ਟਰਾਂਸਕੋ ਸਿਟੀ ਡਿਵੀਜ਼ਨ ਦੀ ਮੀਟਿੰਗ ਰੇਸ਼ਮ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਮੋਠਾਂ ਵਾਲਾ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਵੱਖ ਵੱਖ ਆਗੂਆਂ ਨੇ ਸ਼ਿਰਕਤ ਕੀਤੀ ।ਆਗੂਆਂ ਨੇ ਦੱਸਿਆ ਕਿ ਨਿਗਰਾਨ ਇੰਜੀਨੀਅਰ ਹਲਕਾ ਕਪੂਰਥਲਾ ਨੂੰ ਵਾਰ ਵਾਰ ਲਿਖਤੀ ਪੱਤਰ ਦਿੱਤਾ ਗਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਸਰਕਲ ਸੁਪਰਡੈਂਟ ਰਕੇਸ਼ ਕੁਮਾਰ ਗੁਪਤਾ ਤੇ ਨਵਜੀਤ ਕੁਮਾਰ ਮੈਡੀਕਲ ਬਿੱਲਾਂ 'ਤੇ ਬੇਲੋੜੇ ਇਤਰਾਜ਼ ਲਗਾ ਕੇ ਖੱਜਲ ਖੁਆਰ ਕਰਦੇ ਆ ਰਹੇ ਹਨ ਜਿਸ ਦਾ ਹੱਲ ਜਥੇਬੰਦੀ ਨਾਲ ਗੱਲਬਾਤ ਕਰਕੇ ਕੱਢਿਆ ਜਾਵੇ ਪਰ ਕਾਰਵਾਈ ਕਰਨ ਦੀ ਬਜਾਏ ਸਰਕਲ ਸੁਪਰਡੈਂਟ ਤੇ ਨਵਜੀਤ ਕੁਮਾਰ ਕਮੇਟੀ ਮੈਂਬਰ ਬਣਾ ਦਿੱਤੇ ਗਏ ਹਨ। ਉਹਨਾਂ ਨਾਲ ਮੀਟਿੰਗ ਕਰਨ ਲਈ ਕਹਿ ਦਿੱਤਾ ਗਿਆ ਹੈ। ਪ੍ਰਧਾਨ ਰੇਸ਼ਮ ਸਿੰਘ ਮਾਨ ਨੇ ਕਿਹਾ ਕਿ 6 ਅਕਤੂਬਰ ਨੂੰ ਸਰਕਲ ਦਫਤਰ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ । ਇਸ ਰੋਸ ਧਰਨੇ ਵਿੱਚ ਸਾਰੇ ਮੈਂਬਰ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ । ਇਸ ਮੌਕੇ ਗੱਜਣ ਸਿੰਘ, ਬਲਦੇਵ ਰਾਜ, ਧੀਰ ਸਿੰਘ, ਮਹਿੰਦਰ ਪਾਲ ਸਿੰਘ, ਲਖਵਿੰਦਰ ਸਿੰਘ, ਬਲਕਾਰ ਸਿੰਘ ਸਤਨਾਮ ਸਿੰਘ ਬਖਸ਼ੀਸ਼ ਸਿੰਘ ,ਮਲਕੀਤ ਰਾਮ ,ਤਰਸੇਮ ਸਿੰਘ, ਸਰਬਜੀਤ ਕੌਰ, ਜਸਵੀਰ ਕੌਰ, ਕੈਲਾਸ਼ ਰਾਣੀ ਆਦਿ ਹਾਜ਼ਰ ਸਨ ।

# ਨਾਕੇ ਤੋਂ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਦੋ ਲੁਟੇਰੇ ਜ਼ਖਮੀ

**ਡੇਰਾਬੱਸੀ,(ਵਿਨੈ ਕੁਮਾਰ ਜੈਨ)**- ਸ਼ੁੱਕਰਵਾਰ ਸਵੇਰੇ ਗੋਲਡਨ ਪਾਮ ਸੋਸਾਇਟੀ, ਮੁਬਾਰਿਕਪੁਰ ਰੋਡ ਨੇੜੇ ਲਗਾਏ ਗਏ ਪੁਲਿਸ ਨਾਕੇ ਤੋਂ ਭੱਜਣ ਦੀ ਕੋਸ਼ਿਸ਼ ਕਰਦੇ ਸਮੇਂ ਦੋ ਲੁਟੇਰਿਆਂ ਦਾ ਮੋਟਰਸਾਈਕਲ ਤਿਲਕਣ ਕਾਰਨ, ਉਹ ਜ਼ਖਮੀ ਹੋ ਗਏ।ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਦੋਸ਼ੀਆਂ, ਜਿਨ੍ਹਾਂ ਦੀ ਪਛਾਣ ਸਮੀਰ ਖਾਨ ਪੁੱਤਰ ਰਾਸ਼ਿਦ ਖਾਨ, ਵਾਸੀ ਪਿੰਡ ਅਤੇ ਥਾਣਾ ਕੀਰਤਪੁਰ, ਜ਼ਿਲ੍ਹਾ ਬਿਜਨੌਰ (ਯੂ.ਪੀ.) ਅਤੇ ਸਬਰੇਜ ਪੁੱਤਰ ਰਾਸ਼ਿਦ ਖਾਨ, ਵਾਸੀ ਪਿੰਡ ਅਤੇ ਥਾਣਾ ਕੀਰਤਪੁਰ, ਜ਼ਿਲ੍ਹਾ ਬਿਜਨੌਰ (ਯੂ.ਪੀ.) ਵਜੋਂ ਹੋਈ ਹੈ, ਨੇ ਹਾਲ ਹੀ ਵਿੱਚ 1 ਅਕਤੂਬਰ ਨੂੰ ਮੁਬਾਰਿਕਪੁਰ ਵਿਖੇ ਇੱਕ ਲੜਕੀ ਤੋਂ ਮੋਬਾਈਲ ਫੋਨ ਖੋਹਿਆ ਸੀ। ਥਾਣਾ ਡੇਰਾਬੱਸੀ ਵਿਖੇ ਇਸ ਸਬੰਧੀ ਇੱਕ ਕੇਸ ਦਰਜ ਕੀਤਾ ਗਿਆ ਸੀ।ਐਸ ਐਸ ਪੀ ਨੇ ਅੱਗੇ ਕਿਹਾ ਕਿ ਪੁਲਿਸ ਨੇ ਖੋਹਿਆ ਹੋਇਆ ਮੋਬਾਈਲ ਫੋਨ ਅਤੇ ਅਪਰਾਧ ਵਿੱਚ ਵਰਤਿਆ ਗਿਆ ਮੋਟਰਸਾਈਕਲ ਬਰਾਮਦ ਕਰ ਲਿਆ ਹੈ।



# ਹੜ੍ਹ ਪ੍ਰਭਾਵਿਤ ਪਿੰਡ ਦੇ ਬੱਚਿਆਂ ਨੂੰ ਵੰਡੀ ਗਈ ਸਿੱਖਿਆ ਸਮੱਗਰੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਿਲਾ ਹੁਸ਼ਿਆਰਪੁਰ ਦੇ ਟਾਂਡਾ ਇਲਾਕੇ ਅਧੀਨ ਪੈਂਦੇ ਪਿੰਡ ਅਬਦੁੱਲਾਪੁਰ ਜੋ ਕਿ ਹੜਾਂ ਦੇ ਦੌਰਾਨ ਬਹੁਤ ਨੁਕਸਾਨਿਆ ਗਿਆ ਸੀ, ਨਾਲ ਸਬੰਧਿਤ ਸਕੂਲ ਦੇ ਬੱਚਿਆਂ ਨੂੰ ਸਿੱਖਿਆ ਸਮੱਗਰੀ ਵੰਡੀ ਗਈ । ਹੜ੍ਹ ਦੌਰਾਨ ਪਿੰਡ ਵਾਸੀ ਅਤੇ ਬੱਚੇ ਲਗਭਗ 15 ਤੋਂ 20 ਦਿਨ ਸਰਕਾਰੀ ਹਾਈ ਸਕੂਲ ਮਿਆਣੀ ਵਿਖੇ ਬਣੇ ਰਾਹਤ ਕੇਂਦਰ ਵਿੱਚ ਰਹੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁੱਖ ਅਧਿਆਪਕਾ ਸ਼੍ਰੀਮਤੀ ਪਰਮਿੰਦਰ ਕੌਰ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ ਅਤੇ ਪ੍ਰਾਇਮਰੀ ਸਕੂਲ ਮਿਆਣੀ ਤੇ ਉਹਨਾਂ ਬੱਚਿਆਂ ਨੂੰ ਵੱਡੇ ਪੱਧਰ 'ਤੇ ਸਿੱਖਿਆ ਸਮੱਗਰੀ ਵੰਡੀ ਗਈ ਜਿਹੜੇ ਬੱਚੇ ਅਬਦੁੱਲਾਪੁਰ ਪਿੰਡ ਨਾਲ ਸਬੰਧ ਰੱਖਦੇ ਸਨ ਅਤੇ ਪੂਰੀ ਤਰ੍ਹਾਂ ਹੜਾਂ ਤੋਂ ਪ੍ਰਭਾਵਿਤ ਸਨ। ਉਹਨਾਂ ਦੱਸਿਆ ਕਿ ਇਹ ਰਾਹਤ ਸਮੱਗਰੀ ਜਿਲੇ ਦੇ ਸਮੂਹ ਅਧਿਆਪਕਾਂ ਵੱਲੋਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜਿਲਾ ਹੁਸ਼ਿਆਰਪੁਰ ਇਕਾਈ ਵੱਲੋਂ ਇਕੱਠੇ ਕੀਤੇ ਗਏ ਫੰਡ ਰਾਹੀਂ ਅਤੇ ਸਰਹਾਲਾ ਮੁੰਡੀਆਂ ਦੇ ਪ੍ਰਵਾਸੀ ਭਾਰਤੀ ਸਰਦਾਰ ਕਰਮਜੀਤ ਸਿੰਘ ਸ਼ਾਹੀ ਦੇ ਸਹਿਯੋਗ ਨਾਲ ਵੰਡੀ ਗਈ। ਬੱਚਿਆਂ ਨੂੰ ਸਿੱਖਿਆ ਸਮੱਗਰੀ ਵੰਡਣ ਲਈ ਵਿਸ਼ੇਸ਼ ਤੌਰ 'ਤੇ ਉਪ ਜਿਲਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਅਤੇ ਪ੍ਰਿੰਸੀਪਲ ਸਰਹਾਲਾ ਮੁੰਡੀਆਂ ਸ਼੍ਰੀ ਅਮਨਦੀਪ ਸ਼ਰਮਾ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲਾ ਹੁਸ਼ਿਆਰਪੁਰ ਦੇ ਸੀਨੀਅਰ ਵਾਈਸ ਪ੍ਰਧਾਨ ਲੈਕਚਰਾਰ ਅਮਰ ਸਿੰਘ ਅਤੇ ਸਕੂਲ ਦਾ ਸਮੂਹ ਸਟਾਫ ਹਾਜਰ ਹੋਇਆ।

# ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਸ਼ੋਭਾ ਯਾਤਰਾ ਅੱਜ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਭਗਵਾਨ ਵਾਲਮੀਕ ਮੰਦਰ ਕਮੇਟੀ ਹਰਸੀ ਪਿੰਡ ਵੱਲੋਂ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ 6 ਅਕਤੂਬਰ ਨੂੰ ਕੱਢੀ ਜਾ ਰਹੀ ਵਿਸ਼ਾਲ ਸ਼ੋਭਾ ਯਾਤਰਾ ਦੀਆਂ ਮੁਕੰਮਲ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਕਮੇਟੀ ਦੇ ਪ੍ਰਧਾਨ ਸੁਰਜੀਤ ਰਾਜਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ।ਮੀਟਿੰਗ ਚ ਹਾਜ਼ਰ ਚੇਅਰਮੈਨ ਸੁਰਜੀਤ ਸਿੰਘ, ਮੀਤ ਪ੍ਰਧਾਨ ਬਲਵੀਰ ਸਿੰਘ, ਗੁਰਪ੍ਰੀਤ, ਨਿਰਮਲ, ਥਾਪਰ ਸਿੰਘ, ਸੰਨੀ, ਤੀਰਥ, ਕੀਮਤੀ ਲਾਲ, ਨਵਦੀਪ, ਅਸ਼ੋਕ ਕੁਮਾਰ, ਸੁਰਿੰਦਰ ਸਿੰਘ, ਕੁਲਦੀਪ ਸਿੰਘ, ਪਰਮਜੀਤ ਸਿੰਘ, ਰਵੀਪਾਲ ਗੋਲਡੀ, ਸੰਨੀ ਸ਼ਹਿਜ਼ਾਦਾ, ਰਮਨ ਸਾਬੀ, ਸਤਨਾਮ ਸਿੰਘ, ਬਲਵੀਰ ਲਾਲ, ਜੈਕੀ ਸੇਠੀ, ਬਲਵਿੰਦਰ ਰਾਜਾ, ਰਾਜਨ ਅਤੇ ਹਰਮੇਸ਼ ਕੁਮਾਰ ਨੇ ਆਪਣੇ ਵਿਚਾਰ ਸਾਂਝੇ ਕੀਤੇ। ਹਾਜਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਰਜੀਤ ਰਾਜਾ ਨੇ ਕਿਹਾ ਕਿ 6 ਅਕਤੂਬਰ ਨੂੰ ਕੱਢੀ ਜਾ ਰਹੀ ਸ਼ੋਭਾ ਯਾਤਰਾ ਵਿੱਚ ਫੁੱਲਾਂ ਨਾਲ ਸਸ਼ੋਭਿਤ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਦੀ ਪਾਲਕੀ ਸੰਗਤ ਨੂੰ ਨਿਹਾਲ ਕਰੇਗੀ। ਉਨ੍ਹਾਂ ਕਿਹਾ ਕਿ ਇਸ ਸ਼ੋਭਾ ਯਾਤਰਾ ਵਿੱਚ ਵੱਖ-ਵੱਖ ਸਰੂਪਾਂ ਨਾਲ ਸਜਾਈਆਂ ਗਈਆਂ ਝਾਂਕੀਆਂ ਜਿੱਥੇ ਲੋਕਾਂ ਦੀ ਖਿੱਚ ਦਾ ਕਾਰਨ ਬਣਗੀਆਂ ਉਥੇ ਬੈਂਡ ਬਾਜੇ ਆਪਣੀ ਮਧੁਰ ਧੁਨਾਂ ਨਾਲ ਮੰਤਰ ਮੁਗਧ ਕਰਨਗੇ। ਉਨ੍ਹਾਂ ਕਿਹਾ ਕਿ ਇਹ ਸ਼ੋਭਾ ਯਾਤਰਾ ਭਗਵਾਨ ਵਾਲਮੀਕਿ ਮੰਦਰ ਤੋਂ ਚੱਲ ਕੇ ਪਿੰਡ ਦੇ ਵੱਖ-ਵੱਖ ਇਲਾਕਿਆਂ ਚੋਂ ਹੁੰਦੀ ਹੋਈ ਮੁੜ ਮੰਦਰ ਪਹੁੰਚ ਕੇ ਸੰਪੰਨ ਹੋਵੇਗੀ। 7 ਅਕਤੂਬਰ ਨੂੰ ਭਗਵਾਨ ਸ੍ਰੀ ਵਾਲਮੀਕਿ ਜੀ



ਮਹਾਰਾਜ ਦਾ ਪ੍ਰਗਟ ਦਿਵਸ ਮਨਾਇਆ ਜਾਵੇਗਾ ਜਿਸ ਵਿੱਚ ਸਵੇਰੇ 10 ਵਜੇ ਹਵਨ ਕੀਤਾ ਜਾਵੇਗਾ ਤੇ 12 ਵਜੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਤ 8 ਵਜੇ ਸਤਸੰਗ ਸ਼ੁਰੂ ਕੀਤਾ ਜਾਵੇਗਾ ਜਿਸ ਵਿੱਚ ਸ਼ਨੀ ਸ਼ਹਿਜ਼ਾਦਾ ਹਰਸੀ ਪਿੰਡ ਵਾਲੇ ਅਤੇ ਵੀਰ ਕਰਨਵੀਰ ਸਿੰਘ ਨੂਰਪੁਰ ਵਾਲੇ ਆਪਣੇ ਕੀਰਤਨਾਂ ਰਾਹੀਂ ਸੰਗਤ ਨੂੰ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੇ। ਉਨ੍ਹਾਂ ਕਿਹਾ ਕਿ ਦਿਨ ਰਾਤ ਗੁਰੂ ਦਾ ਅਟੁੱਟ ਲੰਗਰ ਵਰਤਾਇਆ ਜਾਵੇਗਾ।

# ਵਿਧਵਾਵਾਂ ਤੇ ਬੇਘਰੇ ਔਰਤਾਂ ਦੀ ਆਰਥਿਕ ਮਦਦ ਲਈ ਪੰਜਾਬ ਸਰਕਾਰ ਵਚਨਬੱਧ : ਕਰਮਜੀਤ ਕੌਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਧਵਾਵਾਂ ਅਤੇ ਬੇਘਰੇ ਔਰਤਾਂ ਨੂੰ ਆਰਥਿਕ ਰੂਪ ਨਾਲ ਸਮਰੱਥ ਬਣਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਵਿਤੀ ਸਾਲ 2025-26 ਲਈ ਵਿਸ਼ੇਸ਼ ਸਹਾਇਤਾ ਯੋਜਨਾ ਦਾ ਐਲਾਨ ਕੀਤਾ ਹੈ। ਕਰਮਜੀਤ ਕੌਰ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਕੁੱਲ 1170 ਕਰੋੜ ਰੁਪਏ ਦਾ ਬਜਟ ਨਿਰਧਾਰਤ ਕੀਤਾ ਗਿਆ ਹੈ। ਅਗਸਤ ਮਹੀਨੇ ਤੱਕ ਲਗਭਗ 6.66 ਲੱਖ ਔਰਤਾਂ ਨੂੰ 593.14 ਕਰੋੜ ਰੁਪਏ ਦੀ ਆਰਥਿਕ ਸਹਾਇਤਾ ਜਾਰੀ ਕੀਤੀ ਜਾ ਚੁੱਕੀ ਹੈ।



# ਡਿਪਸ ਵਿਖੇ ਦੁਸਹਿਰੇ ਦਾ ਤਿਉਹਾਰ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਦੇ ਡਿਪਸ ਵਿਦਿਆਲਿਆ ਵਿਖੇ ਦੁਸਹਿਰਾ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਤਿਉਹਾਰ ਲਈ ਪੂਰੇ ਸਕੂਲ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਹਰ ਕਲਾਸ ਰੂਮ ਵਿੱਚ ਰਾਮ ਅਤੇ ਲਕਸ਼ਮਣ ਨੂੰ ਦਰਸਾਉਂਦੀਆਂ ਝਾਕੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ। ਸੀਤਾ, ਰਾਮ ਅਤੇ ਲਕਸ਼ਮਣ ਦੇ ਬਨਵਾਸ, ਸੀਤਾ ਦਾ ਅਗਵਾ, ਰਾਮ ਅਤੇ ਰਾਵਣ ਵਿਚਕਾਰ ਲੜਾਈ, ਹਨੂਮਾਨ ਦੁਆਰਾ ਸੰਜੀਵਨੀ ਲਿਆਉਣ ਅਤੇ ਲਕਸ਼ਮਣ ਨੂੰ ਬਚਾਉਣ ਆਦਿ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਗਈਆਂ। ਇਸ ਤੋਂ ਬਾਅਦ ਸੀਤਾ ਨੂੰ ਆਜ਼ਾਦ ਕਰਨ ਤੋਂ ਬਾਅਦ ਰਾਵਣ ਦਾ ਪੁਤਲਾ ਸਾੜਿਆ ਗਿਆ।ਡਿਪਸ ਸਕੂਲ ਦੇ ਐਮ ਡੀ ਤਰਵਿੰਦਰ ਸਿੰਘ, ਸੀ ਈ ਓ ਮੋਨਿਕਾ ਮੰਡੋਤਰਾ, ਸੀ ਏ ਓ ਰਮਣੀਕ ਸਿੰਘ, ਸੀ ਏ ਓ ਜਸ਼ਨ ਸਿੰਘ, ਚੇਅਰਪਰਸਨ ਜਸਵਿੰਦਰ ਕੌਰ, ਵਾਈਸ ਚੇਅਰਪਰਸਨ ਪ੍ਰੀਤਇੰਦਰ ਕੌਰ ਅਤੇ ਸਕੂਲ ਦੀ ਪ੍ਰਿੰਸੀਪਲ ਗੁਰਵੀਨ ਕੌਰ ਨੇ ਸਾਰਿਆਂ ਨੂੰ ਦੁਸਹਿਰੇ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।



# 'ਵਰਸਿਟੀ ਕਾਲਜ ਜੰਡਿਆਲਾ ਵਿਖੇ ਮਾਡਲ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ

**ਗੁਰਾਇਆ (ਬਿੰਦਰ ਸੁਮਨ)**- ਉਪ-ਕੁਲਪਤੀ ਪ੍ਰੋਫੈਸਰ (ਡਾ) ਕਰਮਜੀਤ ਸਿੰਘ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ.ਜਗਸੀਰ ਸਿੰਘ ਬਰਾੜ ਦੀ ਯੋਗ ਅਗਵਾਈ ਹੇਠ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿੱਧੇ ਪ੍ਰਬੰਧਾਂ ਅਧੀਨ ਆਉਂਦੇ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਵਿਖੇ ਵਿਦਿਆਰਥੀਆਂ ਨੇ ਨਵੀਨ ਸਵੈ- ਰੁਜ਼ਗਾਰ ਦੇ ਥੀਮ ਤਹਿਤ ਮਾਡਲ ਅਤੇ ਪੋਸਟਰ ਬਣਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਦੀ ਸਿਰਜਨਾਤਮਿਕ ਕਲਾ ਦੀ ਸ਼ਲਾਂਘਾ ਕੀਤੀ ਅਤੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਆਪਣੇ ਭਵਿੱਖ ਨੂੰ ਬਣਾਉਣ ਲਈ ਨਵੇਂ ਤਰੀਕੇ ਅਤੇ ਉੱਦਮ ਕਰਨੇ ਚਾਹੀਦੇ ਹਨ। ਭਵਿੱਖ ਵਿੱਚ ਸਵੈ-ਰੋਜਗਾਰ ਅਤੇ ਵਪਾਰਕ ਖੇਤਰ ਵਿੱਚ ਬਹੁਤ ਵੱਡੀਆਂ ਚੁਣੌਤੀਆਂ ਮਿਲਣਗੀਆਂ। ਇਨ੍ਹਾਂ ਚੁਣੌਤੀਆਂ ਨੂੰ ਨਜਿੱਠਣ ਲਈ ਨੌਜਵਾਨਾਂ ਵਿੱਚ ਆਤਮਕ-ਵਿਸ਼ਵਾਸ ਅਤੇ ਸਵੈ- ਇੱਛਾ ਦੀ ਲੋੜ ਹੈ।



# ਨੌਜਵਾਨ ਦੀ ਗਲੀ ਸੜੀ ਲਾਸ਼ ਮਿਲੀ

**ਮਾਹਿਲਪੁਰ (ਸ.ਫ਼ਰੀ)** - ਮਾਹਿਲਪੁਰ ਦੇ ਖੇਤਾਂ ਚੋਂ ਇਕ ਨੌਜਵਾਨ ਦੀ ਗਲੀ ਸੜੀ ਲਾਸ਼ ਮਿਲਣ ਦਾ ਸਮਾਚਾਰ ਪ੍ਰਪਾਤ ਹੋਇਆ ਹੈ । ਥਾਣਾ ਮਾਹਿਲਪੁਰ ਦੀ ਪੁਲਿਸ ਨੇ ਲਾਸ਼ ਕਬਜੇ ਵਿੱਚ ਲੈ ਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ ।ਪ੍ਰਪਾਤ ਜਾਣਕਾਰੀ ਅਨੁਸਾਰ ਮ੍ਰਿਤਕ ਦੇ ਪਿਤਾ ਦਾਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਸਾਹਿਬਜੋਤ ਸਿੰਘ ਦੁਸਹਿਰੇ ਵਾਲੇ ਦਿਨ ਤੋਂ ਲਾਪਤਾ ਸੀ ਜਿਸ ਦੀ ਰਿਪੋਰਟ ਥਾਣਾ ਮਾਹਿਲਪੁਰ 'ਚ ਦਿੱਤੀ ਹੋਈ ਸੀ। ਉਨਾਂ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਨੂੰ ਫੋਨ 'ਤੇ ਦੱਸਿਆ ਕਿ ਇਕ ਲਾਸ਼ ਮਾਹਿਲਪੁਰ ਦੇ ਖੇਤਾਂ ਵਿੱਚ ਪਈ ਹੈ ਉਨ੍ਹਾਂ ਜਦੋਂ ਜਾ ਕੇ ਦੇਖਿਆ ਤਾਂ ਉਹ ਲਾਸ਼ ਉਨ੍ਹਾ ਦੇ ਪੁੱਤਰ ਸਾਹਿਬਜੋਤ ਸਿੰਘ ਦੀ ਸੀ ਜੋ ਕਿ ਗਲੀਸੜੀ ਪਈ ਸੀ।

# ਕੀਰਤਪੁਰ ਸਾਹਿਬ ਤੋਂ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਵੱਲੋਂ ਲਗਾਤਾਰ ਮਨਿਸਟਰੀ ਆਫ ਰੋਡ ਐਂਡ ਟਾਸਪੋਰਟੇਸ਼ਨ ਵਿਭਾਗ ਤੋਂ ਕੀਰਤਪੁਰ ਸਾਹਿਬ-ਮਹਿਤਪੁਰ ਹਿਮਾਚਲ ਪ੍ਰਦੇਸ਼ ਹੱਦ ਤੱਕ ਨੈਸ਼ਨਲ ਹਾਈਵੇ ਦੀ ਮੁਰੰਮਤ ਦੀ ਮੰਗ ਰੱਖੀ ਜਾ ਰਹੀ ਸੀ। ਉਨ੍ਹਾਂ ਦੀ ਮੰਗ ਨੂੰ ਹੁਣ ਬੂਰ ਪੈ ਗਿਆ ਹੈ ਅਤੇ ਬੀਤੇ ਕੱਲ੍ਹ ਕੀਰਤਪੁਰ ਸਾਹਿਬ ਤੇ ਮਹਿਤਪੁਰ (ਹਿਮਾਚਲ ਪ੍ਰਦੇਸ਼ ਹੱਦ) ਤੱਕ ਨੈਸ਼ਨਲ ਹਾਈਵੇ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਗਿਆ ਹੈ। ਇਲਾਕਾ ਵਾਸੀਆਂ ਨੇ ਨੈਸ਼ਨਲ ਹਾਈਵੇ ਦੀ ਮੁਰੰਮਤ ਦਾ ਕੰਮ ਸ਼ੁਰੂ ਹੋਣ 'ਤੇ ਹਰਜੋਤ ਬੈਂਸ ਕੈਬਨਿਟ ਮੰਤਰੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਡੇ ਹਲਕਾ ਵਿਧਾਇਕ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਵਾਰ ਵਾਰ ਕੇਂਦਰ ਦੇ ਵਿਭਾਗ ਕੋਲ ਇਹ ਮਸਲਾ ਰੱਖਿਆ ਗਿਆ। ਪਹਿਲਾਂ ਇਸ ਦੀ ਪ੍ਰਵਾਨਗੀ ਮਾਰਚ 2025 ਤੋਂ ਪਹਿਲਾ ਮਿਲਣ ਦੀ ਸੰਭਾਵਨਾ ਸੀ, ਪ੍ਰੰਤੂ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਲੋਕ ਬੇਹੱਦ ਪ੍ਰੇਸ਼ਾਨ ਰਹੇ ਅਤੇ ਸੜਕ ਉਤੇ ਡੂੰਘੇ ਟੋਏ ਪੈਣ ਕਾਰਨ ਵਾਹਨ ਚਾਲਕਾਂ ਨੂੰ ਬੇਹੱਦ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਹੁਣ ਕੈਬਨਿਟ ਮੰਤਰੀ ਦੇ ਯਤਨਾਂ ਨੂੰ ਸਫਲਤਾ ਮਿਲੀ ਅਤੇ ਅੱਜ ਇਸ ਨੈਸ਼ਨਲ ਹਾਈਵੇ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਗਿਆ ਹੈ। ਪਹਿਲਾ ਸੜਕ ਤੇ ਪਏ ਵੱਡੇ ਟੋਏ ਪੂਰੇ ਜਾਣਗੇ ਅਤੇ ਸੜਕ ਨੂੰ ਆਵਾਜਾਈ ਯੋਗ ਬਣਾਇਆ ਜਾਵੇਗਾ। ਬੈਂਸ ਨੇ ਇਸ ਮੌਕੇ ਕਿਹਾ ਕਿ ਇਸ ਇਲਾਕੇ ਦੀਆਂ ਰਾਜ ਸਰਕਾਰ ਅਧੀਨ ਆਉਂਦੀਆਂ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਦਾ ਕੰਮ ਵਿਆਪਕ ਪੱਧਰ 'ਤੇ ਸ਼ੁਰੂ ਕਰ ਰਹੇ ਹਾਂ। ਬਹੁਤ ਸਾਰੀਆਂ ਸੜਕਾਂ ਦਾ ਨਵੀਨੀਕਰਨ ਅਤੇ ਉਨ੍ਹਾਂ ਨੂੰ ਚੌੜਾ ਕਰਨ ਦਾ ਕੰਮ ਸ਼ੁਰੂ ਹੋਣ ਜਾ ਰਿਹਾ ਹੈ। ਸੜਕਾਂ ਤੇ ਨਾਲ ਨਾਲ ਪੁਲ ਅਤੇ ਪੁਲੀਆਂ ਵੀ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਨੈਸ਼ਨਲ ਹਾਈਵੇ ਦੀ ਇਹ ਸੜਕ ਕੇਂਦਰ ਸਰਕਾਰ ਦਾ ਪ੍ਰੋਜੈਕਟ ਹੈ ਅਤੇ ਅਸੀਂ ਪਿਛਲੇ ਕਾਫੀ ਸਮੇਂ ਤੋਂ ਇਸ ਸੜਕ ਦਾ ਮਸਲਾ ਚੁੱਕਦੇ ਰਹੇ ਹਾਂ ਪ੍ਰੰਤੂ ਕੇਂਦਰ ਵੱਲੋਂ ਦੇਰੀ ਹੋਣ ਕਾਰਨ ਸੜਕ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਰਹੀ ।



# ਸੰਤੋਸ਼ ਕਟਾਰੀਆ ਨੇ ਦੁਸਹਿਰਾ ਸਮਾਗਮ 'ਚ ਕੀਤੀ ਸ਼ਿਰਕਤ

**ਬਲਾਚੌਰ (ਜਸਵਿੰਦਰ ਬੈਂਸ)**- ਦੁਸਹਿਰਾ ਪ੍ਰਬੰਧਕ ਕਮੇਟੀ ਮੈਂਬਰਾਂ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬਲਾਚੌਰ ਵਿਖੇ ਦੁਸਹਿਰਾ ਗਰਾਊਂਡ 'ਚ ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ । ਸਵੇਰ ਤੋਂ ਹੀ ਦੁਸਹਿਰਾ ਗਰਾਊਂਡ 'ਚ ਬਣੇ ਰਾਵਣ, ਕੁੰਭਕਰਨ ਤੇ ਮੇਘਨਾਦ ਦੇ ਪੁਤਲਿਆਂ ਨੂੰ ਦੇਖਣ ਲਈ ਲੋਕਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ ਤੇ ਬਾਜ਼ਾਰਾਂ 'ਚ ਵੀ ਲੋਕਾਂ ਦੀ ਭਾਰੀ ਭੀੜ ਸੀ। ਇਸ ਦੌਰਾਨ ਭਗਵਾਨ ਸ਼੍ਰੀ ਰਾਮ ਚੰਦਰ, ਸੀਤਾ ਮਾਤਾ, ਲਛਮਣ ਤੇ ਹਨੂੰਮਾਨ ਦੀਆਂ ਸੁੰਦਰ ਝਾਕੀਆਂ ਵੀ ਸਜਾਈਆਂ ਗਈਆਂ। ਮੇਲੇ ਦੌਰਾਨ ਮੈਡਮ ਸੰਤੋਸ਼ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਦੇਰ ਸ਼ਾਮ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਤੇ ਹੋਰ ਪਤਵੰਤਿਆਂ ਦੀ ਹਾਜ਼ਰੀ 'ਚ ਰਾਵਣ, ਮੇਘਨਾਥ, ਕੁੰਭਕਰਨ ਨੂੰ ਅਗਨ ਭੇਟ ਕੀਤਾ ਗਿਆ। ਕਮੇਟੀ ਮੈਂਬਰਾਂ ਵੱਲੋਂ ਬੀਬੀ ਸੰਤੋਸ਼ ਕਟਾਰੀਆ ਦਾ ਮੇਲੇ 'ਚ ਪਹੁੰਚਣ 'ਤੇ ਧੰਨਵਾਦ ਕੀਤਾ। ਇਸ ਮੌਕੇ ਨਰਿੰਦਰ ਟਿੰਕੂ ਘਈ ਪ੍ਰਧਾਨ ਦੁਸਹਿਰਾ ਕਮੇਟੀ ਤੇ ਮੈਂਬਰ, ਚੰਦਰ ਮੋਹਣ ਜੇਡੀ ਜ਼ਿਲ੍ਹਾ ਮੀਡੀਆ ਇੰਚਾਰਜ, ਪ੍ਰਧਾਨ ਲਾਡੀ ਰਾਣਾ, ਕੁਲਦੀਪ ਟੀਟੂ, ਵਿਸ਼ੂ ਰਾਣਾ, ਅਜੇ ਬਿੱਟੂ, ਰਾਧੇ ਸ਼ਾਮ ਬਿੱਲੂ, ਨਿਰਮਲਾ ਰਾਣੀ, ਰਣਜੀਤ ਕਾਕਾ, ਅਜੇਪਾਲ ਬਿੱਟੂ, ਜਸਵਿੰਦਰ ਸਿਆਣ,ਹਨੀ ਡੱਬ, ਗੁਰਪ੍ਰੀਤ ਸਿੰਘ ਸੈਣੀ ਗੋਪੀ, ਵਿਨੋਦ ਬੈਂਸ, ਗੌਰਵ, ਪਰਮਜੀਤ, ਰਾਮਪਾਲ ਮਹੈਸੀ,ਕਾਲੂ ਸੈਣੀ ਅਤੇ ਸੰਤੋਖ ਸਿੰਘ ਸੈਣੀ ਵੀ ਹਾਜ਼ਰ ਸਨ।



# ਇੰਜ: ਬਲਵਿੰਦਰ ਸਿੰਘ ਐਸ ਡੀ ਓ ਦੀ ਸੇਵਾ-ਮੁਕਤੀ ਮੌਕੇ ਵਿਦਾਇਗੀ ਸਮਾਗਮ

**ਮਹਿਤਪੁਰ (ਰਾਜਾ)**- ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਦੇ ਇੰਜ: ਬਲਵਿੰਦਰ ਸਿੰਘ ਐਸ ਡੀ ਓ ਦੀ ਸੇਵਾ ਮੁਕਤੀ ਮੌਕੇ ਸਮੂਹ ਸਟਾਫ ਵੱਲੋਂ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। 34 ਸਾਲ ਬੇਦਾਗ ਅਤੇ ਸ਼ਾਨਦਾਰ ਸੇਵਾ ਨਿਭਾਉਣ ਉਪਰੰਤ ਇਸ ਮੌਕੇ ਨੂੰ ਯਾਦਗਾਰ ਬਣਾਉਣ ਲਈ ਸਮੂਹ ਮਹਿਤਪੁਰ ਸਬ ਡਵੀਜ਼ਨ ਦੇ ਸਟਾਫ, ਡਵੀਜ਼ਨ ਨਕੋਦਰ ਦੇ ਸਟਾਫ ਅਤੇ ਹੋਰ ਵੱਖ-ਵੱਖ ਦਫਤਰਾਂ ਦੇ ਅਧਿਕਾਰੀ ਅਤੇ ਕਰਮਚਾਰੀਆਂ ਵੱਲੋਂ ਯਾਦਗਾਰੀ ਚਿੰਨ੍ਹ ਅਤੇ ਗਿਫਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਪ ਮੁੱਖ ਇੰਜ: ਰਕੇਸ਼ ਕੁਮਾਰ ਕਲੇਰ, ਵਧੀਕ ਨਿਗਰਾਨ ਇੰਜ: ਇੰਦਰਜੀਤ ਸਿੰਘ ਸਿਟੀ ਮੰਡਲ ਨਕੋਦਰ, ਵਧੀਕ ਨਿਗਰਾਨ ਇੰਜ: ਵਿਨੈ ਕੋਮਲ ਸਬ ਅਰਬਨ ਮੰਡਲ ਨਕੋਦਰ, ਇੰਜ: ਵਿਨੇ ਸ਼ਰਮਾ ਐਕਸੀਅਨ ਕਰਤਾਰਪੁਰ, ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਇੰਜ: ਹਿਤੈਸ਼ ਡੋਗਰਾ, ਇੰਜ: ਸੁਖਜਿੰਦਰ ਸਿੰਘ, ਇੰਜ: ਹਰਪਾਲ ਸਿੰਘ ਸ਼ਾਹਕੋਟ, ਇੰਜ: ਰੁਪਿੰਦਰਜੀਤ ਸਿੰਘ, ਸੁਪਰਡੈਂਟ ਸੰਤਾ ਸਿੰਘ, ਇੰਜ: ਮਨਜੀਤ ਸਿੰਘ, ਦਵਿੰਦਰ ਸਿੰਘ, ਗਗਨਦੀਪ ਸਿੰਘ, ਰਾਜਿੰਦਰ ਸਿੰਘ, ਨਿਰਮਲ ਕਿਸ਼ੋਰ, ਸੁਖਵਿੰਦਰ ਸਿੰਘ, ਸਿਕੰਦਰ ਸਿੰਘ, ਹਰਜੋਤ ਸਿੰਘ, ਮਨਦੀਪ ਸਿੰਘ, ਕੁਲਵਿੰਦਰ ਸਿੰਘ, ਅਮਰਜੀਤ ਸਿੰਘ, ਸੁਬੇਗ ਸਿੰਘ, ਨਵਦੀਪ ਸਿੰਘ, ਗੁਰਜੰਟ ਸਿੰਘ, ਗੁਰਿੰਦਰ ਸਿੰਘ ਜੇ ਈ, ਚਰਨਜੀਤ ਸਿੰਘ ਗੋਲਡੀ, ਸਰਬਜੀਤ ਸਿੰਘ, ਜਤਿੰਦਰ ਸਿੰਘ, ਗੋਪੀ ਆਦਿ ਵੱਡੀ ਗਿਣਤੀ ਵਿੱਚ ਕਰਮਚਾਰੀ ਅਤੇ ਮਹਿਮਾਨ ਹਾਜ਼ਰ ਸਨ।



## ਪੰ. ਸ਼ਰਧਾ ਰਾਮ ਫਿਲੌਰੀ ਦਾ ਜਨਮ ਦਿਹਾੜਾ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜਾ)**-ਵਿਰਸਾ ਸੰਭਾਲ ਮੰਚ ਵੱਲੋਂ ਸ਼ਹਿਰ 'ਚ ਵੱਖ-ਵੱਖ ਥਾਵਾਂ 'ਤੇ ਓਮ ਜੈ ਜਗਦੀਸ਼ ਹਰੇ ਆਰਤੀ ਦੇ ਰਚਯਿਤਾ ਪੰ. ਸ਼ਰਧਾ ਰਾਮ ਫਿਲੌਰੀ ਦਾ ਜਨਮ ਦਿਹਾੜਾ ਮਨਾਇਆ ਗਿਆ।ਬੈਂਕ ਰੋਡ ਸਥਿਤ ਸ੍ਰੀ ਮਹਾਂਦੇਵ ਮੰਦਿਰ ਤੇ ਅਬੋਹਰ ਰੋਡ ਬਾਈਪਾਸ ਸਥਿਤ ਮਾਤਾ ਚਿੰਤਪੁਰਨੀ ਮੰਦਰ ਵਿਖੇ ਪੰ. ਸ਼ਰਧਾ ਰਾਮ ਫਿਲੌਰੀ ਜੀ ਦੇ ਜਨਮ ਦਿਵਸ ਨੂੰ ਸਮਰਪਤ ਪ੍ਰੋਗਰਾਮ ਹੋਏ।ਇਸ ਮੌਕੇ ਸ. ਪਰਮਿੰਦਰ ਸਿੰਘ ਬੱਬਰ ਨੇ ਪੰ. ਸ਼ਰਧਾ ਰਾਮ ਜੀ ਦੀ ਜੀਵਨੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਡਤ ਜੀ ਮਹਾਨ ਵਿਦਵਾਨ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਅਨੇਕਾਂ ਹਿੰਦੀ ਪੰਜਾਬੀ ਸਾਹਿਤਕ ਰਚਨਾਵਾਂ ਦਿੱਤੀਆਂ।ਉਨ੍ਹਾਂ ਨੇ ਬਾਲ ਵਿਆਹ ਵਰਗੀਆਂ ਕੁਪ੍ਰਥਾਵਾਂ ਵਿਰੁੱਧ ਖੁੱਲ੍ਹ ਕੇ ਆਵਾਜ਼ ਬੁਲੰਦ ਕੀਤੀ।ਵਿਧਵਾਵਾਂ ਦੇ ਦੁੱਖ-ਦਰਦ ਨੂੰ ਸਮਝਦਿਆਂ ਉਨ੍ਹਾਂ ਨੇ ਉਨ੍ਹਾਂ ਦੇ ਜੀਵਨ ਵਿੱਚ ਸੁਧਾਰ ਲਈ ਸਿਫਾਰਸ਼ ਕੀਤੀ।ਇਸ ਮੌਕੇ ਜ਼ਿਲ੍ਹਾ ਸੰਯੋਜਕ ਸਤੀਸ਼, ਜ਼ਿਲ੍ਹਾ ਸਹਿ ਸੰਯੋਜਕ ਸ੍ਰ. ਗੁਰਪ੍ਰੀਤ ਸਿੰਘ, ਰਜਿੰਦਰ, ਲੱਡੂ ਧਵਨ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ।

## ਗਲੋਬਲ ਸਕੂਲ ਵੱਲੋਂ ਵਿਦਿਆਰਥੀਆਂ ਦਾ ਦਿੱਲੀ-ਨੋਇਡਾ ਵਿੱਦਿਅਕ ਟੂਰ



**ਰਾਮਪੁਰਾ ਫੂਲ (ਦਰਸ਼ਨ ਸਿੰਗਲ)**-ਸੀ ਬੀ ਐੱਸ ਈ ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਕੇਸ਼ਨਲ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਨੇ ਆਪਣੀ ਸਾਲਾਨਾ ਪ੍ਰਥਾ ਨੂੰ ਜਾਰੀ ਰੱਖਦੇ ਹੋਏ ਇਸ ਸਾਲ ਵੀ ਪੰਜਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਦਿੱਲੀ-ਨੋਇਡਾ ਵਿੱਦਿਅਕ ਟੂਰ ਦਾ ਆਯੋਜਨ ਕੀਤਾ।ਟੂਰ ਦੌਰਾਨ ਵਿਦਿਆਰਥੀਆਂ ਨੇ ਆਪਣੇ ਦੇਸ਼ ਦੀ ਰਾਜਧਾਨੀ ਦਿੱਲੀ ਦੇ ਮਸ਼ਹੂਰ ਤੇ ਇਤਿਹਾਸਕ ਸਥਾਨਾਂ ਨੂੰ ਨਿੱਜੀ ਤੌਰ 'ਤੇ ਦੇਖਿਆ।ਬੱਚਿਆਂ ਨੇ ਲਾਲ ਕਿਲ੍ਹਾ, ਕੁਤੁਬ ਮੀਨਾਰ, ਛੱਤਰਪੁਰ ਮੰਦਰ, ਸੰਸਦ ਭਵਨ, ਡਾਂਡੀ ਮਾਰਚ ਦਾ ਬੁੱਤ, ਸੁਭਾਸ਼ ਚੰਦਰ ਬੋਸ ਦਾ ਬੁੱਤ, ਪ੍ਰਧਾਨ ਮੰਤਰੀ ਦਫ਼ਤਰ, ਵਿੱਤ ਮੰਤਰਾਲੇ ਦੇ ਦਫ਼ਤਰ, ਡੀਆਰਡੀਓ ਹੈੱਡਕੁਆਰਟਰ, ਨਹਿਰੂ ਹਾਊਸ, ਰਾਸ਼ਟਰਪਤੀ ਭਵਨ ਤੇ ਇੰਡੀਆ ਗੇਟ ਦਾ ਦੌਰਾ ਕੀਤਾ ਅਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮੱਥਾ ਟੇਕਿਆ। ਵਿਦਿਆਰਥੀਆਂ ਨੇ ਨੋਇਡਾ ਖੇਤਰ ਵਿੱਚ ਅਕਸ਼ਰਧਾਮ ਮੰਦਰ ਦੇ ਦਰਸ਼ਨ ਕੀਤੇ ਤੇ ਕਿਡਜ਼ਾਨੀਆ ਵਿੱਚ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਦਾ ਪੂਰਾ ਆਨੰਦ ਮਾਣਿਆ।ਸਕੂਲ ਦੇ ਵਾਇਸ-ਚੇਅਰਮੈਨ ਅਮਿਤ ਸਰਾਫ਼ ਨੇ ਕਿਹਾ ਕਿ ਸਾਡਾ ਉਦੇਸ਼ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਤੋਂ ਪਰੇ ਸਿੱਧੇ ਤੌਰ 'ਤੇ ਅਨੁਭਵਾਂ ਨਾਲ ਜੋੜਨਾ ਹੈ।ਅਜਿਹੇ ਸੈਰ-ਸਪਾਟੇ ਬੱਚਿਆਂ ਦੇ ਗਿਆਨ, ਆਤਮ-ਵਿਸ਼ਵਾਸ ਤੇ ਸਮਾਜਿਕ ਸਮਝ ਨੂੰ ਵਧਾਉਂਦੇ ਹਨ, ਨਾਲ ਹੀ ਟੀਮ ਵਰਕ, ਸਮਾਂ ਪ੍ਰਬੰਧਨ ਤੇ ਸਵੈ-ਨਿਰਭਰਤਾ ਵਰਗੀਆਂ ਜੀਵਨ-ਸਹਾਇਕ ਆਦਤਾਂ ਦਾ ਵਿਕਾਸ ਵੀ ਕਰਦੇ ਹਨ।ਇਸ ਉਦੇਸ਼ ਲਈ ਸਕੂਲ ਹਰ ਸਾਲ ਵਿੱਦਿਅਕ ਟੂਰ ਦਾ ਅਯੋਜਨ ਕਰਦਾ ਹੈ।

## ਖੇਤੀਬਾੜੀ ਵਿਭਾਗ ਵੱਲੋਂ ਛਾਪਾ 'ਚ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਖੇਤੀਬਾੜੀ ਵਿਭਾਗ ਤੇ ਕਿਸਾਨ ਭਲਾਈ ਵਿਭਾਗ ਬਲਾਕ ਮਹਿਲ ਕਲਾਂ ਵੱਲੋਂ ਡਾ. ਹਰਮਨਦੀਪ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਦੀ ਅਗਵਾਈ ਹੇਠ ਕਿਸਾਨਾਂ ਨੂੰ ਪਰਾਲੀ/ਝੋਨੇ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਤੇ ਫਸਲਾਂ ਸਬੰਧੀ ਜਾਗਰੂਕ ਕੀਤਾ ਗਿਆ।ਡਾ. ਹਰਬੰਸ ਸਿੰਘ ਸਿੱਧੂ ਨੇ ਕਿਹਾ ਕਿ ਜਿੱਥੇ ਅਸੀਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਵਾਤਾਵਰਨ ਨੂੰ ਪ੍ਰਦੂਸ਼ਤ ਕਰ ਰਹੇ ਹਾਂ, ਉੱਥੇ ਧਰਤੀ ਦੀ ਉਪਜਾਊ ਸ਼ਕਤੀ ਤੇ ਮਿੱਤਰ ਕੀੜੇ ਵੀ ਮਾਰ ਰਹੇ ਹਾਂ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤ ਵਿੱਚ ਹੀ ਵਾਹ ਕੇ ਨਵੀਆਂ ਤਕਨੀਕਾਂ (ਹੈਪੀਸੀਡਰ, ਸੁਪਰਸੀਡਰ, ਸਰਫੇਸ ਸੀਡਰ ਆਦਿ) ਨਾਲ ਹੀ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਲਈ ਸ਼ੁੱਧ ਵਾਤਾਵਰਨ ਪ੍ਰਦਾਨ ਕੀਤਾ ਜਾ ਸਕੇ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਖੇਤ ਦੀ ਪਰਾਲੀ ਨੂੰ ਬੇਲਰ ਰਾਹੀਂ ਗੰਢਾਂ ਬਣਾ ਕੇ ਜਾਂ ਤੂੜੀ ਬਣਾ ਕੇ ਵਪਾਰੀਆਂ ਨੂੰ ਵੇਚ ਸਕਦੇ ਹਨ।ਡਾ. ਹਰਮਨਦੀਪ ਸਿੰਘ ਨੇ ਕਿਸਾਨਾਂ ਨੂੰ ਸਰਕਾਰੀ ਸਕੀਮਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ।ਡਾ. ਅਮਨਦੀਪ ਕੌਰ ਨੇ ਕਿਸਾਨਾਂ ਨੂੰ ਕਣਕ ਤੇ ਹੋਰ ਹਾੜ੍ਹੀ ਦੀਆਂ ਫਸਲਾਂ ਜਿਵੇਂ ਕਿ ਸਰੋਂ, ਛੋਲੇ ਆਦਿ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਸਾਂਝੀ ਕੀਤੀ।ਸਰਪੰਚ ਗੁਰਦੀਪ ਸਿੰਘ ਛਾਪਾ ਨੇ ਸਾਰੇ ਕਿਸਾਨਾਂ ਤੇ ਮਾਹਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸ੍ਰੀ ਸੁਨੀਲ, ਪਰਮਿੰਦਰ ਸਿੰਘ ਏ.ਐੱਸ.ਆਈ., ਰਣਧੀਰ ਸਿੰਘ ਪ੍ਰਧਾਨ ਸੁਸਾਇਟੀ, ਕੁਲਦੀਪ ਸਿੰਘ ਬੇਲਦਾਰ, ਗੁਣਤਾਰ ਸਿੰਘ, ਕਿਸਾਨ ਦਵਿੰਦਰ ਸਿੰਘ, ਅਮਰੀਕ ਸਿੰਘ, ਬਲਵੰਤ ਸਿੰਘ ਆਦਿ ਹਾਜ਼ਰ ਸਨ।

## ਪੀ ਏ ਯੂ-ਕੇ ਵੀ ਕੇ ਵੱਲੋਂ ਧੂਲਕੋਟ 'ਚ ਪਰਾਲੀ ਪ੍ਰਬੰਧਨ ਬਾਰੇ ਜਾਗਰੂਕਤਾ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜਾ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਪਰਾਲੀ ਪ੍ਰਬੰਧਨ ਬਾਰੇ ਜਾਗਰੂਕਤਾ ਕੈਂਪ ਧੂਲਕੋਟ ਪਿੰਡ ਵਿੱਚ ਕਰਵਾਇਆ ਗਿਆ।ਡਾ. ਕਰਮਜੀਤ ਸ਼ਰਮਾ ਐਸੋਸੀਏਟ ਡਾਇਰੈਕਟਰ (ਟ੍ਰੇਨਿੰਗ), ਕੇ.ਵੀ.ਕੇ. ਨੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਦਾਇਕ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ।ਉਨ੍ਹਾਂ ਕਿਸਾਨਾਂ ਨੂੰ ਕੇ.ਵੀ.ਕੇ. ਵਿੱਚ ਉਪਲਬਧ ਮਸ਼ੀਨਰੀ ਬੈਂਕ ਦੀ ਸਹੂਲਤ ਬਾਰੇ ਵੀ ਜਾਣਕਾਰੀ ਦਿੱਤੀ।ਡਾ. ਵਿਵੇਕ ਕੁਮਾਰ ਅਸਿਸਟੈਂਟ ਪ੍ਰੋਫੈਸਰ ਫ਼ਸਲ ਵਿਗਿਆਨ ਨੇ ਕਿਸਾਨਾਂ ਨੂੰ ਝੋਨੇ ਵਿੱਚ ਆਉਣ ਵਾਲੇ ਕੀੜੇ ਤੇ ਰੋਗਾਂ ਬਾਰੇ ਜਾਣਕਾਰੀ ਦਿੱਤੀ।ਡਾ. ਗੁਰਵਿੰਦਰ ਸਿੰਘ ਅਸਿਸਟੈਂਟ ਪ੍ਰੋਫੈਸਰ ਪਸਾਰ ਸਿੱਖਿਆ ਨੇ ਸਟੇਜ ਸੰਚਾਲਨ ਕਰਦੇ ਹੋਏ ਕਿਸਾਨਾਂ ਨੂੰ ਮੌਸਮੀ ਤਬਦੀਲੀ ਦੇ ਖੇਤੀਬਾੜੀ ਉੱਤੇ ਗੰਭੀਰ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਅੰਤ ਵਿੱਚ ਉਨ੍ਹਾਂ ਆਏ ਹੋਏ ਮਹਿਮਾਨਾਂ ਤੇ ਕਿਸਾਨਾਂ ਦਾ ਧੰਨਵਾਦ ਕੀਤਾ।ਕੈਂਪ ਦੌਰਾਨ ਕਿਸਾਨਾਂ ਦੇ ਵੱਖ-ਵੱਖ ਪ੍ਰਸ਼ਨਾਂ ਦੇ ਜਵਾਬ ਵੀ ਦਿੱਤੇ ਗਏ।

## 'ਵੋਟ ਚੋਰ ਗੱਦੀ ਛੋੜ' ਮੁਹਿੰਮ ਦੀ ਗਿੱਲ ਬੇਰ ਕਲਾਂ ਨੇ ਪਿੰਡ ਤੋਂ ਕੀਤੀ ਸ਼ੁਰੂਆਤ



**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਭਾਜਪਾ ਵੱਲੋਂ ਵੋਟ ਚੋਰੀ ਕੀਤੇ ਜਾਣ ਦੀ ਸ਼ੁਰੂਆਤ ਬੀਬੀ ਮਨਜੀਤ ਕੌਰ ਸਾਬਕਾ ਪੰਚ ਪਿੰਡ ਬੇਰਕਲਾਂ ਦੇ ਗ੍ਰਹਿ ਤੋਂ ਸ਼ੁਰੂ ਕੀਤੀ, ਜਿਸ ਵਿੱਚ ਫਾਰਮਾਂ 'ਤੇ ਦਸਤਖਤ ਕਰਵਾਉਣ ਸਮੇਂ ਵੋਟ ਚੋਰ ਗੱਦੀ ਛੋੜ ਦੇ ਨਾਹਰੇ ਲਾ ਕੇ ਬਾਹਾਂ ਖੜੀਆਂ ਕਰਕੇ ਦਸਤਖਤ ਕਰਵਾਉਣ ਸਮੇਂ ਵੋਟ ਚੋਰ ਗੱਦੀ ਛੋੜ ਦੀ ਲੋਕਾਂ ਤੋਂ ਪ੍ਰਵਾਨਗੀ ਲਈ ਗਈ। ਪ੍ਰਧਾਨ ਗਿੱਲ ਬੇਰਕਲਾਂ ਨੇ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੋਟ ਚੋਰੀ ਕਰਕੇ ਪ੍ਰਧਾਨ ਮੰਤਰੀ ਬਣਿਆ ਹੈ, ਜੋ ਕਿ ਜਮਹੂਰੀਅਤ ਦਾ ਕਤਲ ਹੈ। ਲੋਕ ਭਾਜਪਾ ਨੂੰ ਇਸ ਵਾਰ ਗੱਦੀ ਤੋਂ ਉਤਾਰਨਾ ਚਾਹੁੰਦੇ ਸਨ, ਪਰ ਇਲੈਕਸ਼ਨ ਕਮਿਸ਼ਨਰ ਨੇ ਗਲਤ ਡੰਗ ਨਾਲ ਵੋਟਾਂ ਕੱਟ ਕੇ ਮੋਦੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਇਆ, ਜੋ ਕਿ ਗਲਤ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਲੋਕਾਂ ਨੂੰ ਲੁੱਟਣ ਵਿੱਚ ਲੱਗੀ ਹੋਈ ਹੈ ਤੇ ਭਾਜਪਾ ਸੂਬੇ ਅੰਦਰ ਲੋਕ ਮਾਰੂ ਫੈਸਲੇ ਲੈ ਕੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਲੱਗੀ ਹੋਈ ਹੈ। ਪ੍ਰਧਾਨ ਗਿੱਲ ਬੇਰਕਲਾਂ ਨੇ ਕਿਹਾ ਕਿ ਰਾਹੁਲ ਗਾਂਧੀ ਇੱਕ ਇਮਾਨਦਾਰ ਤੇ ਸੂਬੇ ਦੀ ਲੜਾਈ ਲੜਨ ਦੇ ਕਾਬਲ ਆਗੂ ਹੈ। ਉਨ੍ਹਾ ਕਿਹਾ ਕਿ ਮੋਦੀ ਵੱਲੋਂ ਵੋਟ ਚੋਰੀ ਕਰਨ ਦੇ ਕਾਰਨਾਮੇ ਨੂੰ ਵੀ ਰਾਹੁਲ ਗਾਂਧੀ ਨੇ ਜਨਤਾ ਦੀ ਕਚਹਿਰੀ ਵਿੱਚ ਨੰਗਾ ਕਰਕੇ ਰੱਖ ਦਿੱਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਕੌਰ ਗਿੱਲ ਸਾਬਕਾ ਪੰਚ, ਮੇਘ ਸਿੰਘ ਬੇਰਕਲਾਂ ਸਕੱਤਰ ਬਲਾਕ ਕਾਂਗਰਸ ਮਲੌਦ, ਹਰਪ੍ਰੀਤ ਸਿੰਘ ਗਿੱਲ ਪ੍ਰਧਾਨ ਬਾਬਾ ਸੀਹਾ ਸਿੰਘ ਗਿੱਲ ਸਪੋਰਟਸ ਕਲੱਬ, ਗੁਰਮੇਹਰ ਸਿੰਘ ਗਿੱਲ, ਦੀਪਾ ਗਿੱਲ, ਬਲਵੰਤ ਸਿੰਘ, ਹਰੀ ਸਿੰਘ, ਦਰਸ਼ਨ ਸਿੰਘ ਗਿੱਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਗੁਰੂ ਨਾਨਕ ਸਕੂਲ ਨੇ ਜ਼ਿਲ੍ਹਾ ਪੱਧਰੀ ਐਥਲੈਟਿਕ ਮੀਟ 'ਚ ਮਾਰੀਆਂ ਮੱਲਾਂ

**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ ਖਿਡਾਰੀਆਂ ਨੇ ਇੱਕ ਵਾਰ ਫਿਰ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿੱਚ ਕਰਵਾਈ ਪੰਜਾਬ ਸਕੂਲ ਸਿੱਖਿਆ ਬੋਰਡ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੀਟ-2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਬੇਮਿਸਾਲ ਪ੍ਰਤਿਭਾ ਦਿਖਾਈ ਹੈ।ਆਪਣੀ ਪ੍ਰਭਾਵਸ਼ਾਲੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਗੁਰਕਰਨ ਸਿੰਘ (ਅੰਡਰ-14) ਨੇ 400 ਮੀਟਰ ਦੌੜ, ਸੁਨੇਹਾਪ੍ਰੀਤ ਕੌਰ (ਅੰਡਰ-17) ਨੇ ਉੱਚੀ ਛਾਲ, ਗੁਰਲੀਨ ਕੌਰ (ਅੰਡਰ-17) ਨੇ 200 ਮੀਟਰ ਦੌੜ ਤੇ ਗੁਰਲੀਨ ਕੌਰ ਦਿਓਲ (ਅੰਡਰ-19) ਨੇ 400 ਮੀਟਰ ਦੌੜ ਵਿੱਚ ਕਾਂਸੀ ਤਮਗੇ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ।ਇਸ ਤੋਂ ਇਲਾਵਾ ਅਨੂਪਜੋਤ ਕੌਰ (ਅੰਡਰ-14), ਦਿਵਾਂਸ਼ੀ (ਅੰਡਰ-14), ਅਕਸ਼ਿਤਾ (ਅੰਡਰ-14), ਹਰਗੁਣਦੀਪ ਕੌਰ (ਅੰਡਰ-14), ਕਮਲਪ੍ਰੀਤ ਕੌਰ (ਅੰਡਰ-17), ਖੁਸ਼ਵੀਰ ਕੌਰ (ਅੰਡਰ-17), ਕਨਿਕਾ (ਅੰਡਰ-19), ਵੰਸ਼ ਗਰਗ (ਅੰਡਰ-14), ਗੌਰਵ ਅੱਤਰੀ (ਅੰਡਰ-14), ਜਗਵਿੰਦਰ ਸਿੰਘ (ਅੰਡਰ-14), ਗੁਰਜੋਤ ਸਿੰਘ (ਅੰਡਰ-17), ਹਰਬੀਰ ਸਿੰਘ (ਅੰਡਰ-17), ਜਪਨਪ੍ਰੀਤ ਸਿੰਘ (ਅੰਡਰ-17), ਹਬੀਸ਼ ਘਈ (ਅੰਡਰ-17) ਨੇ ਵੱਖ-ਵੱਖ ਦੌੜਾਂ ਵਿੱਚ ਹਿੱਸਾ ਲਿਆ।ਗੁਰੂ ਨਾਨਕ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਆਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਖੇਡਾਂ ਵਿੱਚ ਜ਼ੋਨਲ ਮੀਟ ਵਿੱਚ 27 ਸੋਨੇ, 12 ਚਾਂਦੀ ਤੇ 2 ਕਾਂਸੀ ਦੇ ਤਮਗੇ ਜਿੱਤਣ ਤੋਂ ਬਾਅਦ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਟੂਰਨਾਮੈਂਟਾਂ ਵਿੱਚ ਵੀ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ ਹੈ।ਇਸ ਜ਼ੋਨਲ ਪੱਧਰੀ ਐਥਲੈਟਿਕਸ ਈਵੈਂਟ-2025 ਨੇ ਜੇਤੂ ਖਿਡਾਰੀਆਂ ਨੂੰ ਉੱਚ ਪੱਧਰ 'ਤੇ ਆਪਣੀ ਕਲਾ ਨੂੰ ਪ੍ਰਦਰਸ਼ਤ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ।ਕਾਰਜਕਾਰੀ ਪ੍ਰਸ਼ਾਸਕ ਰੂਪਿੰਦਰ ਬਰਾੜ ਨੇ ਕਿਹਾ ਕਿ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਊਧਮ ਸਿੰਘ ਦੀ ਸਖ਼ਤ ਘਾਲਣਾ ਰੰਗ ਲਿਆਈ ਹੈ।ਮੈਨੂੰ ਯਕੀਨ ਹੈ ਕਿ ਉਹ ਇਸੇ ਤਰ੍ਹਾਂ ਭਵਿੱਖ ਵਿੱਚ ਵੀ ਸਕੂਲ ਦਾ ਨਾਮ ਰੋਸ਼ਨ ਕਰਨ ਵਿੱਚ ਯੋਗਦਾਨ ਪਾਉਂਦੇ ਰਹਿਣਗੇ।ਸਕੂਲ ਪ੍ਰਿੰਸੀਪਲ ਡਾ. ਡੀ ਪੀ ਠਾਕੁਰ ਨੇ ਜ਼ਿਲ੍ਹਾ ਪੱਧਰ 'ਤੇ ਆਪਣੀ ਪ੍ਰਤਿਭਾ ਤੇ ਸਖ਼ਤ ਮਿਹਨਤ ਦਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ, ਉਨ੍ਹਾਂ ਦੇ ਕੋਚ ਤੇ ਮਾਪਿਆਂ ਨੂੰ ਵੀ ਵਧਾਈ ਦਿੱਤੀ।

# ਪ ਸ ਸ ਫ ਵਿਗਿਆਨਕ ਜ਼ਿਲ੍ਹਾ ਫਾਜ਼ਿਲਕਾ ਦੀ ਜਥੇਬੰਦਕ ਕਾਨਫਰੰਸ ਸੰਪੰਨ

**ਸੁਰਿੰਦਰ ਕੰਬੋਜ ਪ੍ਰਧਾਨ ਤੇ ਜਸਵਿੰਦਰ ਸਿੰਘ ਜਨਰਲ ਸਕੱਤਰ ਚੁਣੇ ਗਏ**



**ਜਲਾਲਾਬਾਦ (ਜੀਤ ਕੁਮਾਰ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ) ਜ਼ਿਲ੍ਹਾ ਫਾਜ਼ਿਲਕਾ ਦੀ ਜਥੇਬੰਦਕ ਕਾਨਫਰੰਸ ਇਥੇ ਆਈ ਟੀ ਆਈ ਵਿਖੇ ਜਥੇਬੰਦੀ ਦੇ ਸੂਬਾ ਪ੍ਰਧਾਨ ਸਾਥੀ ਗਗਨਦੀਪ ਸਿੰਘ ਭੁੱਲਰ ਦੀ ਦੇਖ ਰੇਖ ਹੇਠ ਹੋਈ। ਕਾਨਫਰੰਸ ਵਿੱਚ ਵੱਖ ਵੱਖ ਵਿਭਾਗਾਂ ਤਾਂ ਵੱਖ ਵੱਖ ਜਥੇਬੰਦੀਆਂ ਨਾਲ ਸਬੰਧਤ ਸੈਂਕੜੇ ਮੁਲਾਜ਼ਮਾਂ/ਅਧਿਆਪਕਾਂ, ਪੈਰਾ ਮੈਡੀਕਲ ਕਾਮਿਆਂ ਤੇ ਫੀਲਡ ਵਰਕਸ਼ਾਪ ਵਰਕਰਜ਼ ਯੂਨੀਅਨ ਤੇ ਆਈ ਟੀ ਆਈ ਮੁਲਾਜ਼ਮਾਂ ਅਤੇ ਵੱਖ ਵੱਖ ਦਫਤਰਾਂ ਤੋਂ ਮਨਿਸਟਰੀਅਲ ਕਾਮਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

ਪ ਸ ਸ ਫ ਵਿਗਿਆਨਕ ਦੀ ਜ਼ਿਲ੍ਹਾ ਕਾਨਫਰੰਸ ਦੀ ਪ੍ਰਧਾਨਗੀ ਸੁਰਿੰਦਰ ਕੰਬੋਜ, ਮਹਿੰਦਰ ਸਿੰਘ ਘੱਲੂ, ਜਸਵਿੰਦਰ ਸਿੰਘ ਅਧਾਰਤ ਤਿੰਨ ਮੈਂਬਰੀ ਪ੍ਰਧਾਨਗੀ ਮੰਡਲ ਨੇ ਕੀਤੀ। ਕਾਨਫਰੰਸ ਵਿੱਚ ਜੁੜੇ ਸੈਂਕੜੇ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਸਾਥੀ ਮੇਜਰ ਸਿੰਘ ਜਨਰਲ ਸਕੱਤਰ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਦੇਸ਼ ਤੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਸਥਿਤੀ ਉੱਪਰ ਚਾਨਣਾ ਪਾਇਆ। ਪਸਸਫ ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਮੰਗਾਂ ਨੂੰ ਲਾਗੂ ਨਾ ਕੀਤਾ ਤਾਂ ਪ ਸ. ਸ. ਫ. ਵਿਗਿਆਨਕ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਸੂਬਾਈ ਆਗੂ ਸਾਥੀ ਸੁਖਵਿੰਦਰ ਸਿੰਘ ਦੋਦਾ, ਹਰਦੀਪ ਕੁਮਾਰ, ਸਾਥੀ ਹਰਭਜਨ ਸਿੰਘ ਖੁੰਗਰ ਜ਼ਿਲ੍ਹਾ ਪ੍ਰਧਾਨ ਗੋਰਮਿੰਟ ਪੈਨਸ਼ਨਰਜ਼ ਯੂਨੀਅਨ ਪੰਜਾਬ, ਪ੍ਰਿੰਸੀਪਲ ਹੰਸ ਰਾਜ, ਸੁਖਦੇਵ ਚੰਦ, ਰਜਿੰਦਰ ਕੁਮਾਰ ਦੀਵਾਨ ਖੇੜਾ, ਗੁਰਨਾਮ ਚੰਦ, ਰੇਸ਼ਮ ਸਿੰਘ, ਹਰਭਜਨ ਠਠੇਰਾਂ, ਗੁਰਜੰਟ ਸਿੰਘ, ਰਾਏ ਸਾਹਿਬ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜ਼ਿਲ੍ਹਾ ਕੌਂਸਲ ਨੂੰ ਭੰਗ ਕਰਕੇ ਜ਼ਿਲ੍ਹੇ ਦੀ ਨਵੀਂ ਟੀਮ ਦੀ ਚੋਣ ਕੀਤੀ ਗਈ, ਜਿਸ ਵਿੱਚ ਸਾਥੀ ਸੁਰਿੰਦਰ ਕੰਬੋਜ ਪ੍ਰਧਾਨ ਜ਼ਿਲ੍ਹਾ ਪ੍ਰਧਾਨ, ਮਹਿੰਦਰ ਸਿੰਘ ਘੱਲੂ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਰੇਸ਼ਮ ਸਿੰਘ ਵਿੱਤ ਸਕੱਤਰ, ਸੁਖਦੇਵ ਚੰਦ ਤੇ ਹਰਭਜਨ ਠਠੇਰਾਂ ਮੀਤ ਪ੍ਰਧਾਨ, ਗੁਰਜੰਟ ਸਿੰਘ, ਮਦਨ ਲਾਲ ਕਿੱਕਰ ਖੇੜਾ ਤੇ ਅਸ਼ੋਕ ਕੁਮਾਰ ਸਹਿ-ਸਕੱਤਰ, ਸਾਥੀ ਕਪਿਲ ਕਪੂਰ, ਨਰਿੰਦਰ ਸਿੰਘ ਲੱਡੂ, ਸਾਥੀ ਪਵਨਜੀਤ ਸਿੰਘ ਵਿਰਕ, ਸਾਥੀ ਮਹਿੰਦਰ ਪਾਲ, ਧਰਮਪਾਲ, ਸੁਖਮੰਦਰ ਸਿੰਘ, ਅਮੀਰ ਸਿੰਘ, ਗਗਨਦੀਪ, ਓਮ ਪ੍ਰਕਾਸ਼, ਰਘਬੀਰ ਸਿੰਘ, ਬਹਾਲ ਸਿੰਘ, ਹੀਰਾ ਲਾਲ, ਰਜੇਸ਼ ਕੁਮਾਰ, ਕਾਲੂ ਰਾਮ ਤੇਲੂਪੁਰਾ ਆਦਿ ਪੱਚੀ ਮੈਂਬਰੀ ਜ਼ਿਲ੍ਹਾ ਕੌਂਸਲ ਚੁਣੀ ਗਈ। ਸਮੂਹ ਕੌਂਸਲ ਦੇ ਅਹੁਦੇਦਾਰਾਂ ਨੂੰ ਹਾਰ ਪਾਉਣ ਪਿੱਛੋਂ ਕਾਨਫਰੰਸ ਵਿੱਚ ਹਾਜ਼ਰ ਸਾਥੀਆਂ ਵੱਲੋਂ ਨਾਅਰਿਆਂ ਦੀ ਗੂੰਜ ਵਿੱਚ ਇਨਕਲਾਬੀ ਮੁਬਾਰਕਾਂ ਦਿੱਤੀਆਂ ਗਈਆਂ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ

**ਦਿੜ੍ਹਬਾ (ਜਸਵੀਰ ਲਾਡੀ)** ਬੀ ਕੇ ਯੂ ਏਕਤਾ ਉਗਰਾਹਾਂ ਦੇ ਦਿੜ੍ਹਬਾ ਬਲਾਕ ਦੀ ਪਿੰਡ ਇਕਾਈਆਂ ਦੀ ਮੀਟਿੰਗ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਤੇ ਬਲਾਕ ਖਜ਼ਾਨਚੀ ਮਿਸ਼ਰਾ ਸਿੰਘ ਨਿਹਾਲਗੜ੍ਹ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਕੀਤੀ ਗਈ। ਮੀਟਿੰਗ 'ਚ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ, ਬਲਾਕ ਆਗੂ ਹਰਜੀਤ ਸਿੰਘ ਮਹਿਲਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ 08 ਅਕਤੂਬਰ ਨੂੰ ਐਸ ਕੇ ਐਮ ਦੇ ਸੱਦੇ 'ਤੇ ਹੜ ਪੀੜਤਾਂ ਦੇ ਮੁਆਵਜ਼ੇ ਲਈ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਇਕਰੋਜ਼ਾ ਧਰਨਾ ਦਿੱਤਾ ਜਾਵੇਗਾ ਤੇ ਹੜ ਪੀੜਤਾਂ ਲਈ 10 ਅਕਤੂਬਰ ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਇਕਾਈਆਂ ਵੱਲੋਂ 10 ਤੂੜੀ ਦੇ ਭੂੰਗ/ਕਣਕ ਦਾ ਬੀਜ ਭੇਜਿਆ ਜਾਵੇਗਾ ਅਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਕਰਕੇ ਸਰਕਾਰ ਕਿਸਾਨਾਂ ਸਿਰ ਪਰਚੇ/ਫਰਦਾਂ ਉਪਰ ਲਾਲ ਲਾਲ ਲਕੀਰ ਦਰਜ ਕਰਨ 'ਤੇ ਪੱਬਾਂ ਭਾਰ ਹੋਈ ਪਈ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਕਿਸਾਨ ਨੂੰ ਮਸ਼ੀਨਰੀ (ਸੰਦ) ਮੁਹਾਇਆ ਕਰਾਵੇ ਜਾਣ ਤਾਂ ਜੁ ਕਿਸਾਨਾਂ ਨੂੰ ਝੋਨੇ ਦੀ ਰਹਿੰਦ-ਖੂੰਹਦ (ਪਰਾਲ਼ੀ) ਨੂੰ ਅੱਗ ਲਾਉਣ ਲਈ ਮਜਬੂਰ ਨਾ ਹੋਣਾ ਪਵੇ ਜਾਂ ਕਿਸਾਨਾਂ ਨੂੰ 200/- ਪ੍ਰਤੀ ਏਕੜ ਸਹਾਇਤਾ ਦਿੱਤੀ ਜਾਵੇ, ਕਿਉਂਕਿ ਕਿਸਾਨੀ ਪਹਿਲਾਂ ਹੀ ਆਰਥਿਕ ਸੰਕਟ ਵਿੱਚੋਂ ਲੰਘ ਰਹੀ ਹੈ ਅਫਸੋਸ ਹੈ ਕਿ ਸਰਕਾਰਾਂ ਸੁੱਤੀਆਂ ਪਈਆਂ ਹਨ, ਕਿਸਾਨੀ ਵੱਲ ਕੋਈ ਧਿਆਨ ਨਹੀਂ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰੋ. ਸਤੀਸ਼ ਵਰਮਾ ਨਾਲ ਰੂ-ਬ-ਰੂ

**ਕਿਤਾਬਾਂ ਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾਓ : ਪ੍ਰੋ. ਵਰਮਾ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ੍ਰ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਹਿੱਤ ਚਲਾਈ ਗਈ ਮੁਹਿੰਮ ਤਹਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੋ. ਸਤੀਸ਼ ਕੁਮਾਰ ਵਰਮਾ ਪਾਠਕਾਂ ਦੇ ਰੂਬਰੂ ਹੋਏ, ਜਿਸ ਦੌਰਾਨ ਉਨ੍ਹਾਂ ਆਪਣੇ ਜੀਵਨ 'ਚ ਪੁਸਤਕ ਦੀ ਅਹਿਮੀਅਤ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਾਹਿਤਕ ਤੇ ਸਮਾਜਿਕ ਬਾਤਾਂ ਪਾਈਆਂ।ਇਸ ਤੋਂ ਪਹਿਲਾਂ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸਤੰਬਰ ਮਹੀਨੇ 'ਚ ਪੜ੍ਹੀਆਂ ਪੁਸਤਕਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਪ੍ਰੋ. ਸਤੀਸ਼ ਕੁਮਾਰ ਵਰਮਾ ਦਾ ਸਵਾਗਤ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ, ਸਾਹਿਤਕ ਤੇ ਸੱਭਿਆਚਾਰਕ ਖੇਤਰ ਦੀਆਂ ਸਰਗਰਮੀਆਂ ਦੀ ਜਾਣਕਾਰੀ ਸਾਂਝੀ ਕੀਤੀ। ਪ੍ਰੋ. ਸਤੀਸ਼ ਵਰਮਾ ਨੇ ਕਿਹਾ ਕਿ ਉਸ ਨੇ ਆਪਣੇ ਜੀਵਨ 'ਚ ਅਕਾਦਮਿਕ ਤੇ ਕਲਾਤਮਕ ਖੇਤਰ 'ਚ ਜੋ ਵੀ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਦਾ ਅਧਾਰ ਪੁਸਤਕਾਂ ਹੀ ਬਣੀਆਂ ਹਨ।ਸਕੂਲ ਪੱਧਰ ਤੋਂ ਹੀ ਉਹ ਪਾਠਕ੍ਰਮ ਤੋਂ ਇਲਾਵਾ ਸਾਹਿਤਕ ਕਿਤਾਬਾਂ ਪੜ੍ਹਨ ਲੱਗ ਗਏ ਸਨ, ਜਿਸ ਦੀ ਬਦੌਲਤ ਉਨ੍ਹਾਂ ਦੀ ਸ਼ਬਦਾਵਲੀ 'ਚ ਵਾਧਾ ਹੁੰਦਾ ਗਿਆ।ਚੰਗੀ ਸ਼ਬਦਾਵਲੀ ਸਦਕਾ ਹੀ ਉਨ੍ਹਾਂ ਲਈ ਟੀ ਵੀ ਪ੍ਰੋਗਰਾਮ, ਫਿਲਮਾਂ ਤੇ ਅਖ਼ਬਾਰੀ ਕਾਲਮ ਲਿਖਣ ਲਈ ਰਸਤੇ ਖੁੱਲ੍ਹਦੇ ਗਏ।ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਲੰਬਾ ਅਰਸਾ ਪੰਜਾਬੀ ਯੂਨੀਵਰਸਿਟੀ 'ਚ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਦਿੱਤੀਆਂ, ਪਰ ਉਨ੍ਹਾਂ ਦੀ ਵੱਡੀ ਪਹਿਚਾਣ ਐਂਕਰ ਵਜੋਂ ਬਣੀ।ਐਂਕਰਿੰਗ ਤੇ ਕਾਲਮ ਨਵੀਸੀ ਨੇ ਉਸ ਨੂੰ ਪਰਿਆਂ-ਸੱਥਾਂ ਤੱਕ ਪਹੁੰਚਾ ਦਿੱਤਾ।ਪ੍ਰੋ. ਵਰਮਾ ਨੇ ਨਵੀਂ ਪੀੜ੍ਹੀ ਨੂੰ ਅਪੀਲ ਕੀਤੀ ਕਿ ਕਿਤਾਬਾਂ ਮਨੁੱਖ ਦੇ ਹਰ ਦੁੱਖ-ਸੁੱਖ 'ਚ ਸਹਾਈ ਹੁੰਦੀਆਂ ਹਨ ਤੇ ਮਾਗਰ ਦਰਸ਼ਕ ਬਣਦੀਆਂ ਹਨ।ਇਸ ਕਰਕੇ ਕਿਤਾਬਾਂ ਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾਉਣਾ ਚਾਹੀਦਾ ਹੈ।ਡਾ. ਸੰਤੋਖ ਸੁੱਖੀ, ਡਾ. ਮਨਜਿੰਦਰ ਸਿੰਘ ਤੇ ਸਤਪਾਲ ਸਿੰਘ ਚਹਿਲ ਨੇ ਕਵਿਤਾਵਾਂ ਪੇਸ਼ ਕੀਤੀਆਂ।ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ।ਇਸ ਮੌਕੇ ਡਿਪਟੀ ਡਾਇਰੈਕਟਰ ਹਰਭਜਨ ਕੌਰ, ਚੰਦਨਦੀਪ ਕੌਰ ਤੇ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਰਿੰਦਰ ਕੌਰ, ਜਸਪ੍ਰੀਤ ਕੌਰ, ਰਾਬੀਆ ਤੇ ਵੱਡੀ ਗਿਣਤੀ 'ਚ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਬੈਜ ਤੇ ਹੱਥ ਪਰਚਾ ਜਾਰੀ



**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਮਾਨਸਾ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਇੱਕ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਡਾ. ਗੁਰਪ੍ਰੀਤ ਸਿੰਘ ਭੈਣੀ ਬਾਘਾ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ।ਮੀਟਿੰਗ 'ਚ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜ਼ਿਲ੍ਹਾ ਸਕੱਤਰ ਡਾ. ਸਿਮਰਜੀਤ ਸਿੰਘ ਗਾਗੋਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਬਲਾਕ ਕਮੇਟੀ ਤੇ ਸਮੂਹ ਸਾਥੀਆਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਵਿਸ਼ੇਸ਼ ਮੀਟਿੰਗ ਵਿੱਚ ਐਸੋਸੀਏਸ਼ਨ ਦਾ ਬੈਜ਼ ਤੇ ਹੱਥ ਪਰਚਾ ਅਕਾਸ਼ ਗੂੰਜਾਉ ਨਾਹਰਿਆਂ ਦੀ ਗੂੰਜ ਨਾਲ ਜਾਰੀ ਕੀਤਾ ਗਿਆ।ਸ਼ਹੀਦ ਭਗਤ ਸਿੰਘ ਨੂੰ ਸਿਜਦਾ ਕਰਦਿਆਂ ਉਨ੍ਹਾਂ ਵੱਲੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਰ ਜਵਾਨੀ ਵਿੱਚ ਕੀਤੀ ਕੁਰਬਾਨੀ ਨੂੰ ਵੀ ਯਾਦ ਕੀਤਾ।ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਤੇ ਬਾਰਿਸ਼ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ 'ਤੇ ਦੁੱਖ ਪ੍ਰਗਟ ਕਰਨ ਤੋਂ ਇਲਾਵਾ ਰਾਹਤ ਕਾਰਜਾਂ ਤੇ ਸਿਹਤ ਸੇਵਾਵਾਂ ਦੇ ਅਤਿ ਜ਼ਰੂਰੀ ਕਾਰਜਾਂ ਵਿੱਚ ਸਮਾਜਸੇਵੀ ਸੰਗਠਨਾਂ, ਨੌਜਵਾਨਾਂ ਮੈਡੀਕਲ ਪ੍ਰੈਕਟੀਸ਼ਨਰਾਂ ਤੇ ਹਰ ਵਰਗ ਵੱਲੋਂ ਪਾਏ ਵਡਮੁੱਲੇ ਯੋਗਦਾਨ ਲਈ ਧੰਨਵਾਦ ਕਰਦਿਆਂ ਹਾਲਤ ਸੁਖਾਵੇਂ ਹੋਣ ਜਾਰੀ ਰੱਖਣ ਦੀ ਅਪੀਲ ਕੀਤੀ।ਮੀਟਿੰਗ ਦੌਰਾਨ ਬਲਾਕ ਸਕੱਤਰ ਰਣਵੀਰ ਸਿੰਘ, ਕੈਸ਼ੀਅਰ ਅਮਰੀਕ ਸਿੰਘ, ਚੇਅਰਮੈਨ ਗੁਰਨਾਮ ਸਿੰਘ ਕੋਟੜਾ, ਮਨੋਜ ਖਿਆਲਾ, ਨਿਰਮਲ ਸਿੰਘ ਰਾਏਪੁਰ, ਅਜਮੇਰ ਖਿਆਲਾ ਆਦਿ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਐਸੋਸੀਏਸ਼ਨ ਨਾਲ ਮਾਨਤਾ ਦਾ ਕੀਤਾ ਵਾਅਦਾ ਜਲਦ ਪੂਰਾ ਕੀਤਾ ਜਾਵੇ।ਇਸ ਮੌਕੇ ਡੁਮੇਲੀ ਹਸਪਤਾਲ ਦੇ ਡਾ. ਸੁਖਦੇਵ ਸਿੰਘ ਡੁਮੇਲੀ ਵੱਲੋਂ ਚਿਕਨਗੁਨੀਆ, ਡੇਂਗੂ ਤੇ ਜਨਰਲ ਸਰਜਰੀ ਸਬੰਧੀ ਵਿਸਥਾਰਤ ਜਾਣਕਾਰੀ ਦਿੱਤੀ ਗਈ।

## ਸਹਾਰਾ ਸੁਸਾਇਟੀ ਨੇ ਕੀਤਾ 4 ਲਾਵਾਰਿਸ ਦੇਹਾਂ ਦਾ ਅੰਤਿਮ ਸੰਸਕਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਮਨੁੱਖਤਾ ਦੀ ਸੇਵਾ ਨੂੰ ਸਮਰਪਤ ਸਹਾਰਾ ਸਰਵਿਸ ਸੁਸਾਇਟੀ ਨੇ ਸਥਾਨਕ ਰਾਮਬਾਗ ਵਿਖੇ 4 ਲਾਵਾਰਿਸ ਦੇਹਾਂ ਦਾ ਅੰਤਿਮ ਸੰਸਕਾਰ ਕਰਕੇ ਆਪਣੀ ਜ਼ਿੰਮੇਵਾਰੀ ਨਿਭਾਈ।ਜਾਣਕਾਰੀ ਅਨੁਸਾਰ ਸੁਸਾਇਟੀ ਵੱਲੋਂ ਅੰਤਿਮ ਸੰਸਕਾਰ ਕੀਤੀਆਂ ਗਈਆਂ ਚਾਰ ਦੇਹਾਂ ਵਿੱਚੋਂ 2 ਦੇਹਾਂ ਦਾ ਸਸਕਾਰ ਅਸ਼ੋਕ ਜੈਨ ਤੇ 2 ਦੇਹਾਂ ਦਾ ਸਸਕਾਰ ਵੀਨੂ ਗੋਇਲ ਦੁਆਰਾ ਕਰਵਾਇਆ ਗਿਆ।ਇਸ ਮੌਕੇ ਡੀਐੱਸਪੀ ਤ੍ਰਿਲੋਚਨ ਸਿੰਘ ਭੁੱਲਰ, ਸਿਟੀ-2 ਐੱਸਐੱਚਓ ਸੁਖਦਰਸ਼ਨ ਸ਼ਰਮਾ, ਐੱਚਸੀ ਸੁਖਬੀਰ ਸਿੰਘ, ਈਐੱਸਆਈ ਥਾਣਾ ਸਿੰਘ ਪੁਲਸ ਮੁਲਾਜ਼ਮ ਹਾਜ਼ਰ ਸਨ ਅਤੇ ਉਨ੍ਹਾਂ ਸੁਸਾਇਟੀ ਦੇ ਕਾਰਜ ਦੀ ਪਸ਼ਸ਼ੰਸਾ ਕੀਤੀ। ਸੁਸਾਇਟੀ ਮੈਂਬਰਾਂ 'ਚੋਂ ਚੇਅਰਮੈਨ ਪ੍ਰਵੀਨ ਕੁਮਾਰ ਕਾਲਾ, ਮੁੱਖ ਸਕੱਤਰ ਚਿਤਰੰਜਨ ਗਾਂਭਾ, ਪ੍ਰੇਮ ਖਰਬੰਦਾ, ਬੂਟਾ ਗੱਪੀ, ਮੋਹਨਸਿੰਘ ਮੋਹਣੀ ਪੰਜਾਬ ਮੋਟਰ, ਦਵਿੰਦਰ ਸਿੰਘ ਤੇ ਮੁੱਖ ਸਮਾਜਸੇਵੀ ਅਸ਼ੋਕ ਭਟਨਾਗਰ ਸਮੇਤ ਵੱਡੀ ਗਿਣਤੀ ਵਿੱਚ ਸਮਾਜ ਸੇਵਕ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਬਲੱਡ ਡੋਨੇਸ਼ਨ ਡੇਅ ਮਨਾਇਆ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**0ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਰਾਸ਼ਟਰੀ ਖ਼ੂਨਦਾਨ ਦਿਵਸ ਦੇ ਮੌਕੇ ਸਲੋਗਨ ਲਿਖਣ ਦੀ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ ਗਿਆ।ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਖ਼ੂਨਦਾਨ ਦੀ ਸਮਾਜਕ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਇਸ ਮਨੁੱਖਤਾ ਭਰੇ ਕਾਰਜ ਨੂੰ ਪ੍ਰੋਤਸਾਹਤ ਕਰਨ ਲਈ ਆਪਣੀ ਰਚਨਾਤਮਕਤਾ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਨਾ ਸੀ।ਇਸ ਮੁਕਾਬਲੇ ਦਾ ਆਯੋਜਨ ਸਮਾਜ ਵਿਗਿਆਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਲਵਪ੍ਰੀਤ ਸਿੰਘ ਵੱਲੋਂ ਵਿਭਾਗ ਦੇ ਮੁਖੀ ਡਾ. ਨਵ ਸ਼ਗਨ ਦੀਪ ਕੌਰ ਦੀ ਅਗਵਾਈ ਹੇਠ ਕੀਤਾ ਗਿਆ।ਡਾ. ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਸਭ ਵਿਦਿਆਰਥੀਆਂ ਦੀ ਉਤਸ਼ਾਹਪੂਰਣ ਭਾਗੀਦਾਰੀ ਦੀ ਪ੍ਰਸ਼ੰਸਾ ਕੀਤੀ।

# ਸਿਵਲ ਹਸਪਤਾਲ ਦੀ ਹੋਵੇਗੀ ਕਾਇਆ-ਕਲਪ : ਵਿਧਾਇਕ ਰਾਏ

**ਬੈਂਕ ਵੱਲੋਂ ਕਮਰਸ਼ੀਅਲ ਵਾਸ਼ਿੰਗ ਮਸ਼ੀਨ ਤੇ ਰੈਕਸ ਹਸਪਤਾਲ ਨੂੰ ਭੇਟ**



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਦਾ ਦੌਰਾ ਕੀਤਾ ਗਿਆ ਤੇ ਮਰੀਜ਼ਾਂ ਦਾ ਹਾਲ ਜਾਣਿਆ।ਮਰੀਜ਼ਾਂ ਮੁਤਾਬਕ ਹਸਪਤਾਲ ਦੀਆਂ ਸੁਵਿਧਾਵਾਂ ਵਿੱਚ ਪਹਿਲਾਂ ਨਾਲੋਂ ਕਾਫੀ ਸੁਧਾਰ ਹੋਇਆ ਹੈ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿਵਲ ਹਸਪਤਾਲ ਦੀ ਨੁਹਾਰ ਬਦਲਣ ਦੇ ਲਈ 2 ਕਰੋੜ ਰੁਪਿਆ ਖਰਚ ਕੀਤਾ ਜਾ ਰਿਹਾ ਹੈ, ਤਾਂ ਜੋ ਮਰੀਜ਼ਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਉੱਤੇ ਕਲੰਕ ਸੀ ਕਿ ਇਸ ਨੂੰ ਰੈਫਰ ਹਸਪਤਾਲ ਵਜੋਂ ਜਾਣਿਆ ਜਾਂਦਾ ਸੀ।ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਵੱਲ ਖਾਸ ਧਿਆਨ ਦਿੱਤਾ ਗਿਆ, ਜਿਸ ਦੀ ਬਦੌਲਤ ਸਿਵਲ ਹਸਪਤਾਲ ਪਹਿਲਾਂ ਨਾਲੋਂ ਬਿਹਤਰ ਹੋਏ ਹਨ। ਉਨ੍ਹਾਂ ਦੱਸਿਆ ਕਿ ਆਈਡੀਬੀਆਈ ਬੈਂਕ ਦੀ ਸਰਹਿੰਦ ਬ੍ਰਾਂਚ ਵੱਲੋਂ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਨੂੰ ਕਮਰਸ਼ੀਅਲ ਵਾਸ਼ਿੰਗ ਮਸ਼ੀਨ, ਦਵਾਈਆਂ ਰੱਖਣ ਲਈ ਰੈਕਸ ਤੇ ਕੁਰਸੀਆਂ ਮੁਹੱਈਆ ਕਰਵਾਈਆਂ ਗਈਆਂ ਹਨ।ਉਕਤ ਸਹਿਯੋਗ ਲਈ ਅਸੀਂ ਜਿੱਥੇ ਬੈਂਕ ਮੈਨੇਜਰ ਵਿਪਨ ਕੁਮਾਰ ਜੈਨ ਦੇ ਧੰਨਵਾਦੀ ਹਾਂ, ਉੱਥੇ ਹੀ ਆਈਡੀਬੀਆਈ ਬੈਂਕ ਦੇ ਵੀ ਧੰਨਵਾਦੀ ਹਾਂ ਕਿ ਇਹ ਹਮੇਸ਼ਾ ਸਾਨੂੰ ਸਹਿਯੋਗ ਕਰਦੇ ਰਹਿੰਦੇ ਹਨ।ਉਨ੍ਹਾਂ ਕੌਂਸਲਰ ਦਵਿੰਦਰ ਕੌਰ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਨੂੰ ਗਰਾਸ ਕਟਿੰਗ ਮਸ਼ੀਨ ਮੁਹੱਈਆ ਕਰਵਾਈ ਗਈ ਹੈ।ਇਸ ਮੌਕੇ ਸਿਵਲ ਸਰਜਨ ਡਾ. ਅਰਵਿੰਦਪਾਲ ਸਿੰਘ, ਐੱਸਐੱਮਓ ਡਾ. ਕੇਡੀ ਸਿੰਘ, ਐੱਸਐੱਮਓ ਸਚਿਨ ਨਰੂਲਾ, ਬਲਾਕ ਪ੍ਰਧਾਨ ਪ੍ਰਿਤਪਾਲ ਸਿੰਘ ਜੱਸੀ, ਮਾਲਵਾ ਸੈਂਟਰਲ ਜ਼ੋਨ ਦੇ ਸੋਸ਼ਲ ਮੀਡੀਆ ਇੰਚਾਰਜ ਦੀਪਕ ਬਾਤਿਸ਼, ਵਪਾਰ ਸੈੱਲ ਦੇ ਪ੍ਰਧਾਨ ਅਸੀਸ਼ ਅੱਤਰੀ, ਰਜੇਸ਼ ਕੁਮਾਰ, ਹਰਵਿੰਦਰ ਸੂਦ ਆਦਿ ਹਾਜ਼ਰ ਸਨ।

# ਗੋਲਡੀ ਖੰਗੂੜਾ ਵੱਲੋਂ 'ਵੋਟ ਚੋਰ ਗੱਦੀ ਛੋੜ' ਮੁਹਿੰਮ ਦਾ ਆਗਾਜ਼

**ਭਾਜਪਾ ਦੀ ਜਿੱਤ ਲੋਕ ਫਤਵਾ ਨਹੀਂ, ਈ ਵੀ ਐੱਮ 'ਚ ਹੇਰਾਫੇਰੀ ਦੀ ਨਿਸ਼ਾਨੀ : ਖੰਗੂੜਾ**



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਆਪਣੇ ਨਿਵਾਸ ਸਥਾਨ ਵਿਖੇ ਸੱਦੇ ਸਮਾਗਮ ਦੌਰਾਨ ਆਲ ਇੰਡੀਆ ਕਾਂਗਰਸ ਵੱਲੋਂ ਭਾਜਪਾ ਤੇ ਦੇਸ਼ ਦੇ ਚੋਣ ਕਮਿਸ਼ਨ ਖਿਲਾਫ਼ ਸ਼ੁਰੂ ਕੀਤੀ ਗਈ 'ਵੋਟ ਚੋਰ ਗੱਦੀ ਛੋੜ' ਮੁਹਿੰਮ ਦਾ ਰਸਮੀ ਤੌਰ 'ਤੇ ਆਗਾਜ਼ ਕੀਤਾ।ਇਸ ਸਮਾਗਮ ਵਿੱਚ ਹਲਕਾ ਧੂਰੀ ਦੇ ਪੰਚਾਂ, ਸਰਪੰਚਾਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ, ਕੌਂਸਲਰਾਂ ਤੇ ਵੱਡੀ ਗਿਣਤੀ ਵਿੱਚ ਪਾਰਟੀ ਅਧਿਕਾਰੀਆਂ ਤੇ ਵਰਕਰਾਂ ਨੇ ਸ਼ਿਰਕਤ ਕੀਤੀ।ਗੋਲਡੀ ਖੰਗੂੜਾ ਨੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦੇਸ਼ ਦੇ ਚੋਣ ਕਮਿਸ਼ਨ ਤੇ ਭਾਜਪਾ ਖਿਲਾਫ਼ ਪੁਖ਼ਤਾ ਸਬੂਤ ਪੇਸ਼ ਕੀਤੇ ਹਨ, ਜਿਨ੍ਹਾਂ 'ਚ ਸਾਬਿਤ ਹੋਇਆ ਹੈ ਕਿ ਲੱਖਾਂ ਵੋਟਾਂ ਫ਼ਰਜ਼ੀ ਤੌਰ 'ਤੇ ਪਾਈਆਂ ਗਈਆਂ।

ਉਨ੍ਹਾਂ ਕਿਹਾ ਕਿ ਇਹ ਮੁਹਿੰਮ ਲੋਕ ਜਾਗਰੂਕਤਾ ਲਈ ਹੈ ਤੇ ਉਹ ਇਸ ਨੂੰ ਘਰ-ਘਰ ਤੱਕ ਲੈ ਕੇ ਜਾਣਗੇ, ਤਾਂ ਜੋ ਲੋਕ ਭਾਜਪਾ ਦੀ ਵੋਟ ਚੋਰੀ ਦੀ ਸੱਚਾਈ ਨਾਲ ਜਾਣੂ ਹੋਣ।ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਦੀ ਜਿੱਤ ਕਿਸੇ ਲੋਕ ਫੈਸਲੇ ਦਾ ਨਤੀਜਾ ਨਹੀਂ, ਸਗੋਂ ਈਵੀਐੱਮ ਵਿੱਚ ਹੋਈ ਹੇਰਾਫੇਰੀ ਦਾ ਪ੍ਰਮਾਣ ਹੈ।ਗੋਲਡੀ ਖੰਗੂੜਾ ਨੇ ਕਿਹਾ ਕਿ ਜਿੱਥੇ ਭਾਜਪਾ ਨੂੰ ਲੋਕਾਂ ਨੇ ਨਕਾਰ ਦਿੱਤਾ ਹੈ, ਉਥੇ ਵੀ ਉਸ ਨੇ ਵੋਟ ਚੋਰੀ ਕਰਕੇ ਝੂਠੀ ਜਿੱਤ ਦਰਜ ਕਰਵਾਈ ਹੈ।ਹੁਣ ਦੇਸ਼ ਭਰ ਵਿੱਚ ਭਾਜਪਾ ਦੀ ਪੋਲ ਖੁੱਲ੍ਹ ਚੁੱਕੀ ਹੈ ਤੇ ਲੋਕਾਂ ਨੂੰ ਸਮਝ ਆ ਰਹੀ ਹੈ ਕਿ ਭਾਜਪਾ ਵੋਟ ਚੋਰੀ ਕਰਕੇ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਈ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਸ ਅੰਦੋਲਨ ਨੂੰ ਜਨ ਅੰਦੋਲਨ ਬਣਾਏਗੀ ਤੇ ਹਰ ਪਿੰਡ, ਸ਼ਹਿਰ ਤੇ ਹਲਕੇ ਵਿੱਚ ਲੋਕਾਂ ਨੂੰ ਸੱਚਾਈ ਦੱਸਣ ਲਈ ਪਹੁੰਚੇਗੀ।

ਗੋਲਡੀ ਖੰਗੂੜਾ ਨੇ ਕਿਹਾ ਕਿ ਲੋਕਤੰਤਰ ਦੀ ਰੱਖਿਆ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਵੋਟ ਚੋਰੀ ਦੇ ਖਿਲਾਫ਼ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਇਸ ਮੌਕੇ ਕਾਂਗਰਸ ਦੇ ਸਕੱਤਰ ਹੰਸ ਰਾਜ ਗੁਪਤਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ, ਜਗਤਾਰ ਸਿੰਘ ਤਾਰਾ ਬੇਨੜਾ, ਰਾਜੀਵ ਚੌਧਰੀ, ਮਹਾਂਵੀਰ ਸਿੰਘ (ਕੌਂਸਲਰ), ਦਰਸ਼ਨ ਕੁਮਾਰ ਸਾਬਕਾ ਕੌਂਸਲਰ ਸਮੇਤ ਕਈ ਹੋਰ ਮੋਹਤਵਰ ਹਾਜ਼ਰ ਸਨ।

## ਭਗਵਾਨ ਵਾਲਮੀਕਿ ਦਾ ਪ੍ਰਗਟ ਦਿਵਸ ਭਲਕੇ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਭਗਵਾਨ ਵਾਲਮੀਕਿ ਮੰਦਰ ਵਿਖੇ 7 ਅਕਤੂਬਰ ਨੂੰ ਪ੍ਰਗਟ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਪ੍ਰਗਟ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਪ੍ਰਬੰਧਕਾਂ ਨੇ ਦੱਸਿਆ ਕਿ ਸਵੇਰੇ 9 ਵਜੇ ਹਵਨ ਤੇ ਝੰਡੇ ਦੀ ਰਸਮ ਹੋਵੇਗੀ, ਉਪਰੰਤ ਲੰਗਰ ਦਾ ਉਦਘਾਟਨ ਕੀਤਾ ਜਾਵੇਗਾ। ਬਾਅਦ ਦੁਪਹਿਰ 3 ਵਜੇ ਸ਼ੋਭਾ ਯਾਤਰਾ ਸਜਾਈ ਜਾਵੇਗੀ, ਜੋ ਕਿ ਮੰਦਰ ਤੋਂ ਸ਼ੁਰੂ ਹੋ ਕੇ ਸਾਰੇ ਸ਼ਹਿਰ ਦੀ ਪ੍ਰਕਿਰਮਾ ਕਰਨ ਉਪਰੰਤ ਸਮਾਪਤ ਹੋਵੇਗੀ। ਸ਼ੋਭਾ ਯਾਤਰਾ ਦੀਆਂ ਤਿਆਰੀਆਂ ਸਬੰਧੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ। ਮੀਟਿੰਗ ਵਿਚ ਪ੍ਰਧਾਨ ਸ਼ਿਵ ਬਾਲੀ, ਰਾਜ ਕੁਮਾਰ ਘਾਰੂ, ਜਤਿੰਦਰ ਬਾਲੀ, ਪਵਨ ਕੁਮਾਰ, ਪਾਰਸ ਬਾਲੀ, ਗੌਰਵ ਬਾਲੀ, ਦੇਵਕੀ ਨੰਦਨ ਮੰਟੂ, ਸਤਪਾਲ ਪਾਮੇ, ਰਾਜ ਕੁਮਾਰ ਰਾਜੂ, ਸੰਨੀ ਵੈਦ, ਸੁੱਚਾ ਰਾਮ, ਕੇਸ਼ਵ ਬਾਲੀ, ਚੇਤਨ ਬਾਲੀ, ਨੀਲ ਬਾਲੀ, ਬਲਦੇਵ ਸਿੰਘ, ਜਗਜੀਤ ਸਿੰਘ, ਖੇਮ ਰਾਜ, ਰਾਕੇਸ਼ ਵੈਦ, ਗੁਰਬਚਨ ਸਿੰਘ, ਜਸਵੀਰ ਸਿੰਘ ਬਿੱਲੂ, ਸਤਪਾਲ ਕਾਕਾ, ਅਮਨਦੀਪ ਸਿੰਘ, ਰਵੀ ਸ਼ੰਕਰ, ਗਗਨਦੀਪ, ਸੋਹਣ ਲਾਲ, ਆਸ਼ੂ, ਸਰਾਜ ਮੌਜੂਦ ਸਨ।

## ਕਾਂਗਰਸ ਵੱਲੋਂ ਦਾਤੇਵਾਲ ਤੋਂ ਵੋਟ ਚੋਰ-ਗੱਦੀ ਛੋੜ ਹਸਤਾਖਰ ਮੁਹਿੰਮ ਦਾ ਅਗਾਜ਼



**ਕੋਟ ਈਸੇ ਖਾਂ (ਅਰੋੜਾ)**-ਪਿੰਡ ਦਾਤੇਵਾਲ ਬਲਾਕ ਕੋਟ ਈਸੇ ਖਾਂ ਵਿਖੇ ਕਾਂਗਰਸ ਪਾਰਟੀ ਵੱਲੋਂ ਇੱਕ ਅਹਿਮ ਮੀਟਿੰਗ ਦੌਰਾਨ ਵੋਟ ਚੋਰ-ਗੱਦੀ ਛੋੜ ਹਸਤਾਖ਼ਰ ਮੁਹਿੰਮ ਦਾ ਆਗਾਜ਼ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਤੇ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਸੋਹਣਾ ਖੇਲਾ, ਸ਼ਿਵਾਜ ਸਿੰਘ ਭੋਲਾ ਮਸਤੇਵਾਲਾ ਬਲਾਕ ਪ੍ਰਧਾਨ ਕੋਟ ਈਸੇ ਖਾਂ, ਨਰਿੰਦਰ ਸਿੰਘ ਜਾਫਰਵਾਲਾ ਪ੍ਰਧਾਨ ਯੂਥ ਵਿੰਗ ਹਲਕਾ ਧਰਮਕੋਟ ਤੇ ਪਿੰਡ ਦਾਤੇਵਾਲ ਦੇ ਸਮੂਹ ਆਗੂਆਂ ਤੇ ਵਰਕਰ ਸਾਹਿਬਾਨਾਂ ਵੱਲੋਂ ਵੋਟ ਚੋਰ-ਗੱਦੀ ਛੋੜ ਮੁਹਿੰਮ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਹਸਤਾਖ਼ਰ ਕਾਪੀਆਂ ਵੰਡੀਆਂ ਗਈਆਂ।ਇਸ ਮੌਕੇ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਸਾਹਿਬਾਨ ਹਾਜ਼ਰ ਹੋਏ।ਕਾਂਗਰਸੀ ਆਗੂਆਂ ਨੇ ਇਸ ਦੌਰਾਨ ਆਖਿਆ ਕਿ ਇਹ ਮੁਹਿੰਮ ਲੋਕਤੰਤਰ ਦੀ ਰੱਖਿਆ ਲਈ ਚਲਾਈ ਜਾ ਰਹੀ ਹੈ।ਉਨ੍ਹਾ ਸਮੂਹ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਨੂੰ ਵੱਧ ਤੋਂ ਵੱਧ ਨੌਜਵਾਨਾਂ ਤੱਕ ਤੇ ਆਮ ਘਰਾਂ ਤੱਕ ਪਹੁੰਚਾਇਆ ਜਾਵੇ।ਇਸ ਮੌਕੇ ਪਿੰਡ ਵਾਸੀਆਂ ਨੂੰ ਇਸ ਮਹਿੰਮ ਦੀਆਂ ਕਾਪੀਆਂ ਵੀ ਵੰਡੀਆ ਗਈਆਂ ਤਾਂ ਜੋ ਉਹ ਇਨ੍ਹਾਂ ਉੱਪਰ ਲੋਕਾਂ ਦੇ ਹਸਤਾਖਰ ਕਰਵਾ ਸਕਣ।ਇਸ ਮੌਕੇ ਇੰਦਰਪਾਲ ਸੰਧੂ ਪਾਲ ਦਾਤੇਵਾਲ, ਸਨੀ ਵਾਲੀਆ, ਬਿੰਦਰ ਮਾਨ, ਰਾਜਾ ਮਾਨ, ਲਾਡੀ, ਜੱਸੀ, ਜੋਤ ਵਾਲੀਆ, ਗੁਲਜਾਰ ਸਿੰਘ, ਪ੍ਰੇਮ ਫੌਜੀ, ਜੱਸਾ ਵਾਲੀਆ, ਦਾਰਾ ਮਾਨ, ਜਗਮੋਹਨ ਮਾਨ, ਬੌਬੀ ਮਾਨ, ਨਿਰਮਲ ਸੰਧੂ, ਸੁੱਖਾ ਸੰਧੂ, ਸਾਬੀ ਲਹੌਰੀਆ ਆਦਿ ਹਾਜ਼ਰ ਸਨ।

## ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਘੱਲ ਕਲਾਂ ਦੀ ਇਕਾਈ ਚੋਣ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪਿੰਡ ਇਕਾਈ ਘੱਲ ਕਲਾਂ ਦੀ ਜਨਰਲ ਬਾਡੀ ਮੀਟਿੰਗ ਪਿੰਡ ਇਕਾਈ ਪ੍ਰਧਾਨ ਜਸਵਿੰਦਰ ਸਿੰਘ ਛਿੰਦਾ ਦੀ ਅਗਵਾਈ ਹੇਠ ਗੁਰਦੁਆਰਾ ਗੁਰੂਸਰ ਛੇਵੀਂ ਪਾਤਸ਼ਾਹੀ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘੱਲ ਕਲਾਂ ਬਲਾਕ ਮੋਗਾ ਟੂ ਦੇ ਪ੍ਰਧਾਨ ਇਕਬਾਲ ਸਿੰਘ ਸਿੰਘਾਂਵਾਲਾ ਵੀ ਸ਼ਾਮਲ ਹੋਏ। ਇਸ ਮੌਕੇ 13 ਮੈਂਬਰੀ ਪਿੰਡ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਇਕਾਈ ਪ੍ਰਧਾਨ ਗੁਰਵਿੰਦਰ ਸਿੰਘ ਗੋਰਾ ਮੀਤ ਪ੍ਰਧਾਨ ਜਗਮੋਹਨ ਸਿੰਘ, ਸਕੱਤਰ ਹਰਸਿਮਰਨਜੀਤ ਸਿੰਘ, ਸਹਾਇਕ ਸਕੱਤਰ ਜਸਵਿੰਦਰ ਸਿੰਘ ਮਿੰਟੂ, ਖਜ਼ਾਨਚੀ ਬਲੌਰ ਸਿੰਘ, ਸਲਾਹਕਾਰ ਜਸਵਿੰਦਰ ਸਿੰਘ ਸ਼ਿੰਦਾ, ਖੁਸ਼ਵਿੰਦਰ ਸਿੰਘ, ਜਗਦੀਪ ਸਿੰਘ, ਰਾਜਿੰਦਰ ਸਿੰਘ, ਗੁਰਮੇਲ ਸਿੰਘ, ਹਰਦੀਪ ਸਿੰਘ, ਪ੍ਰਗਟ ਸਿੰਘ, ਹਰਪ੍ਰੀਤ ਸਿੰਘ ਹੈਪੀ ਤੋਂ ਇਲਾਵਾ ਪਿੰਡ ਦੇ ਹੋਰ ਕਿਸਾਨ ਵੀ ਸ਼ਾਮਲ ਹੋਏ।

## ਪੱਤਰਕਾਰਾਂ 'ਤੇ ਵਧ ਰਹੇ ਹਮਲੇ ਚਿੰਤਾ ਦਾ ਵਿਸ਼ਾ : ਸਿੰਧਵਾਨੀ, ਚੌਧਰੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਕੌਮੀ ਚੇਅਰਮੈਨ ਵਿਵੇਕ ਸਿੰਧਵਾਨੀ ਤੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਕਿਹਾ ਕਿ ਦੇਸ਼ ਭਰ ਵਿੱਚ ਪੱਤਰਕਾਰਾਂ 'ਤੇ ਵਧ ਰਹੇ ਹਮਲੇ ਲੋਕਤੰਤਰ ਲਈ ਗੰਭੀਰ ਖਤਰੇ ਦਾ ਸੰਕੇਤ ਹਨ।ਉਨ੍ਹਾਂ ਚਿੰਤਾ ਜਤਾਈ ਕਿ ਜਿਹੜੇ ਲੋਕ ਸੱਚਾਈ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਆਪਣੀ ਜਾਨ ਨੂੰ ਜੋਖਮ 'ਚ ਪਾਉਂਦੇ ਹਨ, ਉਹ ਅੱਜ ਆਪ ਹੀ ਆਸੁਰੱਖਿਅਤ ਮਹਿਸੂਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੱਤਰਕਾਰ ਸਿਰਫ਼ ਖ਼ਬਰਾਂ ਰਾਹੀਂ ਲੋਕਾਂ ਦੀ ਆਵਾਜ਼ ਨਹੀਂ ਬਣਦੇ, ਸਗੋਂ ਸਰਕਾਰਾਂ ਤੇ ਪ੍ਰਸ਼ਾਸਨ ਨੂੰ ਵੀ ਸ਼ੀਸ਼ਾ ਦਿਖਾਉਂਦੇ ਹਨ।ਇਸ ਲਈ ਜਦੋਂ ਪੱਤਰਕਾਰਾਂ ਨੂੰ ਹੀ ਹਿੰਸਾ, ਧਮਕੀਆਂ ਜਾਂ ਹਮਲਿਆਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ, ਤਾਂ ਇਹ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੇ ਬਰਾਬਰ ਹੈ।ਸਿੰਧਵਾਨੀ ਤੇ ਚੌਧਰੀ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਕਈ ਪੱਤਰਕਾਰ ਆਪਣੀ ਡਿਊਟੀ ਨਿਭਾਉਂਦਿਆਂ ਹਲਕਾ ਨਹੀਂ, ਸਗੋਂ ਮੌਤ ਦਾ ਖਤਰਾ ਵੀ ਮੁੱਲ ਲੈਂਦੇ ਹਨ।ਬੇਧੜਕ ਸੱਚ ਬਿਆਨ ਕਰਨ ਵਾਲਿਆਂ 'ਤੇ ਹਮਲੇ ਕੇਵਲ ਵਿਅਕਤੀਗਤ ਪੱਧਰ 'ਤੇ ਹੀ ਨਹੀਂ, ਸਗੋਂ ਸਮਾਜ ਤੇ ਲੋਕਤੰਤਰ ਦੇ ਮੂਲ ਢਾਂਚੇ 'ਤੇ ਹਮਲੇ ਹਨ।ਉਨ੍ਹਾਂ ਸਾਫ਼ ਕਿਹਾ ਕਿ ਇਹ ਰੁਝਾਨ ਨਾ ਸਿਰਫ਼ ਨਿੰਦਣਯੋਗ ਹੈ, ਸਗੋਂ ਰੋਕਣਯੋਗ ਵੀ ਹੈ।ਉਨ੍ਹਾਂ ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਢਿੱਲ ਨਾ ਦਿੱਤੀ ਜਾਵੇ।ਜਿਹੜੇ ਵੀ ਲੋਕ ਪੱਤਰਕਾਰਾਂ 'ਤੇ ਹਮਲੇ ਕਰਨ ਵਿੱਚ ਸ਼ਾਮਲ ਪਾਏ ਜਾਣ, ਉਨ੍ਹਾਂ 'ਤੇ ਸਖ਼ਤ ਕਾਰਵਾਈ ਹੋਵੇ, ਤਾਂ ਜੋ ਸਮਾਜ ਵਿੱਚ ਡਰ ਦਾ ਮਾਹੌਲ ਨਾ ਬਣੇ।ਸਿੰਧਵਾਨੀ ਤੇ ਚੌਧਰੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਨਾ ਬਣਾਈ ਗਈ, ਤਾਂ ਇਹ ਲੋਕਤੰਤਰ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰਨ ਦੇ ਬਰਾਬਰ ਹੋਵੇਗਾ।ਉਨ੍ਹਾਂ ਕਿਹਾ ਕਿ ਪੱਤਰਕਾਰਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ, ਕਿਉਂਕਿ ਕਲਮ ਹਮੇਸ਼ਾ ਹਿੰਸਾ ਤੋਂ ਵੱਧ ਤਾਕਤਵਰ ਹੁੰਦੀ ਹੈ।

## ਸਕੂਲ ਆਫ ਐਮੀਨੈਂਸ ਫੀਲਖਾਨਾ ਵਿਖੇ ਕਿਚਨ ਗਾਰਡਨ ਦੀ ਸ਼ੁਰੂਆਤ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਦੁਰਗਾ ਅਸ਼ਟਮੀ ਦੇ ਸ਼ੁਭ ਮੌਕੇ ਸਟੇਟ ਐਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਤੇ ਸਟਾਫ ਵੱਲੋਂ ਨਵੇਂ ਕਿਚਨ ਗਾਰਡਨ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਡਾਕਟਰ ਗੁਪਤਾ ਨੇ ਸੁਨੇਹਾ ਦਿੱਤਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਸੁਪਨੇ 'ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ' ਲਈ ਸਕੂਲ ਆਫ ਐਮੀਨੈਂਸ ਫੀਲਖਾਨਾ ਵਿਖੇ ਕਿਚਨ ਗਾਰਡਨ ਬਣਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਕਿਚਨ ਗਾਰਡਨ ਵਿੱਚ ਬਿਨਾਂ ਕੈਮੀਕਲ ਸਪਰੇਅ ਤੋਂ ਸਬਜ਼ੀਆਂ ਉਗਾਈਆਂ ਜਾਣਗੀਆਂ।ਵਿਸ਼ੇਸ਼ ਤੌਰ 'ਤੇ ਸ਼ਹਿਰੀ ਵਿਦਿਆਰਥੀਆਂ ਨੂੰ ਸਬਜ਼ੀਆਂ ਬੀਜਣ ਦੇ ਇਸ ਕੰਮ ਨੂੰ ਸਿੱਖਣ ਲਈ ਪ੍ਰੇਰਿਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸਕੂਲ ਦੇ ਐੱਨਐੱਸਐੱਸ ਯੂਨਿਟ ਵੱਲੋਂ ਇਹ ਉਪਰਾਲਾ ਪਿਛਲੇ ਛੇ ਸਾਲ ਤੋਂ ਲਗਾਤਾਰ ਕੀਤਾ ਜਾ ਰਿਹਾ ਹੈ, ਸਕੂਲ ਵਿੱਚ ਮੌਸਮ ਮੁਤਾਬਕ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ, ਇਹ ਸਬਜ਼ੀਆਂ ਥੋੜ੍ਹੀ ਥੋੜ੍ਹੀ ਮਾਤਰਾ ਵਿੱਚ ਵਿਦਿਆਰਥੀਆਂ ਨੂੰ ਘਰ ਲਿਜਾਣ ਲਈ ਵੀ ਦਿੱਤੀਆਂ ਜਾਂਦੀਆਂ ਹਨ।ਵੱਡੀ ਮਾਤਰਾ ਵਿੱਚ ਹੋਣ 'ਤੇ ਮਿੱਡ ਡੇ ਮੀਲ ਵਿੱਚ ਵੀ ਇਹ ਸਬਜ਼ੀਆਂ ਵਿਸ਼ੇਸ਼ ਤੌਰ 'ਤੇ ਬਣਾ ਕੇ ਵਿਦਿਆਰਥੀਆਂ ਨੂੰ ਪਰੋਸੀਆਂ ਜਾਣਗੀਆਂ।ਇਸ ਮੌਕੇ ਕੌਮੀ ਸੇਵਾ ਯੂਨਿਟ ਦੇ ਪ੍ਰੋਗਰਾਮ ਅਫਸਰ ਸ੍ਰੀ ਮਨੋਜ ਥਾਪਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਇੱਕ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਵਿੱਚ ਸਵੈ ਰੁਜ਼ਗਾਰ ਤੇ ਆਪਣੀ ਮਿੱਟੀ ਨਾਲ ਜੁੜਨ ਦੇ ਆਸ਼ੇ ਨੂੰ ਪੂਰਾ ਕਰਨ ਲਈ ਕਿਚਨ ਗਾਰਡਨ ਦਾ ਪ੍ਰਬੰਧ ਕੀਤਾ ਗਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਟਾਫ ਵੱਲੋਂ ਵਾਈਸ ਪ੍ਰਿੰਸੀਪਲ ਸੁਰਿੰਦਰ ਕੌਰ, ਸਟਾਫ ਸਕੱਤਰ ਲਖਬੀਰ ਕੌਰ, ਸੀਨੀਅਰ ਲੈਕਚਰਾਰ ਕੰਵਰਜੀਤ ਸਿੰਘ ਧਾਲੀਵਾਲ, ਐੱਨਐੱਸਐੱਸ ਪ੍ਰੋਗਰਾਮ ਅਫਸਰ ਪਰਗਟ ਸਿੰਘ, ਲੈਕਚਰਾਰ ਡਾਕਟਰ ਗੁਰਪ੍ਰੀਤ ਸਿੰਘ, ਸ਼ਿਫਟ ਇੰਚਾਰਜ ਸਿਮਰਨਪ੍ਰੀਤ ਕੌਰ, ਸ਼ਿਫਟ ਇੰਚਾਰਜ ਕਰਮਜੀਤ ਕੌਰ, ਮੈਡਮ ਅਮਰਜੋਤ ਕੌਰ, ਮਨਦੀਪ ਕੌਰ, ਉਜਵਲਾ, ਨੀਤੂ, ਕੈਂਪਸ ਮੈਨੇਜਰ ਗੁਰਮੁਖ ਸਿੰਘ ਤੇ ਵਿਦਿਆਰਥਣਾਂ ਨੇ ਵੀ ਨਵੇਂ ਬੀਜ ਬੀਜਣ ਵਿੱਚ ਆਪਣਾ ਯੋਗਦਾਨ ਪਾਇਆ।

## ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ 'ਤੇ ਸਰਕਾਰ ਦੀ ਨਿੰਦਾ



**ਦੋਰਾਹਾ (ਹਰਮਿੰਦਰ ਸੇਠ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਮਹੀਨਾ ਵਾਰ ਮੀਟਿੰਗ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਇਥੇ ਕ੍ਰਿਸ਼ਨ ਕੁਮਾਰ ਕੌਸ਼ਲ ਯਾਦਗਾਰੀ ਭਵਨ ਵਿਖੇ ਹੋਈ। ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਪਿਛਲੇ ਤਿੰਨ ਸਾਲ ਤੋਂ ਉੱਪਰ ਮੰਨੀਆਂ ਮੰਗਾਂ, ਜਿਨ੍ਹਾਂ ਵਿੱਚ 2.59 ਦੇ ਗੁਣਾਂਕ ਨਾਲ 1.1.2016 ਤੋਂ ਪੈਨਸ਼ਨ ਦੁਹਰਾਈ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਡਾਕਟਰੀ ਇਲਾਜ ਲਈ ਕੈਸ਼ਲੈਸ ਸਕੀਮ ਮੁੜ ਚਾਲੂ ਕਰਨਾ, ਡਾਕਟਰੀ ਭੱਤਾ 2000/- ਰੁਪਏ ਪ੍ਰਤੀ ਮਹੀਨਾ ਕਰਨਾ ਆਦਿ ਸ਼ਾਮਲ ਹਨ, ਨੂੰ ਲਾਗੂ ਨਾ ਕਰਨ 'ਤੇ ਸਰਕਾਰ ਦੀ ਨਿੰਦਾ ਕੀਤੀ ਗਈ। ਮੀਟਿੰਗ ਦੌਰਾਨ ਮਾਣਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਪੈਨਸ਼ਨਰਜ਼ ਦੇ ਹੱਕ ਵਿੱਚ ਕੀਤੇ ਫੈਸਲਿਆਂ ਨੂੰ ਤੁਰੰਤ ਲਾਗੂ ਕਰਨਾ, ਸਰਕਾਰ ਵੱਲੋਂ ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੀਆਂ ਲੰਬਿਤ ਪਾਈਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਸਮੇਤ ਉਨ੍ਹਾਂ ਦੇ ਬਕਾਏ ਦੀ ਤੁਰੰਤ ਅਦਾਇਗੀ ਕਰਨਾ, ਜਦੋਂ ਕਿ ਸਰਕਾਰ ਆਈ ਏ ਐੱਸ ਤੇ ਆਈ ਪੀ ਐੱਸ ਅਧਿਕਾਰੀਆਂ ਨੂੰ 58% ਅਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 42% ਮਹਿੰਗਾਈ ਭੱਤਾ ਦੇ ਰਹੀ ਹੈ, ਇਸ ਵਿਤਕਰੇ ਨੂੰ ਦੂਰ ਕੀਤਾ ਜਾਵੇ। ਸਰਕਾਰ ਦੀ ਕਾਰਪੋਰੇਟ ਘਰਾਣਿਆਂ ਤੇ ਸਨਅਤਕਾਰਾਂ ਨੂੰ ਲੋਕਾਂ ਦੀ ਕੀਮਤ 'ਤੇ ਰਿਆਇਤਾਂ ਦੇ ਗਫਿਆਂ ਨਾਲ ਨਿਵਾਜਣ ਦੀ ਸਖ਼ਤ ਨਿਖੇਧੀ ਕੀਤੀ ਗਈ ਅਤੇ ਮੰਗਾਂ ਪ੍ਰਤੀ ਪੈਨਸ਼ਨਰਜ਼ ਦੇ ਜਾਇੰਟ ਫਰੰਟ ਵੱਲੋਂ ਉਲੀਕੇ ਜਾਣ ਵਾਲੇ ਸੰਘਰਸ਼ ਵਿੱਚ ਭਾਗ ਲੈਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਨੂੰ ਪਵਨ ਕੁਮਾਰ ਕੌਸ਼ਲ, ਗੁਰਦਿਆਲ ਸਿੰਘ ਦਲਾਲ, ਰਣਜੀਤ ਸਿੰਘ ਟਿਵਾਣਾ, ਕਮਲਜੀਤ ਸਿੰਘ, ਰੁਪਿੰਦਰ ਸਿੰਘ, ਪਿਆਰਾ ਸਿੰਘ ਨੇ ਸੰਬੋਧਨ ਕੀਤਾ।

## ਸਾਇੰਸ ਸਟੇਟ ਸੈਮੀਨਾਰ ਮੁਕਾਬਲਿਆਂ 'ਚ ਸਰਕਾਰੀ ਸਕੂਲ ਮੋਹਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਸ਼ੰਕਰ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਸਾਹਿਬ ਨੇ ਬਲਾਕ ਪੱਧਰੀ ਸਾਇੰਸ ਸਟੇਟ ਸੈਮੀਨਾਰ ਤਹਿਤ ਹੋਏ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਗਰਾਈਆਂ ਵਿਖੇ ਕਰਵਾਏ ਪ੍ਰੋਗਰਾਮ ਤਹਿਤ ਸਕੂਲ ਦੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀ ਸੋਨੂ ਕੁਮਾਰ ਨੇ ਬਲਾਕ ਮਾਛੀਵਾੜਾ ਇਕ ਦੇ ਸਾਰੇ ਸਕੂਲਾਂ 'ਚੋਂ ਪਹਿਲੇ ਨੰਬਰ 'ਤੇ ਰਹਿ ਕੇ ਸੰਸਥਾ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਸੋਨੂ ਕੁਮਾਰ ਨੂੰ ਸਰਟੀਫਿਕੇਟ ਤੇ ਮੈਡਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਗਾਈਡ ਟੀਚਰ ਮੈਡਮ ਗੁਰਪ੍ਰੀਤ ਕੌਰ ਦੇ ਨਾਲ ਸਮੂਹ ਸਟਾਫ਼ ਹਾਜ਼ਰ ਸੀ।

# ਹੜ੍ਹ ਪੀੜਤਾਂ ਲਈ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਮੋਟਰਸਾਈਕਲ ਮਾਰਚ

ਖਡੂਰ ਸਾਹਿਬ (ਨਜ਼ਸ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰਾਂ ਵੱਲੋਂ ਮੋਟਰਸਾਈਕਲ ਮਾਰਚ ਕੀਤਾ ਗਿਆ।ਇਸ ਮਾਰਚ ਦੀ ਅਗਵਾਈ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਨਰਿੰਦਰਪਾਲ ਸਿੰਘ, ਮੇਜਰ ਸਿੰਘ ਦਾਰਾਪੁਰ, ਦਿਹਾਤੀ ਮਜ਼ਦੂਰ ਸਭਾ ਦੇ ਜੋਗਿੰਦਰ ਸਿੰਘ, ਦਾਰਾ ਸਿੰਘ ਮੁੰਡਾ ਪਿੰਡ ਨੇ ਕੀਤੀ।ਇਹ ਮਾਰਚ ਖਡੂਰ ਸਾਹਿਬ ਤੋਂ ਚੱਲ ਕੇ ਗੋਇੰਦਵਾਲ ਸਾਹਿਬ ਦੇ ਚੌਂਕ ਅਤੇ ਫਤਿਆਬਾਦ ਦੀ ਦਾਣਾ ਮੰਡੀ ਵਿਚ ਸਮਾਪਤ ਕੀਤਾ ਗਿਆ।ਇੱਕਠ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦਕਲਾਂ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਵੈਰੋਵਾਲ, ਨਛੱਤਰ ਸਿੰਘ ਤੁੜ ਆਦਿ ਆਗੂਆਂ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਆਖਿਆ ਕਿ ਹੜ੍ਹਾਂ ਵਰਗੀ ਭਿਆਨਕ ਤ੍ਰਾਸਦੀ ਸਮੇਂ ਵੀ ਜਿਥੇ ਸਰਕਾਰਾਂ ਵੱਲੋਂ ਮੁਆਵਜ਼ੇ ਦੇ ਐਲਾਨਾਂ 'ਚ ਮਜ਼ਦੂਰ ਵਰਗ ਪ੍ਰਤੀ ਵਿਤਕਰੇ ਭਰੀ ਨੀਤੀ ਅਪਨਾਈ ਗਈ ਉਥੇ ਹੜ੍ਹ ਪੀੜਤਾਂ ਦੀ ਮਦਦ ਕਰਨ ਪਹੁੰਚੇ ਕੁੱਝ ਜਾਤ ਹੰਕਾਰੀ ਵਿਅਕਤੀਆਂ ਵੱਲੋਂ ਮਜ਼ਦੂਰ/ਦਲਿਤ ਸਮਾਜ ਪ੍ਰਤੀ ਘੋਰ ਅਪਮਾਨਜਨਕ ਟਿੱਪਣੀਆਂ ਕੀਤੀਆਂ ਗਈਆਂ।ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕੀਤੇ ਨਿਗੂਣੇ ਰਾਹਤ ਐਲਾਨਾਂ ਨੂੰ ਪੀੜਤ ਲੋਕਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹੜ੍ਹਾਂ ਤੇ ਬਾਰਸ਼ਾਂ ਕਾਰਨ ਜਾਨਾਂ ਗੁਆਉਣ ਵਾਲੇ ਮਜ਼ਦੂਰਾਂ ਤੇ ਹੋਰਨਾਂ ਲੋਕਾਂ ਦੇ ਵਾਰਸਾਂ ਨੂੰ 25 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਦੀ ਮੁੜ ਉਸਾਰੀ ਲਈ 15 ਲੱਖ ਰੁਪਏ ਦੀ ਗ੍ਰਾਂਟ, ਟੁੱਟੀਆਂ ਕੰਮ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਮਜ਼ਦੂਰ ਪਰਿਵਾਰ ਪੰਜਾਹ ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਗੱਲ ਆਖੀ । ਉਨ੍ਹਾਂ ਮੰਗ ਕੀਤੀ ਕਿ ਕਰਜ਼ਾ ਮੋੜਨ ਤੋਂ ਅਸਮਰਥ ਖੇਤ ਮਜ਼ਦੂਰਾਂ, ਔਰਤਾਂ ਤੇ ਕਿਸਾਨਾਂ ਸਿਰ ਚੜ੍ਹੇ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਸਾਰੇ ਕਰਜ਼ੇ ਮੁਆਫ਼ ਕੀਤੇ ਜਾਣ ਅਤੇ ਹੜ੍ਹਾਂ ਕਾਰਨ ਨੁਕਸਾਨੇ ਸਕੂਲਾਂ, ਕਾਲਜਾਂ, ਦਫ਼ਤਰਾਂ ਤੇ ਸੜਕਾਂ ਦੀ ਮੁੜ ਉਸਾਰੀ ਤੇ ਮੁਰੰਮਤ ਆਦਿ ਦੇ ਕੰਮ ਮਨਰੇਗਾ ਵਰਕਰਾਂ ਰਾਹੀਂ ਕਰਵਾਏ ਜਾਣ।ਇਸ ਮੌਕੇ ਕੁਲਵੰਤ ਸਿੰਘ, ਸੁਖਦੇਵ ਸਿੰਘ ਭਲਾਈਪੁਰ, ਚਰਨ ਸਿੰਘ ਜਲਾਲਾਬਾਦ, ਸੁਖਵਿੰਦਰ ਸਿੰਘ ਗਗੜੇਵਾਲ, ਬੂਟਾ ਸਿੰਘ ਢੋਟੀਆਂ, ਸੁੱਖਾ ਸਿੰਘ ਰਾਮਪੁਰ, ਦਲੇਰ ਸਿੰਘ ਵੈਰੋਵਾਲ, ਲਖਬੀਰ ਸਿੰਘ ਲੁਹਾਰ, ਬੂਟਾ ਸਿੰਘ ਮੁੰਡਾ ਪਿੰਡ, ਜਗਤਾਰ ਸਿੰਘ, ਮਹਿੰਦਰ ਸਿੰਘ ਵੈਰੋਵਾਲ, ਕਾਬਲ ਸਿੰਘ ਦਾਰਾਪੁਰ, ਹੀਰਾ ਸਿੰਘ ਬੇਲਦਾਰ ਆਦਿ ਨੇ ਸੰਬੋਧਨ ਕੀਤਾ।



# ਸੋਨਮ ਵਾਂਗ ਚੁੱਕ ਦੀ ਗ੍ਰਿਫਤਾਰੀ ਅਤੀ ਨਿੰਦਣਯੋਗ ਕਾਰਵਾਈ : ਨਰਿੰਦਰ ਸੋਹਲ, ਰਜਿੰਦਰਪਾਲ ਕੌਰ

**ਤਰਨਤਾਰਨ (ਨਜ਼ਸ)**-ਪੰਜਾਬ ਇਸਤਰੀ ਸਭਾ ਦੀ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਅਤੇ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਲੱਦਾਖ ਦੇ ਹੱਕਾਂ ਲਈ ਲੜ ਰਹੇ ਮਹਾਨ ਵਿਗਿਆਨੀ ਸੋਨਮ ਵਾਂਗ ਚੁੱਕ ਦੀ ਗ੍ਰਿਫਤਾਰੀ ਨੂੰ ਅਤਿ ਨਿੰਦਣਯੋਗ ਦੱਸਿਆ।

ਆਗੂਆਂ ਨੇ ਕਿਹਾ ਕਿ ਜਿਹੜੇ ਲੋਕ ਦੇਸ਼ ਨੂੰ ਬੁਲੰਦੀਆਂ 'ਤੇ ਪਹੁੰਚਾ ਸਕਦੇ ਹਨ, ਉਹ ਬਹੁਤ ਮਹਾਨ ਲੋਕ ਹਨ ਪਰ ਤਰਾਸਦੀ ਇਹ ਹੈ ਕਿ ਅਜਿਹੇ ਲੋਕਾਂ ਨੂੰ ਚੁੱਕ ਕੇ ਜੇਲਾਂ ਵਿੱਚ ਸੁੱਟਿਆ ਜਾਂਦਾ ਹੈ ਤਾਂ ਕਿ ਸਾਡਾ ਦੇਸ਼ ਅੱਗੇ ਨਾ ਵਧ ਸਕੇ, ਅਸੀਂ ਦੁਨੀਆ ਵਿੱਚ ਹਮੇਸ਼ਾ ਹੀ ਪੱਛੜੇ ਅਖਵਾਉਂਦੇ ਰਹੀਏ।

ਸੋਨਮ ਵਾਂਗ ਚੁੱਕ ਨੇ ਬਹੁਤ ਕਮਾਲ ਦੀਆਂ ਖੋਜਾਂ ਕੀਤੀਆਂ ਹਨ ਜਿਨ੍ਹਾਂ ਨਾਲ ਲੋਕਾਂ ਦੀ ਜ਼ਿੰਦਗੀ ਬਿਹਤਰ ਹੋ ਸਕਦੀ ਹੈ ਅਤੇ ਉਨ੍ਹਾਂ ਵਾਸਤੇ ਉਨ੍ਹਾਂ ਨੂੰ ਬਹੁਤ ਮਾਣ ਸਨਮਾਨ ਵੀ ਮਿਲ ਰਿਹਾ ਹੈ।ਜਦੋਂ ਉਨ੍ਹਾਂ ਨੇ ਆਪਣੇ ਰਾਜ ਦੇ ਹੱਕ ਵਿੱਚ ਲੜਾਈ ਛੇੜੀ ਤਾਂ ਉਨ੍ਹਾਂ ਨੂੰ ਦੁਸ਼ਮਣ ਦੱਸਿਆ ।ਇਥੋਂ ਤੱਕ ਕਿ ਪਾਕਿਸਤਾਨ ਦਾ ਏਜੰਟ ਵੀ ਦੱਸਿਆ ਗਿਆ ।ਇਹ ਅੱਤ ਦੀ ਬੇਈਮਾਨੀ ਹੈ।ਲੱਦਾਖ ਦਾ ਸੰਘਰਸ਼ ਬਿਲਕੁਲ ਹੱਕੀ ਸੰਘਰਸ਼ ਹੈ ਕਿਉਂਕਿ ਸਰਕਾਰ ਅਡਾਨੀ ਨੂੰ ਮੁਨਾਫਾ ਦੇਣ ਲਈ ਲੋਕਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ ਅਤੇ ਜਦੋਂ ਲੋਕ ਆਪਣੇ ਹੱਕ ਵਿੱਚ ਉੱਠ ਖਲੋਤੇ ਹਨ ਤਾਂ ਸਰਕਾਰ ਕੋਲੋਂ ਬਰਦਾਸ਼ਤ ਨਹੀਂ ਹੋ ਰਿਹਾ ।

ਉਨ੍ਹਾਂ ਉੱਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਅਤੇ ਉਨ੍ਹਾਂ ਦੇ ਸ਼ਾਂਤਮਈ ਆਗੂ ਸੋਨਮ ਵਾਂਗ ਚੁੱਕ ਨੂੰ ਚੁੱਕ ਕੇ ਜੇਲ ਵਿੱਚ ਸੁੱਟ ਦਿੱਤਾ। ਕਿਉਂ ਨਹੀਂ ਉਨ੍ਹਾਂ ਦੇ ਮਸਲੇ ਦਾ ਸ਼ਾਂਤਮਈ ਹੱਲ ਕੀਤਾ ਜਾ ਰਿਹਾ ਜਦਕਿ ਉਨ੍ਹਾਂ ਦੀਆਂ ਮੰਗਾਂ ਵੀ ਬਹੁਤ ਵਾਜਬ ਹਨ ? ਪੰਜਾਬ ਇਸਤਰੀ ਸਭਾ ਮੰਗ ਕਰਦੀ ਹੈ ਕਿ ਸੋਨਮ ਵਾਂਗ ਚੁੱਕ ਦੀ ਰਿਹਾਈ ਬਿਨਾਂ ਦੇਰੀ ਕੀਤੀ ਜਾਵੇ।

# ਖ਼ੂਨ ਦੇ ਰਿਸ਼ਤੇ ਹੋਏ ਸਫੈਦ; ਪੁੱਤ ਵੱਲੋਂ ਪਿਓ ਦਾ ਗੋਲੀ ਮਾਰ ਕੇ ਕਤਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਖੂਨ ਦੇ ਰਿਸ਼ਤੇ ਇਸ ਕਦਰ ਸਫੈਦ ਹੋ ਚੁੱਕੇ ਹਨ ਕਿ ਆਪਣਿਆਂ ਵੱਲੋਂ ਹੀ ਆਪਣਿਆਂ ਦਾ ਕਤਲ ਕਰ ਦੇਣ ਦੀਆਂ ਘਟਨਾਵਾਂ ਆਮ ਸੁਣਨ ਨੂੰ ਮਿਲ ਜਾਂਦੀਆਂ ਹਨ।ਤਾਜ਼ਾ ਘਟਨਾ ਜ਼ਿਲ੍ਹਾ ਤਰਨ ਤਾਰਨ ਦੇ ਥਾਣਾ ਵਲਟੋਹਾ ਅਧੀਨ ਆਉਂਦੇ ਪਿੰਡ ਬਹਾਦਰ ਨਗਰ ਤੋਂ ਸਾਹਮਣੇ ਆਈ ਹੈ ਜਿੱਥੇ ਇੱਕ ਸਾਬਕਾ ਫੌਜੀ ਨੂੰ ਉਸਦੇ ਪੁੱਤਰ ਵੱਲੋਂ ਮਾਮੂਲੀ ਤਕਰਾਰ ਤੋਂ ਬਾਅਦ ਆਪਣੇ ਪਿਤਾ ਦੀ ਲਸੰਸੀ 12 ਬੋਰ ਰਾਈਫਲ ਨਾਲ ਹੀ ਗੋਲੀ ਮਾਰ ਕੇ ਕਤਲ ਕਰ ਦੇਣ ਦੀ ਖਬਰ ਸਾਹਮਣੇ ਆਈ ਹੈ ।ਦੱਸ ਦਈਏ ਕਿ ਕਤਲ ਕਰਨ ਉਪਰੰਤ ਘਟਨਾ ਨੂੰ ਛੁਪਾਉਣ ਲਈ ਲਾਸ਼ ਦਾ ਕਾਹਲੀ-ਕਾਹਲੀ ਸਸਕਾਰ ਕਰਕੇ ਖੁਰਦ ਬੁਰਦ ਕਰਨ ਦੀ ਦਾ ਮਾਮਲਾ ਚਰਚਾ ਵਿੱਚ ਆਇਆ ਹੈ। ਇਕੱਤਰ ਜਾਣਕਾਰੀ ਅਨੁਸਾਰ ਸ਼ਨੀਵਾਰ ਦੇਰ ਸ਼ਾਮ 10 ਕੁ ਵਜੇ ਦੇ ਕਰੀਬ ਸਾਬਕਾ ਫੌਜੀ ਸੁਖਵੰਤ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਬਹਾਦਰ ਨਗਰ ਦਾ ਆਪਣੇ ਪੁੱਤਰ ਸਤਵਿੰਦਰ ਸਿੰਘ ਨਾਲ ਕਿਸੇ ਗੱਲ ਨੂੰ ਲੈ ਕੇ ਮਾਮੂਲੀ ਤਕਰਾਰ ਹੋ ਗਿਆ ਸੀ, ਤਕਰਾਰ ਦੌਰਾਨ ਪੁੱਤਰ ਵੱਲੋਂ 12 ਬੋਰ ਦੀ ਰਾਈਫ਼ਲ ਨਾਲ ਚਲਾਈ ਗੋਲੀ ਅਚਾਨਕ ਉਸਦੇ ਪਿਤਾ ਦੇ ਲੱਗ ਗਈ, ਜਿਸ ਨਾਲ ਉਸਦੀ ਮੌਤ ਹੋ ਗਈ। ਪੂਰੇ ਪਰਿਵਾਰ ਵੱਲੋਂ ਘਟਨਾ ਨੂੰ ਛੁਪਾਉਣ ਲਈ ਮ੍ਰਿਤਕ ਦੀ ਲਾਸ਼ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਹੀ ਸੰਸਕਾਰ ਕਰਕੇ ਉਸਦੀਆਂ ਅਸਥੀਆਂ ਵੀ ਚੁਗ ਲਈਆਂ ਗਈਆਂ ।ਸੂਚਨਾ ਮਿਲਣ 'ਤੇ ਥਾਣਾ ਵਲਟੋਹਾ ਦੀ ਪੁਲਸ ਡੀਐੱਸਪੀ ਭਿੱਖੀਵਿੰਡ ਪ੍ਰੀਤ ਇੰਦਰ ਦੀ ਅਗਵਾਈ ਹੇਠ ਘਟਨਾ ਸਥਾਨ ਤੇ ਪੁੱਜੀ, ਜਿਨ੍ਹਾਂ ਵੱਲੋਂ ਮੌਕੇ ਤੋਂ ਵੇਰਵੇ ਇਕੱਤਰ ਕਰਨ ਅਤੇ ਸਬੂਤ ਇਕੱਠੇ ਕਰਕੇ ਲੋੜੀਂਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ।ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀਐੱਸਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਸੂਚਨਾ ਮਿਲਣ ਤੇ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਦੇ (60) ਸੁਖਵੰਤ ਸਿੰਘ ਦੀ ਪਤਨੀ ਦੇ ਬਿਆਨ ਕਲਮਬੰਦ ਕੀਤੇ ਜਾ ਰਹੇ ਹਨ ਅਤੇ ਅੰਤਿਮ ਸੰਸਕਾਰ ਕਰਨ ਤੋਂ ਬਾਅਦ ਚੁਗੀਆਂ ਗਈਆਂ ਅਸਥੀਆਂ ਨੂੰ ਪੁਲਸ ਵੱਲੋਂ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ ਗਈ।ਘਟਨਾ ਲਈ ਜ਼ਿੰਮੇਵਾਰ ਮ੍ਰਿਤਕ ਸੁਖਵੰਤ ਸਿੰਘ ਦੇ ਪੁੱਤਰ ਸਤਵਿੰਦਰ ਸਿੰਘ ਖਿਲਾਫ ਵੱਖ-ਵੱਖ ਕਾਨੂੰਨ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।



## ਸੰਤੋਖ ਸਿੰਘ ਦਿਓਲ ਨਮਿਤ ਹੋਈ ਸਮੂਹਿਕ ਅਰਦਾਸ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਸਬਾ ਫਤਿਹਾਬਾਦ ਦੇ ਦਿਓਲ ਪਰਿਵਾਰ ਅਤੇ ਰਿਟਾਇਰਡ ਪ੍ਰਿੰ. ਦਲਬੀਰ ਸਿੰਘ ਦਿਓਲ ਦੇ ਛੋਟੇ ਭਰਾ ਸੰਤੋਖ ਸਿੰਘ ਦਿਓਲ ਭਾਂਡਿਆਂ ਵਾਲੇ ਜੋ ਕਿ ਕਬੱਡੀ ਦੇ ਖੇਡ ਮੈਦਾਨਾਂ ਦੀ ਰੌਣਕ ਸਨ, ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।ਉਨ੍ਹਾਂ ਨਮਿਤ ਸ੍ਰੀ ਅਖੰਡ ਪਾਠ ਦਾ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਇਆ ਗਿਆ। ਉਪਰੰਤ ਸਮੂਹਿਕ ਅਰਦਾਸ ਗੁਰਦੁਆਰਾ ਕਰਮ ਸਰ ਦਾਤਾ ਫਤਿਹਾਬਾਦ ਵਿਖੇ ਹੋਈ।ਇਸ ਮੌਕੇ ਧਾਰਮਿਕ ਦੀਵਾਨ ਸਜਾਏ ਜਿਸ ਵਿਚ ਭਾਈ ਸੁਰਤਾ ਸਿੰਘ ਬੀਐੱਚਦੀਵਾਲੇ ਵਾਲਿਆਂ ਦੇ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਇਸ ਮੌਕੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।ਇਸ ਮੌਕੇ ਪਰਿਵਾਰਕ ਮੈਂਬਰਾਂ 'ਚ ਸਰਦੂਲ ਸਿੰਘ ਦਿਓਲ, ਸੰਤੋਖ ਸਿੰਘ ਦਿਓਲ, ਗੁਰਦਿਆਲ ਸਿੰਘ ਦਿਓਲ, ਸੁਲੱਖਣ ਸਿੰਘ ਦਿਓਲ ਅਤੇ ਹੋਰਨਾਂ ਤੋਂ ਇਲਾਵਾ ਮਾਸਟਰ ਗਿੰਗਾਰਾ ਸਿੰਘ, ਮਹਿੰਦਰ ਸਿੰਘ ਕੰਬੋਜ, ਭੁਪਿੰਦਰ ਸਿੰਘ ਬਿੱਟੂ ਖਵਾਸਪੁਰ, ਜਗਵਿੰਦਰ ਸਿੰਘ ਸਰਪੰਚ ਫਤਿਹਾਬਾਦ, ਮਾਸਟਰ ਮੱਖਣ ਸਿੰਘ, ਪ੍ਰਧਾਨ ਰਤਨ ਸਿੰਘ ਦਿਓਲ, ਭੁਪਿੰਦਰ ਸਿੰਘ ਟੀਟੂ, ਗਿਆਨ ਸਿੰਘ ਦਿਓਲ, ਸੁਖਵਿੰਦਰ ਸਿੰਘ ਵਜੀਕਾ, ਬਲਦੇਵ ਸਿੰਘ, ਸੰਪੂਰਨ ਸਿੰਘ ਭੱਟਾ, ਸੁਖਪਾਲ ਸਿੰਘ ਰਿਟਾ. ਕਾਨੂੰਗੋ, ਪ੍ਰਿੰ. ਸੁਖਵਿੰਦਰ ਸਿੰਘ, ਬਲਜੀਤ ਸਿੰਘ ਕਾਂਗੜ, ਦਵਿੰਦਰ ਸਿੰਘ, ਸੁਰਿੰਦਰ ਸਿੰਘ ਛਿੰਦਾ, ਕਸ਼ਮੀਰ ਸਿੰਘ ਸਹੋਤਾ ਆਦਿ ਹਾਜ਼ਰ ਸਨ।



# ਵੇਰਕਾ 'ਚ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਵਿਜਯਦਸ਼ਮੀ ਦਾ ਪਵਿੱਤਰ ਤਿਉਹਾਰ ਇਸ ਵਾਰ ਵੀ ਵੇਰਕਾ ਵਿੱਚ ਵੱਡੇ ਬੜੇ-ਉਤਸ਼ਾਹ ਅਤੇ ਧਾਰਮਿਕ ਆਸਥਾ ਨਾਲ ਮਨਾਇਆ ਗਿਆ।ਪੂਰਬੀ ਹਲਕੇ ਦੇ ਵੇਰਕਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਖੇਡ ਸਟੇਡੀਅਮ, ਪੰਡੋਰੀ ਰੋਡ ਵਿਖੇ ਹੋਏ ਵਿਸ਼ਾਲ ਸਮਾਰੋਹ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਇਕੱਠੀ ਹੋਈ।ਲੋਕਾਂ ਨੇ ਰਾਵਣ, ਮੇਘਨਾਦ ਤੇ ਕੁੰਭਕਰਨ ਦੇ ਪੁਤਲੇ ਸੜਦੇ ਵੇਖੇ ਅਤੇ ਇਸ ਇਤਿਹਾਸਕ ਪਲ ਦਾ ਹਿੱਸਾ ਬਣੇ।ਬੱਚਿਆਂ ਤੋਂ ਬਜ਼ੁਰਗਾਂ ਤੱਕ ਸਭ ਨੇ ਹੀ ਉਤਸ਼ਾਹ ਨਾਲ ਸਮਾਰੋਹ ਵਿੱਚ ਸ਼ਾਮਲ ਹੋਏ।ਇਸ ਸਮਾਰੋਹ ਦੀ ਅਗਵਾਈ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਦਿਨੇਸ਼ ਬੱਸੀ ਨੇ ਕੀਤੀ।ਸਮਾਗਮ ਦੀ ਵਾਰਡਵਾਰ ਕੌਂਸਲਰ ਤੇ ਬਲਾਕ ਪ੍ਰਧਾਨ ਨਵਦੀਪ ਹੁੰਦਲ ਨੇ ਸੰਭਾਲੀ।ਇਸ ਮੌਕੇ ਖੇਤਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਮੁੱਖ ਮਹਿਮਾਨ ਵਜੋਂ ਪਹੁੰਚੇ, ਜਿਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਸ੍ਰੀ ਰਾਮ ਕ੍ਰਿਸ਼ਨਾ ਡਰਾਮਾਟਿਕ ਕਲੱਬ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ।ਇਸੇ ਦੌਰਾਨ ਮਸ਼ਹੂਰ ਗਾਇਕ ਪ੍ਰਿੰਸ ਦਿਲਜੀਤ ਨੇ ਆਪਣੀ ਗਾਇਕੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।ਸੰਗਤ ਨੇ ਗੀਤ-ਸੰਗੀਤ ਦਾ ਖੂਬ ਅਨੰਦ ਮਾਣਿਆ।ਦਿਨੇਸ਼ ਬੱਸੀ ਅਤੇ ਗੁਰਜੀਤ ਸਿੰਘ ਔਜਲਾ ਨੇ ਸਾਂਝੇ ਤੌਰ ਤੇ ਬਟਨ ਦਬਾ ਕੇ ਰਾਵਣ, ਮੇਘਨਾਦ ਤੇ ਕੁੰਭਕਰਨ ਦੇ ਪੁਤਲੇ ਸਾੜੇ।ਜਿਵੇਂ ਹੀ ਅੱਗ ਦੀਆਂ ਲਪਟਾਂ ਨੇ ਪੁਤਲਿਆਂ ਨੂੰ ਘੇਰਿਆ ਤਾਂ ਸਾਰਾ ਮਾਹੌਲ ਜੈ ਸ਼੍ਰੀ ਰਾਮ ਦੇ ਨਾਅਰਿਆਂ ਨਾਲ ਗੂੰਜ ਉੱਠਿਆ।ਆਪਣੇ ਸੰਬੋਧਨ ਵਿੱਚ ਦਿਨੇਸ਼ ਬੱਸੀ ਨੇ ਕਿਹਾ ਕਿ ਦੁਸਹਿਰਾ ਸਾਨੂੰ ਇਹ ਸਿੱਖ ਦਿੰਦਾ ਹੈ ਕਿ ਚਾਹੇ ਬੁਰਾਈ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਅੰਤ ਵਿੱਚ ਜਿੱਤ ਸੱਚਾਈ ਦੀ ਹੀ ਹੁੰਦੀ ਹੈ।ਇਹ ਤਿਉਹਾਰ ਸਾਨੂੰ ਆਪਣੇ ਅੰਦਰਲੇ ਰਾਵਣ, ਅਹੰਕਾਰ, ਲਾਲਚ, ਕ੍ਰੋਧ ਅਤੇ ਭ੍ਰਿਸ਼ਟਾਚਾਰ ਨੂੰ ਸਮਾਪਤ ਕਰਨ ਦੀ ਪ੍ਰੇਰਨਾ ਦਿੰਦਾ ਹੈ।ਇਸ ਮੌਕੇ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਅੱਜ ਦੀ ਲੋੜ ਹੈ ਕਿ ਅਸੀਂ ਇਕੱਠੇ ਹੋ ਕੇ ਸਮਾਜ ਤੋਂ ਬੁਰਾਈਆਂ ਨੂੰ ਖ਼ਤਮ ਕਰੀਏ।ਨਸ਼ਾ, ਬੇਰੁਜ਼ਗਾਰੀ ਅਤੇ ਸਮਾਜਿਕ ਭੇਦਭਾਵ ਵਰਗੀਆਂ ਸਮੱਸਿਆਵਾਂ ਨੂੰ ਅਸੀਂ ਮਿਲ ਕੇ ਦੂਰ ਕਰ ਸਕਦੇ ਹਾਂ।ਜੇ ਸਾਰੇ ਇਕੱਠੇ ਵਚਨਬੱਧ ਹੋਈਏ ਤਾਂ ਪੰਜਾਬ ਨੂੰ ਮੁੜ ਖੁਸ਼ਹਾਲੀ ਅਤੇ ਤਰੱਕੀ ਦੇ ਰਸਤੇ ਤੇ ਲਿਆਂਦਾ ਜਾ ਸਕਦਾ ਹੈ।ਇਸ ਮੌਕੇ ਸਮਾਜਸੇਵੀ ਮਨਜੀਤ ਸਿੰਘ ਵੇਰਕਾ, ਪ੍ਰਧਾਨ ਲੱਖਾ, ਪ੍ਰਗਟ ਸਿੰਘ, ਸੰਜੀਵ ਟਾਂਗਰੀ, ਛਿੰਦਰ ਪ੍ਰਧਾਨ, ਗਗਨ ਵੱਲਾ, ਬਿੱਲਾ ਕਾਂਡਾ, ਪਵਨ ਰਾਣਾ, ਸੰਦੀਪ ਸ਼ਾਹ ਅਤੇ ਰਾਮ ਕ੍ਰਿਸ਼ਨਾ ਡਰਾਮਾਟਿਕ ਕਲੱਬ ਦੇ ਅਹੁਦੇਦਾਰ ਤੇ ਮੈਂਬਰ ਵੀ ਸਰਗਰਮ ਤੌਰ 'ਤੇ ਹਾਜ਼ਰ ਸਨ।



## ਲੱਛਣਾਂ ਨੂੰ ਅਣਗੌਲੇ ਕਰਨਾ ਤੇ ਮਾੜੀ ਜੀਵਨ ਸ਼ੈਲੀ ਦਿਲ ਦੀਆਂ ਬਿਮਾਰੀਆਂ ਵਧਣ ਦੇ ਮੁੱਖ ਕਾਰਨ

ਅੰਮ੍ਰਿਤਸਰ: ਦਿਲ ਨਾਲ ਸਬੰਧਤ ਬਿਮਾਰੀਆਂ ਸਾਡੇ ਦੇਸ਼ ਵਿੱਚ ਮੌਤ ਦਰ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹਨ, ਜੋ ਹਰ ਉਮਰ ਸਮੂਹ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ।ਵਿਸ਼ਵ ਦਿਲ ਦਿਵਸ ਮੌਕੇ ਦਿਲ ਦੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਫੋਰਟਿਸ ਐਸਕਾਰਟਸ ਹਸਪਤਾਲ ਦੇ ਡਾਕਟਰ ਲੋਕਾਂ ਨੂੰ ਸਿਹਤਮੰਦ ਆਦਤਾਂ ਅਪਣਾਉਣ, ਸਮੇਂ ਸਿਰ ਜਾਂਚ ਕਰਵਾਉਣ ਅਤੇ ਦਿਲ ਦੀ ਬਿਮਾਰੀ ਦੇ ਸ਼ੁਰੂ 'ਚ ਚਿਤਾਵਨੀ ਸੰਕੇਤਾਂ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰਨ ਦੀ ਅਪੀਲ ਕਰ ਰਹੇ ਹਨ।ਕਾਰਡੀਓਲੋਜੀ ਦੇ ਡਾਇਰੈਕਟਰ ਡਾ. ਅਰੁਣ ਚੋਪੜਾ ਨੇ ਕਿਹਾ ਕਿ ਦਿਲ ਦੀ ਸਿਹਤ ਨਿਯਮਤ ਕਸਰਤ, ਸੰਤੁਲਿਤ ਖੁਰਾਕ, ਤਣਾਅ ਪ੍ਰਬੰਧਨ ਅਤੇ ਸਿਗਰਟਨੋਸ਼ੀ ਛੱਡਣ ਵਰਗੇ ਛੋਟੇ ਕਦਮਾਂ ਨਾਲ ਹੁੰਦੀ ਸ਼ੁਰੂ ਹੁੰਦੀ ਹੈ। ਡਾ. ਐੱਚ. ਪੀ. ਸਿੰਘ ਨੇ ਕਿਹਾ ਕਿ ਕੁਝ ਅਕਸਰ ਛਾਤੀ ਵਿੱਚ ਦਰਦ, ਸਾਹ ਚੜ੍ਹਨਾ ਜਾਂ ਥਕਾਵਟ ਵਰਗੇ ਲੱਛਣਾਂ ਨੂੰ ਨਜ਼ਰਅੰਦਾਜ਼ ਕਰਦੇ ਹਨ।ਨਿਯਮਤ ਜਾਂਚ, ਰੋਕਥਾਮ, ਦੇਖਭਾਲ ਇਲਾਜ ਵਾਂਗ ਹੀ ਮਹੱਤਵਪੂਰਨ ਹਨ।ਇਨ੍ਹਾਂ ਲੱਛਣਾਂ ਪ੍ਰਤੀ ਜਾਗਰੂਕਤਾ ਅਤੇ ਸਮੇਂ ਸਿਰ ਰੋਕਥਾਮ ਅਤੇ ਇਲਾਜ ਕਈ ਜਾਨਾਂ ਬਚਾ ਸਕਦਾ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਨਗਰ ਕੀਰਤਨ ਦਾ ਭਰਵਾਂ ਸਵਾਗਤ



ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵੱਲੋਂ ਧੰਨ-ਧੰਨ ਬਾਬਾ ਬੁੱਢਾ ਸਾਹਿਬ ਦੇ ਸਾਲਾਨਾ ਜੋੜ ਮੇਲੇ ਨਾਲ ਸੰਬੰਧਿਤ ਸਜਾਏ ਗਏ ਨਗਰ ਕੀਰਤਨ ਵਿਚ ਸਕੂਲ ਦੀ ਬੈਂਡ ਟੀਮ, ਐੱਨਸੀਸੀ ਅਤੇ ਈਕੋ ਕਲੱਬ ਦੇ ਬੱਚਿਆਂ ਦੁਆਰਾ ਸ਼ਿਰਕਤ ਕੀਤੀ ਗਈ।ਨਗਰ ਕੀਰਤਨ ਦਾ ਸਕੂਲ ਵਿਖੇ ਪਹੁੰਚਣ 'ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੁਆਰਾ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਦੇ ਪ੍ਰਿੰ. ਅਨੁਰੀਤ ਬਾਜਵਾ ਤੇ ਡੀਨ ਮਿਸਟ੍ਰੈਸ ਮੈਡਮ ਸਿਮਰਪ੍ਰੀਤ ਕੌਰ ਵੱਲੋਂ ਗੁਰੂ ਸਾਹਿਬ ਨੂੰ ਰੁਮਾਲਾ ਸਾਹਿਬ ਅਤੇ ਪੰਜਾਂ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ ਗਏ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਨੇ ਵਿਦਿਆਰਥੀਆਂ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਵੱਲੋਂ ਪਾਏ ਗਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਹੈਲਪ ਚਾਈਲਡ ਆਫ਼ ਇੰਡੀਆ ਵੱਲੋਂ ਹੜ੍ਹ ਪ੍ਰਭਾਵਿਤ ਬੱਚਿਆਂ ਲਈ ਨਿਵੇਕਲੀ ਪਹਿਲ

ਅੰਮ੍ਰਿਤਸਰ, (ਨ ਜ਼ ਸ)-ਹੜ੍ਹਾਂ ਨੇ ਪੰਜਾਬ 'ਚ ਤਬਾਹੀ ਮਚਾਈ। ਹੜ੍ਹਾਂ ਦੇ ਪ੍ਰਭਾਵ ਬਹੁਤ ਵਿਆਪਕ ਰਹੇ, ਕਈ ਲੋਕ ਸਦਮੇ 'ਚ ਚਲੇ ਗਏ। ਖਾਸਕਰ ਬੱਚੇ ਵੀ ਇਸ ਤਰਾਸਦੀ ਤੋਂ ਬਚੇ ਨਹੀਂ ਰਹੇ। ਹੈਲਪ ਚਾਈਲਡ ਆਫ਼ ਇੰਡੀਆ ਨੇ ਮਲਿਕਪੁਰ ਪਿੰਡ ਦੇ ਲੱਗਭੱਗ 105 ਬੱਚਿਆਂ (ਉਮਰ 5 ਤੋਂ 15 ਸਾਲ) ਲਈ ਇੱਕ ਸੁਰੱਖਿਅਤ ਅਤੇ ਪਾਲਣਹਾਰ ਵਾਤਾਵਰਨ ਪ੍ਰਦਾਨ ਕਰਨ ਦਾ ਮਨ ਬਣਾਇਆ ਹੈ ਤਾਂ ਜੋ ਉਹ ਆਪਣੇ ਸਦਮਿਆਂ ਤੋਂ ਉੱਭਰ ਕੇ ਹੌਲੀ-ਹੌਲੀ ਆਪਣੀ ਸਧਾਰਨ ਜ਼ਿੰਦਗੀ ਵੱਲ ਪਰਤ ਸਕਣ। ਇਸ ਲਈ ਪਿੰਡ 'ਚ ਇੱਕ ਚਾਈਲਡ ਫ੍ਰੈਂਡਲੀ ਸਪੇਸ ਸਥਾਪਤ ਕੀਤਾ ਗਿਆ ਹੈ ਜੋ ਰੋਜ਼ਾਨਾ ਖੁੱਲ੍ਹਾ ਰਹੇਗਾ ਜਿੱਥੇ ਬੱਚੇ ਰਚਨਾਤਮਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ ਜਿਵੇਂ ਕਿ ਕਹਾਣੀ ਸੁਣਾਉਣਾ ਅਤੇ ਪੜ੍ਹਨਾ, ਕਲਾ ਥੈਰੇਪੀ ਅਤੇ ਰਚਨਾਤਮਕ ਪ੍ਰਗਟਾਵਾ, ਜਾਗਰੂਕਤਾ ਅਤੇ ਸਿੱਖਿਆ (ਬੱਚਿਆਂ ਦੀ ਸੁਰੱਖਿਆ, ਹਿੰਮਤ, ਚਰਿੱਤਰ ਨਿਰਮਾਣ ਅਤੇ ਸੁਰੱਖਿਆ 'ਤੇ ਸੈਸ਼ਨ) ਆਦਿ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੱਚਿਆਂ ਨੂੰ ਹੜ੍ਹ ਕਾਰਨ ਪਏ ਮਨੋਵਿਗਿਆਨਕ ਦਬਾਅ ਅਤੇ ਸਦਮੇ ਨਾਲ ਨਜਿੱਠਣ ਦਾ ਯੋਗ ਬਣਾਉਣਾ ਹੈ। ਇਹ ਪ੍ਰੋਗਰਾਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਮਨੋਵਿਗਿਆਨਕ ਵਿਭਾਗ ਦੇ ਸਹਿਯੋਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਡਾ. ਬਲਵਿੰਦਰ ਸਿੰਘ ਅਤੇ ਵਿਦਿਆਰਥੀਆਂ ਨੇ ਮਲਿਕਪੁਰ ਵਿੱਚ ਬੱਚਿਆਂ ਨਾਲ ਸਿੱਧਾ ਸੰਪਰਕ, ਤਕਨੀਕੀ ਮਾਰਗ ਦਰਸ਼ਨ ਅਤੇ ਨਿਗਰਾਨੀ ਮੁਹੱਈਆ ਕਰਵਾਈ ਹੈ। ਉਨ੍ਹਾਂ ਦੀ ਵਿਦਵਤਾ ਇਹ ਯਕੀਨੀ ਬਣਾਉਂਦੀ ਹੈ ਕਿ ਪ੍ਰੋਗਰਾਮ ਵਿਗਿਆਨਕ ਤੌਰ 'ਤੇ ਮਜ਼ਬੂਤ, ਅਨੁਕੂਲ ਅਤੇ ਨੈਤਿਕ ਤਰੀਕੇ ਨਾਲ ਚਲਾਇਆ ਜਾਵੇਗਾ।



## ਰੰਧਾਵਾ ਨੇ ਭਿਖਾਰੀਵਾਲ ਤੋਂ ਬਖਸ਼ੀਵਾਲ ਤੱਕ ਸੰਪਰਕ ਸੜਕ ਦਾ ਨੀਂਹ ਪੱਥਰ ਰੱਖਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਤੋਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਪਿੰਡ ਭਿਖਾਰੀਵਾਲ ਤੋਂ ਬਖਸ਼ੀਵਾਲ ਤੱਕ ਦੀ ਲਿੰਕ ਸੜਕ ਨੂੰ ਮੁਰੰਮਤ ਕਰਨ ਦੇ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ। 1.62 ਕਿਲੋਮੀਟਰ ਲੰਬੀ ਇਸ ਸੜਕ ਉਪਰ 27.10 ਲੱਖ ਦੀ ਲਾਗਤ ਆਵੇਗੀ।ਇਸ ਮੌਕੇ ਇਲਾਕਾ ਵਾਸੀਆਂ ਨਾਲ ਗੱਲ ਕਰਦਿਆਂ ਰੰਧਾਵਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ। ਉਨ੍ਹਾਂ ਕਿਹਾ ਕਿ ਇਹ ਸੜਕ ਕਾਫੀ ਲੰਬੇ ਸਮੇਂ ਤੋਂ ਟੁੱਟੀ ਹੋਈ ਸੀ ਜਿਸ ਕਾਰਨ ਰਾਹਗੀਰਾਂ ਅਤੇ ਇਲਾਕਾ ਵਾਸੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਉਨ੍ਹਾਂ ਕਿਹਾ ਕਿ ਸੜਕਾਂ ਦੀ ਮੁਰੰਮਤ ਸਮੇਂ ਕੰਮ ਦੀ ਗੁਣਵੱਤਾ ਦਾ ਖਾਸ ਖਿਆਲ ਰੱਖਿਆ ਜਾ ਰਿਹਾ ਹੈ ਅਤੇ ਸੜਕ ਨੂੰ ਬਣਾਉਣ ਵਾਲਾ ਠੇਕੇਦਾਰ ਪੰਜ ਸਾਲ ਤੱਕ ਉਸ ਸੜਕ ਦੀ ਦੇਖ-ਰੇਖ ਦਾ ਜ਼ਿੰਮੇਵਾਰ ਹੋਵੇਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਹੱਲ ਕਰਨ ਵਾਲੀ ਸਰਕਾਰ ਹੈ, ਜਦਕਿ ਰਵਾਇਤੀ ਪਾਰਟੀਆਂ ਦੇ ਆਗੂ ਸਿਰਫ ਆਪਣੇ ਬਾਰੇ ਹੀ ਸੋਚਦੇ ਸਨ।ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 78 ਸਾਲ ਬਾਅਦ ਵੀ ਜੇਕਰ ਲੋਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ ਤਾਂ ਇਸ ਲਈ ਮੁੱਖ ਤੌਰ 'ਤੇ ਰਵਾਇਤੀ ਪਾਰਟੀਆਂ ਦੇ ਆਗੂ ਜ਼ਿੰਮੇਵਾਰ ਹਨ।



## 89 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਦੀ ਪੁਲਸ ਵੱਲੋਂ 89 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ।ਥਾਣਾ ਦੀਨਾਨਗਰ ਦੇ ਮੁਖੀ ਨੇ ਦੱਸਿਆ ਕਿ ਪੱਪੂ ਨਾਂਅ ਦੇ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ ਜਿਸ ਕੋਲੋਂ 89 ਬੋਤਲਾਂ ਨਜਾਇਜ਼ ਸ਼ਰਾਬ ਦੀਆਂ ਬਰਾਮਦ ਹੋਈਆਂ ਹਨ।ਉਸ ਦੇ ਖਿਲਾਫ ਦੀਨਾਨਗਰ ਥਾਣੇ ਵਿੱਚ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਪੁਲਸ ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ। ਗੈਰ-ਕਾਨੂੰਨੀ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਪੂਰੀ ਤਰ੍ਹਾਂ ਮੁਸਤੈਦ ਅਤੇ ਵਚਨਬੱਧ ਹੈ।



# 'ਵੋਟ ਚੋਰ, ਗੱਦੀ ਛੋੜ' ਮੁਹਿੰਮ ਦੀ ਮਜੀਠਾ ਹਲਕੇ 'ਚ ਹੋਈ ਸ਼ੁਰੂਆਤ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਕੇਂਦਰ ਦੀ ਮੋਦੀ ਸਰਕਾਰ 'ਤੇ ਤਾਬੜਤੋੜ ਹਮਲੇ ਕਰਨ ਦੀ ਲੜੀ ਨੂੰ ਅੱਗੇ ਤੋਰਦਿਆਂ ਸਮੁੱਚੇ ਦੇਸ਼ ਵਿੱਚ ਵੋਟ ਚੋਰ, ਗੱਦੀ ਛੋੜ ਮੁਹਿੰਮ ਨੂੰ ਹਰ ਘਰ ਵਿੱਚ ਪਹੁੰਚਾਉਣ ਲਈ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ ਜਿਸ ਦੇ ਤਹਿਤ ਪੰਜਾਬ ਵਿੱਚ ਵੀ ਇਸ ਮੁਹਿੰਮ ਨੂੰ ਅੱਗੇ ਤੋਰਦਿਆਂ ਕਾਂਗਰਸ ਪਾਰਟੀ ਦੇ ਵਿਧਾਇਕਾਂ, ਸਾਬਕਾ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਜਿਸ ਤਹਿਤ ਹਲਕਾ ਮਜੀਠਾ ਵਿੱਚ ਕਾਂਗਰਸ ਦੇ ਸੀਨੀਅਰ ਆਗੂ ਤੇ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦੀ ਅਗਵਾਈ ਵਿੱਚ ਬਲਾਕ ਪ੍ਰਧਾਨਾਂ ਤੇ ਹੋਰਨਾਂ ਵਰਕਰਾਂ ਦੀ ਮੀਟਿੰਗ ਕਰਕੇ ਹਰ ਪਿੰਡ ਵਿੱਚ ਦਸਤਖ਼ਤ ਕਰਵਾਏ ਜਾਣ ਨੂੰ ਯਕੀਨੀ ਬਣਾਉਣ ਲਈ ਆਪ ਮੀਟਿੰਗਾਂ ਕਰਕੇ ਫਾਰਮ ਵੰਡੇ ਗਏ ਤੇ ਸਖ਼ਤੀ ਨਾਲ ਤਾੜਨਾ ਕਰਦਿਆਂ ਕਿਹਾ ਕਿ 9 ਅਕਤੂਬਰ ਤੱਕ ਹਰ ਹਾਲਤ ਵਿੱਚ ਭਰ ਕੇ ਮੇਰੇ ਦਫ਼ਤਰ ਵਿੱਚ ਪਹੁੰਚਾਏ ਜਾਣ ਤਾਂ ਜੋ ਇਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਦਫ਼ਤਰ ਚੰਡੀਗੜ੍ਹ ਵਿੱਚ ਪਹੁੰਚ ਸਕਣ ।

ਇਸ ਮੌਕੇ ਕੋਆਰਡੀਨੇਟਰ ਬਲਬੀਰ ਸਿੰਘ ਬੱਬੀ, ਪ੍ਰਧਾਨ ਨਵਦੀਪ ਸਿੰਘ ਸੋਨਾ, ਬਲਾਕ ਪ੍ਰਧਾਨ ਸਤਨਾਮ ਸਿੰਘ ਕਾਜੀਕੋਟ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸਾਬਕਾ ਚੇਅਰਮੈਨ ਜਗਦੇਵ ਸਿੰਘ ਬੱਗਾ, ਕੇਵਲ ਸਿੰਘ ਲੁੱਧੜ, ਸਰਪੰਚ ਸ਼ਮਸ਼ੇਰ ਸਿੰਘ ਬਾਬੋਵਾਲ, ਲਾਡੀ ਮਜੀਠਾ, ਸੁਲੱਖਣ ਸਿੰਘ ਕੱਥੂਨੰਗਲ, ਡਾ. ਸੁੱਖਵਿੰਦਰ ਸਿੰਘ ਰੰਧਾਵਾ, ਸ਼ਰਨਜੀਤ ਸਿੰਘ ਸੰਨੀ ਕੱਥੂਨੰਗਲ ਖੁਰਦ, ਡਾ. ਮੋਹਨ ਸਿੰਘ ਤੇ ਹੋਰ ਵੀ ਆਗੂ ਹਾਜ਼ਰ ਸਨ।



# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਪਿੰਡ-ਪਿੰਡ ਮੋਟਰਸਾਈਕਲ ਮਾਰਚ

## * ਹੜ੍ਹ ਪੀੜਤਾਂ ਦੇ ਹੋਏ ਜਾਨੀ-ਮਾਲੀ ਨੁਕਸਾਨ ਦਾ ਬਣਦਾ ਮੁਆਵਜ਼ਾ ਦੇਣ ਦੀ ਕੀਤੀ ਮੰਗ

ਗੁਰਦਾਸਪੁਰ (ਜਨਕ ਮਹਾਜਨ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਹੜ੍ਹ/ਬਾਰਸ਼ ਪੀੜਤਾਂ ਨੂੰ ਰਾਹਤ ਦਿਵਾਉਣ ਲਈ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਬਹਿਰਾਮਪੁਰ ਵੱਖ-ਵੱਖ ਪਿੰਡਾਂ ਬਾਹਮਣੀ, ਚੰਡੀਗੜ੍ਹ, ਮਕੌੜਾ, ਨਵਾਂ ਟਾਂਡਾ, ਝੱਬਕਰਾ, ਯੱਗੋ ਚੱਕ ਟਾਂਡਾ, ਫਰੀਦਪੁਰ, ਚਿੱਟੀ, ਬਾਊਪੁਰ ਜੱਟਾਂ, ਗਾਹਲੜੀ ਆਦਿ ਥਾਵਾਂ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਮੋਟਰਸਾਈਕਲ ਮਾਰਚ ਕਰਕੇ ਮੰਗ ਕੀਤੀ ਕਿ ਹੜਾ/ਬਾਰਸ਼ਾਂ ਕਾਰਨ ਹੋਏ ਭਾਰੀ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਵੱਖ-ਵੱਖ ਪਿੰਡਾਂ ਅੰਦਰ ਲੋਕਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਵਿੱਤ ਸਕੱਤਰ ਸਾਥੀ ਸ਼ਮਸ਼ੇਰ ਸਿੰਘ ਬਟਾਲਾ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਪੰਡੋਰੀ, ਮੇਜ਼ਰ ਸਿੰਘ ਕੋਟ ਟੋਡਰ ਮੱਲ, ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਸਕੱਤਰ ਵਿਜੇ ਸੋਹਲ ਨੇ ਕਿਹਾ ਕਿ ਆਗੂਆਂ ਨੇ ਕਿਹਾ ਕਿ ਹੜ੍ਹਾਂ ਦੀ ਸਿੱਧੀ ਮਾਰ ਹੇਠ ਆਏ ਲੋਕਾਂ ਦਾ ਜਿੱਥੇ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ ਹੈ ਉੱਥੇ ਮਜ਼ਦੂਰ ਵਰਗ ਦੇ ਲੋਕਾਂ ਦੇ ਪੂਰੇ ਪੰਜਾਬ ਅੰਦਰ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ, ਅਜੇ ਤੱਕ ਪੰਜਾਬ ਸਰਕਾਰ ਨੇ ਸਿਵਾਏ ਨਿਗੂਣੇ ਐਲਾਨ ਤੋਂ ਬਿਨਾਂ ਕੁਝ ਨਹੀਂ ਦਿੱਤਾ। ਜੋ ਮੁਆਵਜ਼ਾ ਰਾਸ਼ੀ ਐਲਾਨੀ ਹੈ ਉਹ ਨੁਕਸਾਨ ਦੇ ਮੱਦੇਨਜ਼ਰ ਬਹੁਤ ਊਣੀ ਹੈ।ਅਜੇ ਤੱਕ ਕੋਈ ਅਧਿਕਾਰੀ ਮਜ਼ਦੂਰਾਂ ਦੇ ਘਰਾਂ 'ਚ ਸਰਵੇ ਕਰਨ ਨਹੀਂ ਆਇਆ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੂਬਾ ਸਰਕਾਰ ਕਿੰਨੀ ਕੁਝ ਸੰਜੀਦਾ ਹੈ ?


ਉਨ੍ਹਾਂ ਕਿਹਾ ਕਿ 2023 ਦੇ ਹੜ੍ਹਾਂ ਵੇਲੇ ਵੀ ਸਿਰਫ਼ ਐਲਾਨ ਹੀ ਰਹਿ ਗਏ ਸਨ, ਲੋਕਾਂ ਨੂੰ ਮੁਆਵਜ਼ਾ ਨਹੀਂ ਸੀ ਮਿਲਿਆ।ਮੋਟਰਸਾਈਕਲ ਮਾਰਚ ਵਿਚ ਮੰਗ ਕੀਤੀ ਗਈ ਕਿ ਹੜ੍ਹਾਂ/ਬਾਰਸ਼ਾਂ ਨਾਲ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ, ਹੜ੍ਹਾਂ 'ਚ ਜਾਨਾਂ ਗੁਆਉਣ ਵਾਲੇ ਪੀੜਤਾਂ ਦੇ ਪਰਿਵਾਰਾਂ ਨੂੰ ਘੱਟੋ-ਘੱਟ 25 ਲੱਖ ਰੁਪਏ ਅਤੇ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਿਵਾਰ 50 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ, ਸਿਆਸੀ ਲੀਡਰਸ਼ਿਪ ਅਤੇ ਅਫ਼ਸਰਸ਼ਾਹੀ ਦੀ ਲਾਪਰਵਾਹੀ ਕਰਕੇ ਆਏ ਹੜ੍ਹਾਂ ਦੇ ਦੋਸ਼ੀਆਂ ਦੀ ਪਛਾਣ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ, ਮਜ਼ਦੂਰਾਂ ਦੇ ਸਹਿਕਾਰੀ ਅਤੇ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਸਾਰੇ ਕਰਜ਼ਿਆਂ ਨੂੰ ਮਾਫ਼ ਕੀਤਾ ਜਾਵੇ।

ਉਪਰੋਕਤ ਆਗੂਆਂ ਤੋਂ ਬਿਨਾਂ ਸੁਖਵੰਤ ਸਿੰਘ ਸੰਦਲਪੁਰ, ਦਲਬੀਰ ਭੋਲਾ, ਬਾਬਾ ਬਲਬੀਰ ਸਿੰਘ ਲੀਲ ਕਲਾਂ, ਜਸਵਿੰਦਰ ਸਿੰਘ ਛਿੱਤ, ਗੋਬਿੰਦ ਪੁਰੋਵਾਲ, ਰਾਮ ਮੂਰਤੀ ਪੰਡੋਰੀ, ਬੂਟਾ ਮਸੀਹ, ਰੂਪ ਲਾਲ ਮੁਸਤਫ਼ਾਬਾਦ ਸੈਦਾਂ, ਨਿਸ਼ਾਨ ਉਧੋਵਾਲ, ਰਣਜੀਤ ਸਿੰਘ ਸੋਹਲ, ਗੁਰਨਾਮ ਸਿੰਘ ਬਟਾਲਾ, ਰਾਜੂ ਕੰਗ, ਸੁਖਵੰਤ ਸਿੰਘ, ਹਰਜਿੰਦਰ ਸਿੰਘ, ਰਣਜੀਤ ਸਿੰਘ ਕੋਟ ਟੋਡਰ ਮੱਲ ਆਦਿ ਹਾਜ਼ਰ ਸਨ।



## ਸਰਕਾਰ ਨੇ ਕਿਸਾਨਾਂ ਤੇ ਵਿਦਿਆਰਥੀਆਂ ਨਾਲ ਧੋਖਾ ਕੀਤਾ : ਟੀਟੂ ਪ੍ਰਧਾਨ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਾ ਸਿਰਫ਼ ਕੇਂਦਰ ਤੋਂ ਆਏ ਹਜ਼ਾਰਾਂ ਕਰੋੜ ਰੁਪਏ (ਕੁਦਰਤੀ ਆਫ਼ਤ ਫੰਡ) ਹੋਰ ਕੰਮਾਂ ਲਈ ਵਰਤ ਕੇ ਕਿਸਾਨਾਂ ਨਾਲ ਧੋਖਾ ਕੀਤਾ ਹੈ, ਸਗੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਕੇਂਦਰ ਵੱਲੋਂ ਦਿੱਤੇ ਗਏ 800 ਕਰੋੜ ਰੁਪਏ ਦੀ ਦੁਰਵਰਤੋਂ ਵੀ ਕੀਤੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਟੀਟੂ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕੇਂਦਰ ਸਰਕਾਰ ਵੱਲੋਂ ਆਇਆ ਫੰਡ 'ਆਪ' ਸਰਕਾਰ ਵੱਲੋਂ ਹੋਰ ਪਾਸੇ ਲਾਏ ਜਾਣ ਕਾਰਨ ਗਰੀਬ ਵਿਦਿਆਰਥੀਆਂ ਨੂੰ ਆਪਣੇ ਵਜ਼ੀਫ਼ੇ ਨਹੀਂ ਮਿਲ ਰਹੇ, ਜਿਸ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਨੂੰ ਕਾਲਜ ਛੱਡਣਾ ਪੈ ਰਿਹਾ ਹੈ।ਸ. ਟੀਟੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਕਾਰਜਕਾਲ ਦੌਰਾਨ 4 ਲੱਖ ਦੇ ਕਰੀਬ ਵਿਦਿਆਰਥੀਆਂ ਨੇ ਇਸ ਯੋਜਨਾ ਦਾ ਲਾਭ ਉਠਾਇਆ ਸੀ । ਹਾਲਾਂਕਿ ਪਿਛਲੀ ਕਾਂਗਰਸ ਸਰਕਾਰ ਅਤੇ ਮੌਜੂਦਾ ਆਪ ਸਰਕਾਰ ਦੋਵਾਂ ਨੇ ਇਸ ਯੋਜਨਾ ਨੂੰ ਬੁਰੀ ਤਰ੍ਹਾਂ ਫੇਲ੍ਹ ਕਰ ਦਿੱਤਾ ਹੈ ਅਤੇ ਹੁਣ ਲੋੜਵੰਦ ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫ਼ੇ ਪੂਰੀ ਤਰ੍ਹਾਂ ਬੰਦ ਹੋ ਗਏ ਹਨ।ਉਨ੍ਹਾਂ ਕਿਹਾ ਕਿ ਕਿਸਾਨ ਤੇ ਵਿਦਿਆਰਥੀਆਂ ਦਾ ਹੱਕ ਮਾਰਨ ਵਾਲੀ ਸਰਕਾਰ ਨੂੰ ਲੋਕਾਂ ਦੀ ਕਚਹਿਰੀ 'ਚ ਜਵਾਬ ਦੇਣਾ ਪਵੇਗਾ।



# ਹੋਟਲ ਕਾਰੋਬਾਰ 'ਤੇ ਜੀਐੱਸਟੀ 'ਚ ਕਟੌਤੀ ਮੋਦੀ ਦੀ ਦੂਰਦਰਸ਼ੀ ਸੋਚ ਦਾ ਨਤੀਜਾ : ਚੁੱਘ

ਛੇਹਰਟਾ, (ਮਨੋਜ ਕੁਮਾਰ)- ਹੋਟਲ ਕਾਰੋਬਾਰੀਆਂ ਤੇ ਵਪਾਰੀ ਵਰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੋਟਲ ਕਾਰੋਬਾਰ 'ਤੇ ਜੀਐੱਸਟੀ 12 ਫ਼ੀਸਦੀ ਤੋਂ ਘਟਾ ਕੇ 5 ਫ਼ੀਸਦੀ ਕਰਨ ਦੇ ਇਤਿਹਾਸਕ ਫ਼ੈਸਲੇ ਦਾ ਨਿੱਘਾ ਸਵਾਗਤ ਕੀਤਾ ਹੈ ਅਤੇ ਇਸਨੂੰ ਦੀਵਾਲੀ ਦਾ ਤੋਹਫ਼ਾ ਕਰਾਰ ਦਿੱਤਾ ਹੈ। ਇਸ ਮੌਕੇ ਹੋਟਲ ਪੈਗਾਮ ਦੇ ਮਾਲਕਾਂ ਲਲਿਤ ਸੇਠ ਅਤੇ ਅਸ਼ਵਨੀ ਸੇਠ ਨੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਜਨਰਲ ਸਕੱਤਰ ਤਰੁਣ ਚੁੱਘ ਦਾ ਨਿੱਘਾ ਸਵਾਗਤ ਕੀਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਇਸ ਮੌਕੇ ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਹਮੇਸ਼ਾ ਵਪਾਰ ਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਦਾ ਸਪੱਸ਼ਟ ਮੰਨਣਾ ਹੈ ਕਿ ਉਦਯੋਗ ਤੇ ਸੈਰ-ਸਪਾਟਾ ਭਾਰਤ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਜੀਐੱਸਟੀ ਵਿਚ ਇਹ ਕਟੌਤੀ ਮੋਦੀ ਦੀ ਦੂਰਦਰਸ਼ੀ ਸੋਚ ਦਾ ਨਤੀਜਾ ਹੈ, ਜੋ ਨਾ ਸਿਰਫ਼ ਵਪਾਰੀਆਂ ਨੂੰ ਰਾਹਤ ਪ੍ਰਦਾਨ ਕਰੇਗੀ, ਸਗੋਂ ਦੇਸ਼ ਦੀ ਆਰਥਿਕਤਾ ਨੂੰ ਨਵੀਂ ਊਰਜਾ ਵੀ ਪ੍ਰਦਾਨ ਕਰੇਗੀ। ਚੁੱਘ ਨੇ ਅੱਗੇ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਅਜਿਹੇ ਸੁਧਾਰਾਂ ਨੂੰ ਲਾਗੂ ਕਰ ਰਹੀ ਹੈ, ਜਿਸ ਨਾਲ ਛੋਟੇ ਤੇ ਮਿਡਲ ਕਲਾਸ ਕਾਰੋਬਾਰ ਮਜ਼ਬੂਤ ਹੋਣਗੇ ਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇਹ ਦ੍ਰਿਸ਼ਟੀਕੋਣ ਪ੍ਰਧਾਨ ਮੰਤਰੀ ਮੋਦੀ ਨੂੰ ਸਮਾਜ ਦੇ ਹਰ ਵਰਗ ਦਾ ਸੱਚਾ ਹਮਦਰਦ ਬਣਾਉਂਦਾ ਹੈ।

ਇਸ ਮੌਕੇ ਅਮਨ ਐਰੀ, ਸਾਬਕਾ ਭਾਜਪਾ ਸਕੱਤਰ ਵਿਨੋਦ ਨੰਦਾ, ਭਾਜਪਾ ਉਪ ਪ੍ਰਧਾਨ ਚੰਦਰ ਸ਼ੇਖਰ ਸ਼ਰਮਾ, ਸਰਬਜੀਤ ਸਿੰਘ ਸੈਂਟੀ, ਸ਼ਿਵ ਕੁਮਾਰ ਸ਼ਰਮਾ, ਰਮਨ ਦੁਆ, ਤਰੁਣ ਅਰੋੜਾ, ਸੁਧੀਰ ਸੂਦ, ਅਮੀਰ ਚੰਦ ਸੋਢੀ, ਵਿਕਾਸ ਮਹਾਜਨ, ਰੋਮੀ, ਅਭਿਨੀਤ ਸੇਠ ਅਤੇ ਲਲਿਤ ਸੇਠ ਦੇ ਪਰਿਵਾਰ ਸਮੇਤ ਕਈ ਪਤਵੰਤੇ ਸ਼ਾਮਲ ਹੋਏ।



# ਰਾਵੀ ਦਰਿਆ 'ਚ ਛੱਡੇ ਪਾਣੀ ਦਾ ਕੈਬਨਿਟ ਮੰਤਰੀ ਕਟਾਰੂਚੱਕ ਨੇ ਲਿਆ ਜਾਇਜ਼ਾ

ਪਠਾਨਕੋਟ, (ਦਵਿੰਦਰ ਸਿੰਘ)-ਮੌਸਮ ਵਿਭਾਗ ਅਨੁਸਾਰ ਅਨੁਮਾਨਤ ਪਹਾੜੀ ਖੇਤਰ ਵਿੱਚ ਬਾਰਿਸ਼ ਤੇਜ਼ ਹੋਣ ਦੀ ਸੰਭਾਵਨਾ ਹੈ ਜਿਸ ਦੇ ਚਲਦਿਆਂ ਰਾਵੀ ਦਰਿਆ ਵਿੱਚ ਪਾਣੀ ਛੱਡਿਆ ਜਾ ਰਿਹਾ ਹੈ ਪਰ ਲੋਕਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ. ਸਥਿਤੀ ਕੰਟਰੋਲ ਅੰਦਰ ਹੈ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਰਾਵੀ ਦਰਿਆ ਦਾ ਨਿਰੀਖਣ ਕਰਨ ਮਗਰੋਂ ਕੀਤਾ।

ਇਸ ਮੌਕੇ ਉਨ੍ਹਾਂ ਦੇ ਨਾਲ ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਖੁਸ਼ਬੀਰ ਕਾਟਲ, ਭੁਪਿੰਦਰ ਸਿੰਘ ਅਤੇ ਹੋਰ ਵੀ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਮੌਜੂਦ ਸਨ।ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਆਉਣ ਵਾਲੇ ਤਿੰਨ ਚਾਰ ਦਿਨਾਂ ਦੌਰਾਨ ਪਹਾੜੀ ਅਤੇ ਮੈਦਾਨੀ ਖੇਤਰ ਅੰਦਰ ਤੇਜ਼ ਬਾਰਿਸ਼ ਹੋਣ ਦੀ ਸੰਭਾਵਨਾ ਹੈ ਜਿਸ ਨੂੰ ਵੇਖਦਿਆਂ ਰਾਵੀ ਦਰਿਆ ਵਿੱਚ ਪਿਛਲੇ ਕੱਲ ਵੀ 30 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਸੀ ਅਤੇ ਅੱਜ ਵੀ ਛੱਡਿਆ ਗਿਆ ਹੈ।ਪਿਛਲੀ ਵਾਰ ਰਾਵੀ ਦਰਿਆ ਅੰਦਰ ਜ਼ਿਆਦਾ ਪਾਣੀ ਆਉਣ ਕਰਕੇ ਕੋਹਲੀਆਂ ਅੱਡਾ ਕਾਫੀ ਪ੍ਰਭਾਵਿਤ ਹੋਇਆ ਸੀ ਅਤੇ ਪਹਿਲਾਂ ਤੋਂ ਹੀ ਇਨ੍ਹਾਂ ਖੇਤਰਾਂ ਅੰਦਰ ਬੰਨ੍ਹ ਬਣਾਏ ਗਏ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰੀਬ ਚਾਰ ਟੀਮਾਂ ਲਗਾਈਆਂ ਹੋਈਆਂ ਹਨ ਅਤੇ ਕਾਰਜ ਜਾਰੀ ਹਨ।

ਪਹਿਲਾਂ ਵਰਗੀ ਸਥਿਤੀ ਪੈਦਾ ਨਾ ਹੋਵੇ ਇਸ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਡਰਨ ਦੀ ਲੋੜ ਨਹੀਂ ਹੈ, ਸਥਿਤੀ ਪੂਰੀ ਤਰ੍ਹਾਂ ਨਾਲ ਕੰਟਰੋਲ ਵਿੱਚ ਹੈ।



# ਸ਼ੀਤਲਾ ਮਾਤਾ ਮੰਦਰ ਕਮੇਟੀ ਵੱਲੋਂ ਜਾਗਰਣ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਦਾ ਮਾਣ ਸਨਮਾਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੀ ਦਾਣਾ ਮੰਡੀ ਸਥਿਤ ਪੁਰਾਤਨ ਸ਼ੀਤਲਾ ਮਾਤਾ ਮੰਦਰ ਵਿਖੇ ਵੈਸ਼ਨੋ ਭਜਨ ਮੰਡਲੀ ਸ਼ੀਤਲਾ ਵੈੱਲਫੇਅਰ ਲੋਕ ਹਿੱਤ ਸੁਸਾਇਟੀ ਰਜਿ; ਡੇਰਾ ਬਾਬਾ ਨਾਨਕ ਵੱਲੋਂ ਹਰ ਸਾਲ ਦੀ ਤਰ੍ਹਾਂ 54ਵਾਂ ਸਾਲਾਨਾ ਜਾਗਰਣ ਤੇ ਭੰਡਾਰਾ ਕਰਵਾਇਆ ਗਿਆ। ਰੱਖੇ ਸ਼੍ਰੀ ਰਮਾਇਣ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਮਹਿਲਾ ਕੀਰਤਨ ਮੰਡਲੀ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਜਾਗਰਣ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡੇਰਾ ਬਾਬਾ ਨਾਨਕ ਦੇ ਐੱਸਐੱਚਓ ਅਸ਼ੋਕ ਕੁਮਾਰ ਸ਼ਰਮਾ, ਨਸ਼ਾ ਛੁਡਾਊ ਮੁਹਿੰਮ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਕੋਆਰਡੀਨੇਟਰ ਡਾਕਟਰ ਅਰਸ਼ਦੀਪ ਸਿੰਘ, ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਬਾਦਲ, ਗੋਲਾ ਸੁਨਿਆਰਾ, ਕੌਂਸਲਰ ਰਜਤ ਮਰਵਾਹਾ, ਕੌਂਸਲਰ ਬਲਦੇਵ ਰਾਜ ਡਾਇਮੰਡ ਨੂੰ ਮੰਦਰ ਦੇ ਮੁੱਖ ਪੁਜਾਰੀ ਪੰਡਤ ਭੂਹਵਨ ਸ਼ਾਸਤਰੀ ਦੀ ਅਗਵਾਈ ਵਿੱਚ ਮੰਦਰ ਕਮੇਟੀ ਵੱਲੋਂ ਮਾਤਾ ਦੀ ਲਾਲ ਚੂਨੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਅਤੁੱਟ ਵਰਤਾਇਆ ਗਿਆ ।

ਇਸ ਮੌਕੇ ਪੰਡਤ ਭੂਹਵਨ ਸ਼ਾਸਤਰੀ, ਸਰਪ੍ਰਸਤ ਰਵਿੰਦਰ ਸਿੰਘ ਬੇਦੀ, ਸਰਪ੍ਰਸਤ ਅਸ਼ੋਕ ਕੁਮਾਰ ਮਹਿਰਾ, ਪ੍ਰਧਾਨ ਨਰਿੰਦਰ ਕੁਮਾਰ, ਹਰਸਿਮਰਤ ਸਿੰਘ ਬਾਜਵਾ ਵੇਰੋਕੇ, ਮਾਸਟਰ ਦਵਿੰਦਰ ਕੁਮਾਰ, ਮਾਸਟਰ ਸੰਜੀਵ ਸਰਨਾ, ਨੀਰਜ ਕੁਮਾਰ ਟਿੰਕੂ, ਨਰੇਸ਼ ਕੁਮਾਰ, ਸੋਨੂੰ ਫੋਟੋਗ੍ਰਾਫਰ, ਮੂਲ ਰਾਜ ਭੱਟੀ, ਬੋਧ ਰਾਜ, ਰਮਨਦੀਪ ਸਿੰਘ ਬੇਦੀ, ਕਰਨਦੀਪ, ਮਾਸਟਰ ਰਾਮ ਸਰੂਪ, ਸੁਮਿਤ ਅਰੋੜਾ, ਗੁਰਮੁੱਖ ਸਿੰਘ ਫੌਜੀ ਮਸ਼ਰਾਲਾ, ਕੇਤਨ ਕੁਮਾਰ, ਅਭਿ ਕੁਮਾਰ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।



# ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ 'ਚ ਸਕੂਲੀ ਵਾਹਨਾਂ ਦੀ ਸੁਰੱਖਿਆ ਸਬੰਧੀ ਹੋਈਆਂ ਅਹਿਮ ਵਿਚਾਰਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦੀ ਪ੍ਰਧਾਨਗੀ ਸਹਾਇਕ ਕਮਿਸ਼ਨਰ ਜਨਰਲ ਅਦਿਤਿਆ ਗੁਪਤਾ ਅਤੇ ਆਰਟੀਓ ਮੈਡਮ ਨਵਜੋਤ ਸ਼ਰਮਾ ਵੱਲੋਂ ਕੀਤੀ ਗਈ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਸ਼ਾਮਿਲ ਹੋਏ।ਮੀਟਿੰਗ ਦੌਰਾਨ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੇ ਮੈਂਬਰਾਂ ਵੱਲੋਂ ਸੇਫ ਸਕੂਲ ਵਾਹਨ ਪਾਲਸੀ ਤਹਿਤ ਸਕੂਲੀ ਵਾਹਨਾਂ ਵਿੱਚ ਬੱਚਿਆਂ ਦੀ ਸੁਰੱਖਿਆ ਸਬੰਧੀ ਮਾਪਿਆਂ ਨੂੰ ਜਾਗਰੂਕ ਕਰਵਾਉਣ ਲਈ ਸੈਮੀਨਾਰ ਲਗਵਾਉਣ, ਅੰਡਰ ਏਜ ਡਰਾਈਵਿੰਗ ਨੂੰ ਰੋਕਣ ਲਈ ਵਿਸ਼ੇਸ਼ ਤੌਰ ਤੇ ਕਦਮ ਚੁੱਕਣ ਲਈ ਕਿਹਾ ਗਿਆ।ਇਸ ਦੌਰਾਨ ਸੜਕ ਹਾਦਸਿਆਂ ਨੂੰ ਰੋਕਣ ਅਤੇ ਬਲੈਕ ਸਪੋਟ ਨੂੰ ਖਤਮ ਕਰਨ ਸਬੰਧੀ, ਨਾਗਰਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ, ਈ-ਰਿਕਸ਼ਿਆਂ ਦੀ ਸੁਰੱਖਿਆ ਨੂੰ ਹੋਰ ਯਕੀਨੀ ਬਣਾਉਣ ਲਈ ਈ ਰਿਕਸ਼ਾ ਰਜਿਸਟਰੇਸ਼ਨ ਕਰਨ ਸਬੰਧੀ ਅਤੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਰਗੇ ਮੁੱਦਿਆਂ ਚਰਚਾ ਕੀਤੀ ਗਈ।ਸਹਾਇਕ ਕਮਿਸ਼ਨਰ ਜਨਰਲ ਅਦਿਤਿਆ ਗੁਪਤਾ ਵੱਲੋਂ ਜ਼ਿਲੇ ਵਿੱਚ ਟਰੈਫਿਕ ਸਮੱਸਿਆਵਾਂ ਨੂੰ ਦੂਰ ਕਰਨ ਸਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਸੇਫ ਸਕੂਲ ਵਾਹਨ ਸਕੀਮ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਸਕੂਲਾਂ ਦੇ ਵਾਹਨਾਂ ਦੀ ਸਮੇਂ ਸਮੇਂ ਵਿਸ਼ੇਸ਼ ਚੈਕਿੰਗ ਵੀ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਜਿਹੜੇ ਸਕੂਲ ਪ੍ਰਬੰਧਕ ਆਪਣੇ ਸਕੂਲਾਂ ਦੇ ਵਾਹਨਾਂ ਦੀ ਸੁਰੱਖਿਆ ਨੂੰ ਪਾਲਸੀ ਮੁਤਾਬਕ ਯਕੀਨੀ ਨਹੀਂ ਬਣਾਉਂਦੇ, ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।ਆਰਟੀਓ ਮੈਡਮ ਨਵਜੋਤ ਸ਼ਰਮਾ ਨੇ ਕਿਹਾ ਕਿ ਟਰਾਂਸਪੋਰਟ ਵਿਭਾਗ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹੇ ਅੰਦਰ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸਮੇਂ ਸਮੇਂ ਤੇ ਸਕੂਲਾਂ ਦੇ ਵਾਹਨਾਂ ਦੀ ਵੀ ਵਿਸ਼ੇਸ਼ ਜਾਂਚ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਵੱਲੋਂ ਜ਼ਿਲੇ ਵਿੱਚ ਈ ਰਿਕਸ਼ਾ ਨੂੰ ਰਜਿਸਟਰਡ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਆਉਂਦੇ ਦਿਨਾਂ ਵਿੱਚ ਗੁਰਦਾਸਪੁਰ ਸ਼ਹਿਰ ਤੋਂ ਇਲਾਵਾ ਜ਼ਿਲੇ ਦੇ ਹੋਰ ਵੱਖ-ਵੱਖ ਸ਼ਹਿਰਾਂ ਵਿੱਚ ਵੀ ਵਿਸ਼ੇਸ਼ ਕੈਂਪ ਲਗਾ ਕੇ ਈ-ਰਿਕਸ਼ਾ ਨੂੰ ਰਜਿਸਟਰ ਕੀਤਾ ਜਾਵੇਗਾ।

# 24ਵੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਟੂਰਨਾਮੈਂਟ-2025 ਦਾ ਸ਼ਾਨਦਾਰ ਆਗਾਜ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਚੀਫ਼ ਖ਼ਾਲਸਾ ਦੀਵਾਨ ਵੱਲੋਂ 24ਵੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਟੂਰਨਾਮੈਂਟਸ ਦੀ ਸ਼ੁਰੂਆਤ ਬਹੁਤ ਸ਼ਾਨਦਾਰ ਅਤੇ ਗੌਰਵਮਈ ਢੰਗ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ. ਕੇ. ਡੀ. ਸਕੂਲ ਆਫ ਐਕਸੀਲੈਂਸ, ਸ਼ੁਭਮ ਇਨਕਲੇਵ ਵਿਖੇ ਬੈਂਡ ਮੁਕਾਬਲਿਆਂ ਦੇ ਨਾਲ ਕੀਤੀ ਗਈ। ਜਿਥੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ। ਪ੍ਰੋਗਰਾਮ ਦਾ ਆਗਾਜ਼ ਅਕਾਲ ਪੁਰਖ ਦਾ ਓਟ ਆਸਰਾ ਲੈਂਦਿਆਂ ਸਕੂਲ ਸ਼ਬਦ ਨਾਲ ਕੀਤਾ ਗਿਆ। ਉਪਰੰਤ ਸਮਾਰੋਹ ਵਿਚ ਰਵਾਇਤਾਂ ਅਨੁਸਾਰ ਸੀ. ਕੇ. ਡੀ. ਖੇਡਾਂ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਹਵਾ ਵਿਚ ਰੰਗ-ਬਰੰਗੇ ਗੁਬਾਰੇ ਉਡਾ ਕੇ ਟੂਰਨਾਮੈਂਟ ਦਾ ਉਦਘਾਟਨ ਕੀਤਾ ਗਿਆ। ਸਕੂਲ ਦਾ ਵਾਤਾਵਰਣ ਖੇਡਾਂ ਦੇ ਜੋਸ਼ ਅਤੇ ਉਤਸ਼ਾਹ ਨਾਲ ਭਰ ਗਿਆ। ਸਕੂਲ ਮੈਂਬਰਜ਼ ਇੰਚਾਰਜ ਸਰਜੋਤ ਸਿੰਘ ਸਾਹਨੀ, ਹਰਜੀਤ ਸਿੰਘ ਸਚਦੇਵਾ, ਪ੍ਰਿਤਪਾਲ ਸਿੰਘ ਨਰੂਲਾ ਅਤੇ ਪ੍ਰਿੰ. ਹਰਕਮਲਪ੍ਰੀਤ ਕੌਰ ਕਾਲਰਾ ਨੇ ਆਏ ਮਹਿਮਾਨਾਂ ਦਾ ਨਿੱਘਾ ਸੁਆਗਤ ਕੀਤਾ।ਇਸ ਮੌਕੇ ਮੁੱਖ ਮਹਿਮਾਨ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਖੇਡਾਂ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨ ਸਿਸਟਮ ਦਾ ਅਨਿੱਖੜਵਾਂ ਅੰਗ ਹਨ। ਇਸ ਮੌਕੇ ਆਨਰੇਰੀ ਸਕੱਤਰ ਰਮਣੀਕ ਸਿੰਘ ਨੇ ਕਿਹਾ ਕਿ ਦੀਵਾਨ ਸਕੂਲਾਂ ਦੇ ਬੱਚੇ ਸਿਰਫ ਕਿਤਾਬਾਂ ਤੱਕ ਸੀਮਤ ਨਹੀਂ ਹਨ ਸਗੋਂ ਖੇਡਾਂ ਦੇ ਮੈਦਾਨ ਵਿਚ ਵੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਕੇ ਸੰਸਥਾ ਤੇ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।ਨਤੀਜਿਆਂ ਵਿਚ ਬੈਗਪਾਈਪਰ ਬੈਂਡ ਟੀਮਾਂ 'ਚੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਦੀ ਬੈਂਡ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਲੜਕੀਆਂ ਦੀ ਬੈਂਡ ਟੀਮਾਂ ਵਿੱਚੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਵਿੰਡ ਲਿੰਕ ਰੋਡ ਨੇ ਅਤੇ ਲੜਕਿਆਂ ਦੀ ਸ਼੍ਰੇਣੀ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਕੇਡੀ ਸਕੂਲ ਆਫ ਐਕਸੀਲੈਂਸ ਦੀ ਬੈਂਡ ਟੀਮ ਨੇ ਪਹਿਲੀ ਪੁਜ਼ੀਸ਼ਨ ਲੈ ਕੇ ਬਾਜ਼ੀ ਮਾਰੀ।ਇਸ ਮੌਕੇ ਵੱਖ-ਵੱਖ ਸ਼੍ਰੇਣੀਆਂ ਤਹਿਤ ਪਹਿਲੀ, ਦੂਸਰੀ ਅਤੇ ਤੀਸਰੀ ਪੁਜ਼ੀਸ਼ਨ ਹਾਸਲ ਕਰਨ ਵਾਲੀਆਂ ਬੈਂਡ ਟੀਮਾਂ ਨੂੰ ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਸਨਮਾਨਿਤ ਕੀਤਾ ਗਿਆ।ਦੀਵਾਨ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਜੇਤੂ ਟੀਮਾਂ ਨੂੰ ਵਧਾਈ ਦਿੰਦਿਆਂ ਹੋਰ ਮਿਹਨਤ ਕਰਕੇ ਅੱਗੇ ਆਉਣ ਲਈ ਪ੍ਰੇਰਿਤ ਕੀਤਾ।



# ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਝਬਾਲ ਵਿਸ਼ੇਸ਼ ਸਪਲੀਮੈਂਟ

## ਸੰਦੇਸ਼

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਨਵਾਂ ਜ਼ਮਾਨਾ ਅਖ਼ਬਾਰ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਅਤੇ ਰੋਬਿਨ ਸਿੰਘ ਸੋਨੀ ਵੱਲੋਂ ਧੰਨ ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਜਗਬੀਰ ਸਿੰਘ ਬੱਬੂ, ਭਾਰਤੀ ਕਿਸਾਨ ਯੂਨੀ. ਏਕਤਾ ਸਿੱਧੂਪੁਰ | ਡਾ. ਰਾਜਬੀਰ ਸਿੰਘ, ਸੀਨੀਅਰ ਮੈਡੀਕਲ ਅਫ਼ਸਰ, ਅੰਮ੍ਰਿਤਸਰ | ਪ੍ਰਧਾਨ ਡਾ. ਗੁਰਨੇਕ ਸਿੰਘ ਸੋਹਲ | ਡਾ. ਜੋਗਰਾਜ ਸਿੰਘ ਝਬਾਲ | ਐਸ ਡੀ ਓ ਜਸਕਰਨ ਸਿੰਘ, ਮੰਡੀ ਬੋਰਡ

ਕੈਪਟਨ ਸਿੰਘ ਬਘਿਆੜੀ, ਕਿਸਾਨ ਆਗੂ | ਕਾਮਰੇਡ ਦਵਿੰਦਰ ਸੋਹਲ, ਜ਼ਿਲ੍ਹਾ ਸਕੱਤਰ | ਬਿਕਰਮਜੀਤ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ | ਗੁਰਦਿਆਲ ਸਿੰਘ ਲਾਲੀ | ਬਲਦੇਵ ਸਿੰਘ ਫੌਜੀ (ਕਸੇਲ)

## ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਸਾਲਾਨਾ ਮੇਲੇ ਦੀਆਂ ਮੁਬਾਰਕਾਂ



ਬਾਬਾ ਬੁੱਢਾ ਜੀ ਦਾ ਜਨਮ ਭਾਈ ਸੁੱਗਾ ਦੇ ਘਰ ਮਾਤਾ ਗੌਰਾ ਜੀ ਦੀ ਕੁੱਖੋਂ 7 ਕੱਤਕ 1563 ਬਿਕਰਮੀ ਮੁਤਾਬਕ 1506 ਈ: ਨੂੰ ਪਿੰਡ ਗੱਗੋਮਾਹਲ (ਮੌਜੂਦਾ ਕੱਥੂਨੰਗਲ) ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਾਬਾ ਬੁੱਢਾ ਜੀ ਦਾ ਮਿਲਾਪ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਇਸੇ ਸਥਾਨ 'ਤੇ ਬਚਪਨ ਸਮੇਂ ਹੀ ਹੋਇਆ ਸੀ। ਬਾਬਾ ਬੁੱਢਾ ਜੀ ਨੇ ਲੰਮਾ ਜੀਵਨ ਗੁਰੂ ਨਾਨਕ ਸਾਹਿਬ ਜੀ ਨਾਲ ਬਿਤਾਇਆ।

ਆਪ ਜੀ ਨੇ ਗੁਰੂ ਅੰਗਦ ਜੀ ਤੋਂ ਲੈ ਕੇ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਬਖਸ਼ਣ ਸਮੇਂ ਮਾਣ ਪ੍ਰਾਪਤ ਕੀਤਾ। ਜਦੋਂ ਤੀਸਰੇ ਪਾਤਸ਼ਾਹ ਨੂੰ ਦਾਤੂ ਨੇ ਗੁਰੂ ਅਮਰਦਾਸ ਜੀ ਨੂੰ ਬੁਰਾ-ਭਲਾ ਕਿਹਾ ਤਾਂ ਉਹ ਆਪਣੇ ਨਗਰ ਬਾਸਰਕੇ ਦੇ ਬਾਹਰਵਾਰ ਕੱਚੇ ਕਮਰੇ ਵਿੱਚ ਭਗਤੀ ਵਿੱਚ ਲੀਨ ਹੋ ਗਏ। ਉਹਨਾਂ ਨੇ ਕਮਰੇ ਦੇ ਬਾਹਰ ਲਿਖ ਕੇ ਲਾ ਦਿੱਤਾ ਕਿ ਜਿਹੜਾ ਸਿੱਖ ਸਾਡੇ ਕਮਰੇ ਦਾ ਦਰਵਾਜ਼ਾ ਖੜਕਾਵੇਗਾ, ਉਹ ਗੁਰੂ ਦਾ ਸਿੱਖ ਨਹੀਂ ਹੋਵੇਗਾ।

ਆਪ ਗੁਰੂ ਅੰਗਦ ਜੀ ਦਾ ਹੁਕਮ ਮੰਨ ਕੇ ਸਿੱਖ ਸੰਗਤਾਂ ਨਾਲ ਬਾਸਰਕੇ ਪਹੁੰਚੇ। ਆਪ ਜੀ ਨੇ ਪਿੰਡ ਬਾਸਰਕੇ ਭਗਤੀ ਵਿੱਚ ਲੀਨ ਹੋਏ ਗੁਰੂ ਜੀ ਦੇ ਕਮਰੇ ਨੂੰ ਪਿੱਛੋਂ ਸੰਨ੍ਹ ਲਾ ਕੇ ਗੁਰੂ ਜੀ ਨੂੰ ਸਿੱਖ ਸੰਗਤਾਂ ਦੇ ਸਨਮੁੱਖ ਹੋਣ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਸਿੱਖ ਸੰਗਤਾਂ ਦਾ ਹੁਕਮ ਮੰਨ ਕੇ ਚੱਲ ਪਏ। ਜਿੱਥੇ ਅੱਜ ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਵਿਖੇ ਸੁਸ਼ੋਭਿਤ ਹੈ।

ਝਬਾਲ ਦੀ ਇਤਿਹਾਸਕ ਧਰਤੀ ਦੇ ਨੇੜੇ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਆਪ ਗੁਰੂ ਘਰ ਦੇ ਪਸ਼ੂ ਲੈ ਕੇ ਬੀੜ ਸਾਹਿਬ ਪਹੁੰਚ ਗਏ। ਇੱਥੇ ਹੀ ਆਪ ਜੀ ਨੇ ਮਾਤਾ ਗੰਗਾ ਜੀ ਨੂੰ ਪੁੱਤਰ ਦੀ ਦਾਤ ਬਖਸ਼ ਕੀਤੀ ਸੀ। ਅੱਜ ਵੀ ਸਿੱਖ ਸੰਗਤਾਂ ਮਿੱਠੇ ਪ੍ਰਸ਼ਾਦੇ ਲੈ ਕੇ ਆਉਂਦੀਆਂ ਹਨ। ਗੁਰੂ ਘਰ ਦੀ ਖੁਸ਼ੀ ਪ੍ਰਾਪਤ ਕਰਦੀਆਂ ਹਨ।

ਹਰਜਿੰਦਰ ਸਿੰਘ ਸੋਨੀ
ਪੱਤਰਕਾਰ ਝਬਾਲ
ਮੋ. 98154-42347

ਰੋਬਿਨ ਸਿੰਘ ਸੋਨੀ
ਪੱਤਰਕਾਰ ਝਬਾਲ
ਮੋ. 70871-54445

## ਸੰਦੇਸ਼

ਨਵਾਂ ਜ਼ਮਾਨਾ ਅਖ਼ਬਾਰ ਹਰ ਨਵੀਂ ਸਵੇਰ ਨੂੰ ਨਵੀਂ ਖ਼ਬਰ ਵਾਲਾ ਆਪਣੇ ਪਾਠਕਾਂ ਨੂੰ ਤਰੋ ਤਾਜ਼ਾ ਕਰਦਾ ਹੈ। ਨਵਾਂ ਜ਼ਮਾਨਾ ਅਖ਼ਬਾਰ ਦੇ ਪੱਤਰਕਾਰ ਹਰਜਿੰਦਰ ਸਿੰਘ ਸੋਨੀ ਅਤੇ ਰੋਬਿਨ ਸਿੰਘ ਸੋਨੀ ਵੱਲੋਂ ਧੰਨ ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਦਿਲਬਾਗ ਸਿੰਘ, ਸਾਬਕਾ ਡੀ ਜੀ ਪੀ | ਗੁਰਪ੍ਰੀਤ ਸਿੰਘ, ਏ ਆਈ ਜੀ, ਅੰਮ੍ਰਿਤਸਰ | ਜਗਜੀਤ ਸਿੰਘ, ਡੀ ਐਸ ਪੀ ਸਿਟੀ ਤਰਨ ਤਾਰਨ | ਸੁਖਬੀਰ ਸਿੰਘ, ਡੀ ਐਸ ਪੀ ਡੀ ਤਰਨ ਤਾਰਨ | ਇੰਸਪੈਕਟਰ ਕਸ਼ਮੀਰ ਸਿੰਘ, ਝਬਾਲ

ਐਸ ਐਚ ਓ ਰਜਿੰਦਰ ਸਿੰਘ, ਥਾਣਾ ਸੁਲਤਾਨਵਿੰਡ | ਕਾਮਰੇਡ ਜਸਬੀਰ ਸਿੰਘ, ਸੂਬਾ ਆਗੂ ਖੇਤ ਮਜ਼ਦੂਰ ਯੂਨੀਅਨ | ਬਲਦੇਵ ਸਿੰਘ ਸੋਨੀ ਝਬਾਲ | ਦਿਲਬਾਗ ਸਿੰਘ, ਦਸਮੇਸ਼ ਫੀਲਿੰਗ ਸਟੇਸ਼ਨ ਭੰਡਾਲਾ | ਬਾਬਾ ਵਰਿਆਮ ਸਿੰਘ, ਝਬਾਲ, ਪ੍ਰਧਾਨ

AMRITSAR COLLEGE OF NURSING
PARAMEDICAL COURSES — 4 YEARS DEGREE PROGRAM
★ B.Sc MLS ★ B.Sc OT & AT ★ B.Sc RIT ★ B.Sc CCT ★ B.Sc Optometry
NURSING COURSES
★ B.Sc Nursing (4 YEARS) ★ GNM (3 YEARS) ★ ANM (2 YEARS) ★ Diploma in Nanny (1 Year)
Transport Facility Available | Sc/St & Minority Scholarship Available
VILLAGE KHERDIN KE, AMRITSAR CHABAL ROAD, DISTT TARN TARAN.
M: 95929-41999

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ : ਸਮੂਹ ਅਕਾਲੀ ਆਗੂ ਢੰਡ ਕਸੇਲ ਤੇ ਝਬਾਲ
ਸੁਖਬੀਰ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ | ਭਗਵੰਤ ਸਿੰਘ, ਸਾਬਕਾ ਸਰਪੰਚ ਕਸੇਲ | ਸੁਖਜਿੰਦਰ ਸਿੰਘ | ਖਜ਼ਾਨ ਸਿੰਘ ਮੈਂਬਰ | ਸੋਨੂੰ ਢੰਡੇ, ਸਰਪੰਚ | ਸਰਪੰਚ ਮਨਜਿੰਦਰ ਸਿੰਘ | ਕਰਮਜੀਤ ਸਿੰਘ ਮਨੂੰ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਐਚ ਪੀ ਰਾਣਾ ਹਰਬੀਰ ਫਿਲਿੰਗ ਸਟੇਸ਼ਨ ਪੰਜਵੜ
ਵੱਲੋਂ : ਹਰਪ੍ਰਤਾਪ ਸਿੰਘ ਝਬਾਲ
ਹਰਪ੍ਰਤਾਪ ਸਿੰਘ ਝਬਾਲ | ਕਰਮਜੀਤ ਸਿੰਘ ਢਿੱਲੋਂ ਪੰਜਵੜ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
Dashmesh Parivar International School
Aima Kalan, Distt. Tarn Taran Mob 9872224144
(Affiliated to CBSE, New Dehli No. 1630387)
Institution is Committed to give Valuable Education to the School Students.
Institution is Proud to produce Students with National and International Level Players.
Jaswant Singh, Chairman Deshmesh Group of School | Baba Gurbachan Singh, Patron Deshmesh privar Group of School
Issued by : Jaswant Singh Chairman, Dasmesh Parivar of Schools

ਭਾਈ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਦੀ ਯੋਗ ਅਗਵਾਈ 'ਚ ਸੇਵਾ ਦੇ ਪੁੰਜ ਸੰਤ ਬਾਬਾ ਖੜਕ ਸਿੰਘ ਜੀ ਵੱਲੋਂ ਉਸਾਰੀ ਇਲਾਕੇ ਦੀ ਉੱਚ ਪੱਧਰ ਵਿੱਦਿਅਕ ਸੰਸਥਾ
ਬਾਬਾ ਬੁੱਢਾ ਜੀ ਪਬਲਿਕ ਸੀਨੀ. ਸੈਕੰਡਰੀ ਸਕੂਲ ਬੀੜ ਸਾਹਿਬ
ਵੱਲੋਂ : ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਜੋੜ ਮੇਲੇ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਇਸ ਸੰਸਥਾ ਵੱਲੋਂ ਪਿੰਡਾਂ ਦੇ ਵਿਦਿਆਰਥੀਆਂ ਨੂੰ ਆਧੁਨਿਕ ਸਮੇਂ ਦੇ ਹਾਣੀ ਬਣਾਉਣ ਲਈ ਨਰਸਰੀ ਤੋਂ 10+2 (ਸਾਇੰਸ, ਕਾਮਰਸ, ਆਰਟਸ ਗਰੁੱਪ) ਦੀ ਪੜ੍ਹਾਈ ਅੰਗਰੇਜ਼ੀ ਮਾਧਿਅਮ ਰਾਹੀਂ ਕਰਵਾਈ ਜਾਂਦੀ ਹੈ।
• ਆਨ ਲਾਈਨ ਪੜ੍ਹਾਈ ਦਾ ਖਾਸ ਪ੍ਰਬੰਧ ਹੈ। • ਵਿਦਿਆਰਥੀਆਂ ਲਈ ਪ੍ਰਯੋਗਸ਼ਾਲਾ, ਆਧੁਨਿਕ ਕੰਪਿਊਟਰ ਦਾ ਪ੍ਰਬੰਧ, ਬੱਚਿਆਂ ਲਈ ਬੱਸਾਂ ਦਾ ਪ੍ਰਬੰਧ, ਖੁੱਲ੍ਹੇ ਹਵਾਦਾਰ ਤੇ ਵਿਸ਼ਾਲ ਖੇਡ ਮੈਦਾਨ।
ਵੱਲੋਂ : ਪ੍ਰਿੰਸੀਪਲ, ਸਮੂਹ ਸਟਾਫ਼ ਤੇ ਵਿਦਿਆਰਥੀ
ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋ. ਗੁ. ਪ੍ਰਬੰਧਕ ਕਮੇਟੀ | ਤਰਨਜੀਤ ਸਿੰਘ, ਪ੍ਰਿੰਸੀਪਲ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਬਾਬਾ ਬੁੱਢਾ ਜੀ ਕਾਲਜ ਬੀੜ ਸਾਹਿਬ
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ
ਕਰਮਜੀਤ ਸਿੰਘ ਢੋਟੀ, ਪ੍ਰਿੰਸੀਪਲ | ਪ੍ਰੋ. ਸੁਖਪਾਲ ਕੌਰ | ਪ੍ਰੋ. ਹਰਿੰਦਰ ਸਿੰਘ | ਸ. ਸੁਖਬੀਰ ਸਿੰਘ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ : ਸਮੂਹ ਸੀਨੀਅਰ ਕਾਂਗਰਸ ਆਗੂ ਕਸਬਾ ਝਬਾਲ
ਕੁਲਬੀਰ ਸਿੰਘ ਜੀਰਾ, ਸਾਬਕਾ ਵਿਧਾਇਕ | ਰਮਨ ਕੁਮਾਰ ਸ਼ਰਮਾ | ਰਣਜੀਤ ਸਿੰਘ ਰਾਣਾ, ਗੰਡੀਵਿੰਡ ਚੇਅਰਮੈਨ | ਪ੍ਰਗਟ ਸਿੰਘ, ਸਰਪੰਚ | ਅਮਰਜੀਤ ਸਿੰਘ | ਗੁਰਪਾਲ ਸਿੰਘ ਜਗਤਪੁਰਾ, ਸਰਪੰਚ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
D.S. Tailors & Cloth House
Ladies & Gents
All Types Wedding Dress, Lehenga, Sherwani Available on Rent Basis
SPECIALIST IN : COAT PENT
Ladies Salon Service's Available
Attari Road, Adda Chabhal (Tarn Taran)
M. 98720-98242, 94640-22632
ਸ. ਦਰਸ਼ਨ ਸਿੰਘ | ਭੁਪਿੰਦਰ ਸਿੰਘ ਲਿੰਦਾ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਮੱਝੂਪੁਰ ਸੀਮੈਂਟ ਸਟੋਰ
ਇੱਥੇ ਸੀਮੈਂਟ, ਰੇਤੀ, ਬੱਜਰੀ, ਸਰੀਆ, ਟਾਇਲਾਂ, ਸੀਮੈਂਟ ਵਾਲੇ ਪੋਰ ਮਿਲਦੇ ਹਨ।
ਭਿੱਖੀਵਿੰਡ ਰੋਡ, ਨੇੜੇ ਬਾਬਾ ਬੀਰ ਸਿੰਘ ਧਰਮ ਕੰਡਾ
ਸ. ਬਲਵੰਤ ਸਿੰਘ ਮੱਝੂਪੁਰ
ਮੋਬਾ. 99157-01984, 70094-97300

HOWARD LANE SENIOR SCHOOL
Chabhal-Amritsar Road, Village Thatha, Tarn Taran
Affi. to CBSE (No.1630861)
Contact : 01852-278590, M. 98780-29600
Sr. Makhtool Singh Aulkh, Chairman | Sr. Manjinder singh Virk, Director

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਛੀਨਿਆਂ ਵਾਲਿਆਂ ਦੀ ਹੱਟੀ
ਇੱਥੇ ਸੀਮੈਂਟ, ਰੇਤੀ, ਬੱਜਰੀ, ਸਰੀਆ, ਟਾਇਲਾਂ, ਸੀਮੈਂਟ ਵਾਲੇ ਪੋਰ ਮਿਲਦੇ ਹਨ।
ਨੋਟ : ਇੱਥੇ ਸਬਮਰਸੀਬਲ ਬੋਰਾਂ ਦਾ ਸਾਮਾਨ ਵੀ ਮਿਲਦਾ ਹੈ।
ਭਿੱਖੀਵਿੰਡ ਰੋਡ ਅੱਡਾ ਝਬਾਲ
ਹਰਜਿੰਦਰ ਸਿੰਘ ਛੀਨਾ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਹੁੰਦਲ ਮੋਟਰ ਗੈਰਜ
ਅੰਮ੍ਰਿਤਸਰ ਬਾਈਪਾਸ ਤਰਨ ਤਾਰਨ
ਭੁਪਿੰਦਰ ਸਿੰਘ ਹੁੰਦਲ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਅਮਰੀਕ ਮਕੈ. ਵਰਕਸ
ਇੱਥੇ ਖੇਤੀਬਾੜੀ ਦੇ ਸਾਰੇ ਸੰਦ ਨਵੇਂ ਤਿਆਰ ਅਤੇ ਪੁਰਾਣੇ ਰਿਪੇਅਰ ਕੀਤੇ ਜਾਂਦੇ ਹਨ।
ਨੋਟ: ਸਟੀਲ ਦੀਆਂ ਗਰਿੱਲਾਂ ਵੀ ਤਿਆਰ ਹੁੰਦੀਆਂ ਹਨ
ਮੋਬਾ. 99159-10707
ਪ੍ਰ. ਅਮਰੀਕ ਸਿੰਘ | ਰੇਸ਼ਮਜੀਤ ਸਿੰਘ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਵਿਜੈ ਕੁਮਾਰ ਹਲਵਾਈ
ਇੱਥੇ ਵਿਆਹ ਸ਼ਾਦੀ, ਸ਼ਗਨ, ਦਸਤਾਰ ਬੰਦੀ, ਜਨਮ ਦਿਨ, ਕਿਟੀ ਪਾਰਟੀਆਂ ਅਤੇ ਹਰ ਖੁਸ਼ੀ ਦੇ ਮੌਕੇ 'ਤੇ ਖਾਣ ਬੁੱਕ ਕੀਤਾ ਜਾਂਦਾ ਹੈ।
ਨੋਟ : ਇੱਥੇ ਆਈਸ ਕਰੀਮ, ਟਿੱਕੀ, ਗੋਲਗੱਪੇ ਅਤੇ ਤੰਦੂਰ ਦੇ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।
ਦੁਕਾਨ : ਨੇੜੇ ਬੱਸ ਸਟੈਂਡ, ਅਟਾਰੀ ਰੋਡ, ਅੱਡਾ ਝਬਾਲ
ਮੋਬਾ. 97812-52000, 94635-90510
ਵਿਜੈ ਕੁਮਾਰ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਮਲਕ ਦੀ ਹੱਟੀ
ਅਟਾਰੀ ਰੋਡ, ਅੱਡਾ ਝਬਾਲ
ਸਭ ਤੋਂ ਵੱਧ ਵਰਾਇਟੀ, ਸਭ ਤੋਂ ਘੱਟ ਰੇਟ
ਇੱਕ ਮੁੱਲ ਦੀ ਹੱਟੀ
ਪੱਪੂ ਮਲਕ | ਬਾਂਕੇ ਸ਼ਾਹ
ਦਾਜ ਤੇ ਵਰੀ ਦਾ ਖਾਸ ਪ੍ਰਬੰਧ ਹੈ, ਰੇਮੰਡ, ਓ ਸੀ ਐਮ ਤੇ ਸੀਆਰਾਮ
ਅਟਾਰੀ ਰੋਡ ਅੱਡਾ ਝਬਾਲ (98726-92690)

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਗੰਡੀਵਿੰਡੀਆਂ ਦੀ ਗਹਿਣਿਆਂ ਦੀ 60 ਸਾਲ ਪੁਰਾਣੀ ਹੱਟੀ (ਰਜਿ.)
ਇੱਥੇ ਦੇਸ਼ਾਂ-ਵਿਦੇਸ਼ਾਂ ਤੋਂ ਪੈਸੇ ਮੰਗਵਾਉਣ ਦਾ ਪੂਰਾ ਪ੍ਰਬੰਧ ਹੈ।
ਦੁਕਾਨ ਨੰ. 3-4 ਬਾਬਾ ਬੁੱਢਾ ਜੀ ਮਾਰਕਿਟ ਅੱਡਾ ਝਬਾਲ
ਮੋਬਾ. 98728-67346
ਸ. ਸਰਿਤ ਸਿੰਘ ਗੰਡੀਵਿੰਡੀਆ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਮਨਜੀਤ ਸਟੀਲ ਸ਼ਟਰਿੰਗ ਸਟੋਰ
ਸਿਮਰਨ ਦੀ ਹੱਟੀ
ਇੱਥੇ ਸਰੀਏ ਵੈਲਡ, ਗਾਡਰ, ਪਲੇਟਾਂ, ਬੱਲੀਆਂ, ਫਰਮੇ, ਮਿਕਸਰ ਮਸ਼ੀਨ ਵਾਈਬਰੇਟਰ ਕਿਰਾਏ 'ਤੇ ਮਿਲਦੇ ਹਨ ਅਤੇ ਸ਼ਟਰਿੰਗ ਕਰਨ ਵਾਲੇ ਕੰਮ ਦਾ ਖਾਸ ਪ੍ਰਬੰਧ ਹੈ।
ਇੱਥੇ ਗੁਰਦੁਆਰਾ ਅਤੇ ਵਡੀਆ ਬਿਲਡਿੰਗਾ ਦੀ ਸ਼ਟਰਿੰਗ ਟੀਮ ਵਾਲੀ ਕਰਵਾਉਣ ਲਈ ਮਿਲੋ।
ਮੁੱਖ ਨਾਗਕਲ, ਸਰਕਾਰੀ ਹਸਪਤਾਲ ਰੋਡ, ਅੱਡਾ ਝਬਾਲ (ਤਰਨ ਤਾਰਨ)
ਮੋਬਾ. 98153-50408, 98146-25477
ਮਨਜੀਤ ਸਿੰਘ, ਭੋਜੀਆਂ ਵਾਲੇ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਨਿਊ ਕਿਸਾਨ ਇਲੈਕਟ੍ਰੀਕਲ ਸਟੋਰ
ਹੈਵਲ ਤਾਰ, ਸੀ ਐਫ ਐਸ ਸਵਿੱਚ, ਪੱਖੇ, ਆਰ ਓ ਸਿਸਟਮ, ਇਨਵੈਟਰ ਬੈਟਰੀ।
ਨੋਟ : ਘਰਾਂ ਦੀ ਵਾਈਰਿੰਗ ਲਈ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।
ਭਿੱਖੀਵਿੰਡ ਰੋਡ, ਝਬਾਲ
ਗੁਰਸਾਹਿਬ ਸਿੰਘ ਮੁਨਸ਼ੀ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਬਾਬਾ ਬੁੱਢਾ ਜੀ ਹੈਂਡਲੂਮ ਸਟੋਰ
ਐਂਡ ਖੱਦਰ ਭੰਡਾਰ — ਢੰਡੇ ਵਾਲਿਆਂ ਦੀ ਹੱਟੀ
A To Z ਸਾਰੀ ਵਰਾਇਟੀ ਮਿਲਦੀ ਹੈ।
ਨੋਟ : ਇੱਥੇ ਰੇਡੀ ਮੇਡ ਫੈਂਸੀ ਪਰਦਿਆਂ ਦਾ ਕੱਪੜਾ ਖ਼ਰੀਦ ਲਈ ਦਰਸ਼ਨ ਦਿਓ।
ਅਟਾਰੀ ਰੋਡ, ਅੱਡਾ ਝਬਾਲ
ਮੋਬਾ. 99154-71020, 80000-81306

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਭਗਵਾਨ ਵਾਲਮੀਕ ਜੀ ਸੇਵਾ ਸੁਧਾਰ ਸੁਸਾਇਟੀ (ਰਜਿ.)
ਵੱਲੋਂ : ਫੌਜਸ ਆਟੋ ਡੀਲਰ, ਅੰਮ੍ਰਿਤਸਰ ਰੋਡ ਅੱਡਾ ਝਬਾਲ, ਮੋਬਾ. 98148-54103, 88722-35000
ਬਾਬਾ ਲਾਡੀ ਨਾਥ, ਮੁੱਖ ਸੰਸਥਾਪਕ | ਸ. ਹਰਦੇਵ ਸਿੰਘ ਛੀਨਾ | ਤੇਜਿੰਦਰ ਸਿੰਘ ਰਾਜੂ ਛੀਨਾ, ਚੇਅਰਮੈਨ ਪੰਜਾਬ

ਯੁਵਰਾਜ ਫਿਲਿੰਗ ਸਟੇਸ਼ਨ
Dealers : Indian Oil Corporation Ltd.
Jhabal (Tarn Taran)

ਜੇ.ਆਰ.ਐਸ.ਡੀ.ਏ.ਵੀ. ਸਕੂਲ ਝਬਾਲ (ਤਰਨ ਤਾਰਨ)
ਦਾਖਲਾ ਸ਼ੁਰੂ
• ਸਮਰਥ ਸਮਰਪਤ ਅਤੇ ਪੂਰਨਾ ਨਾਲ ਭਰੇ ਹੋਏ ਅਧਿਆਪਕਾਂ ਦੁਆਰਾ ਪੜ੍ਹਾਈ।
• ਪਰੰਪਰਾਗਤ ਸਿੱਖਿਆ ਮੁੱਲਾਂ ਅਤੇ ਵਿਗਿਆਨਿਕ ਤੱਥਾਂ ਦੇ ਅਧਾਰ ਤੇ ਪੜ੍ਹਾਈ
• ਹਰ ਬੱਚੇ ਪ੍ਰਤੀ ਨਿਜੀ ਪੜ੍ਹਾਈ ਵਿੱਚ ਪਿੱਛੜੇ ਬੱਚਿਆਂ ਦਾ ਖਾਸ ਧਿਆਨ
• ਖੇਡ ਵਿਧੀ ਦੁਆਰਾ ਪੜ੍ਹਾਈ
• ਸਵੱਛ ਸੁਰੱਖਿਤ ਅਤੇ ਅਨੁਸ਼ਾਸਿਤ ਪੜ੍ਹਾਈ ਵਿਵਸਥਾ
• ਸੀਸੀਟੀਵੀ ਕੈਮਰੇ ਸਰਵਿਲਾਂਸ ਵਿਵਸਥਾ
• ਪਰਿਵਾਰ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਵਧਾਉਣ ਵਾਲੀ ਸਿੱਖਿਆ ਵਿਵਸਥਾ
ਪ੍ਰਿੰਸੀਪਲ ਅਸ਼ਵਨੀ ਕੁਮਾਰ, ਜੇ. ਆਰ. ਐਸ. ਡੀ.ਏ.ਵੀ. ਸਕੂਲ ਝਬਾਲ
ਸੰਪਰਕ: 98156-63790

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਗੰਡੀਵਿੰਡ ਕਲੀਨੀਕਲ ਲੈਬਾਰਟੀ
ਇੱਥੇ ਖੂਨ ਅਤੇ ਪੇਸ਼ਾਬ ਦੇ ਸਾਰੇ ਟੈਸਟ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੀਤੇ ਜਾਂਦੇ ਹਨ। ਘਰ ਤੋਂ ਸੈਂਪਲ ਲੈਣ ਦੀ ਸੁਵਿਧਾ ਵੀ ਬਿਲਕੁਲ ਮੁਫ਼ਤ ਹੈ।
ਅਟਾਰੀ ਰੋਡ, ਅੱਡਾ ਝਬਾਲ
ਮੋਬਾ. 99155-92566, 99155-83165

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
WASSAN GAS AGENCY
Off. Attari Road, Chabhal (T.T.)
Resi :A-348, Ranjit Avenue, Amritsar
Prop. Davinder Kumar Mintoo
Tel. (O) 01852-278505,277211,
(M) 98155-89500, 97794-28677
Email-davinderwassan@gmail.com

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਪ੍ਰਭਜੀਤ ਸਿੰਘ, ਸਾਬਕਾ ਸਰਪੰਚ ਠੱਠਗੜ੍ਹ | ਜਗਜੀਤ ਸਿੰਘ ਗਿੱਲ, ਪਟਵਾਰੀ | ਪ੍ਰਿਥਪਾਲ ਸਿੰਘ ਸੰਧੂ, ਠੱਠਗੜ੍ਹ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਬਲਕਾਰ ਸਿੰਘ ਵਲਟੋਹਾ | ਮੰਗਤ ਸਿੰਘ, ਪ੍ਰਿੰਸੀਪਲ | ਧਰਮਿੰਦਰ ਸਿੰਘ ਛੀਨਾ, ਲੈਕਚਰਾਰ | ਜਗਰੂਪ ਸਿੰਘ ਛੀਨਾ
ਨਰਿੰਦਰ ਕੁਮਾਰ ਨੂਰ, ਅਧਿਆਪਕ | ਹਰਮੀਤ ਸਿੰਘ ਝਬਾਲ, ਕਲਾਕਾਰ | ਰਾਜਬੀਰ ਸਿੰਘ, ਅਧਿਆਪਕ | ਮਨਜੀਤ ਸਿੰਘ, ਐਸ ਡੀ ਓ ਮੰਡੀ ਬੋਰਡ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਹਰਮੀਤ ਸਿੰਘ ਸੰਧੂ | ਵਿਕਰਮ ਸਿੰਘ ਢਿੱਲੋਂ, ਸਰਪੰਚ | ਜਸਬੀਰ ਸਿੰਘ, ਸਰਪੰਚ | ਤਜਿੰਦਰ ਸਿੰਘ ਕੋਟਲੀਆਂ, ਸਰਪੰਚ
ਪ੍ਰਭਜੀਤ ਸਿੰਘ, ਸਰਪੰਚ ਠੱਠਗੜ੍ਹ | ਪ੍ਰਿਥਪਾਲ ਸਿੰਘ ਸੰਧੂ, ਠੱਠਗੜ੍ਹ | ਅਮੀਰ ਸਿੰਘ, ਵਰਪਾਲ | ਰਵਿੰਦਰਪਾਲ, ਝਬਾਲ | ਮਨਦੀਪ ਸਿੰਘ

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਆਈਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
M.D. Ravinder Singh
Mob. 98783-33383
Ph. 2592200, 2591393
HP GAS
A.S. GAS SERVICE
Royal Market, Opp. Indian Oil, Vijay Petrol Pump, New Gumatala Pul. Ajnala Road, Amritsar

## ੧ੴ ਸਤਿਗੁਰ ਪ੍ਰਸਾਦਿ

ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਠੱਠਾ (ਤਰਨ ਤਾਰਨ) ਵਿਖੇ

## ਸਾਲਾਨਾ ਜੋੜ ਮੇਲਾ

20, 21 ਅਤੇ 22 ਅੱਸੂ, ਨਾਨਕਸ਼ਾਹੀ ਸੰਮਤ 557 (5,6 ਤੇ 7 ਅਕਤੂਬਰ 2025)

- **ਸ੍ਰੀ ਅਖੰਡ ਪਾਠ ਸਾਹਿਬ**–04 ਅਕਤੂਬਰ 2025 ਦਿਨ ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਸ ਦੇ ਭੋਗ 6 ਅਕਤੂਬਰ 2025 ਦਿਨ ਸੋਮਵਾਰ ਨੂੰ ਪੈਣਗੇ।
- **ਨਗਰ ਕੀਰਤਨ**–05 ਅਕਤੂਬਰ 2025 ਦਿਨ ਐਤਵਾਰ ਨੂੰ ਸਵੇਰੇ 9.00 ਵਜੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਸੰਪੰਨ ਹੋਵੇਗਾ।
- **ਧਾਰਮਿਕ ਦੀਵਾਨ**–05 ਅਕਤੂਬਰ 2025 ਦਿਨ ਐਤਵਾਰ ਦੀ ਸ਼ਾਮ ਤੋਂ 7 ਅਕਤੂਬਰ 2025 ਦਿਨ ਮੰਗਲਵਾਰ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਜਥੇ ਗੁਰਬਾਣੀ ਕੀਰਤਨ ਤੇ ਗੁਰ ਇਤਿਹਾਸ ਦੀ ਸਾਂਝ ਪਾਉਣਗੇ ਅਤੇ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ।
- **ਅੰਮ੍ਰਿਤ ਸੰਚਾਰ**–07 ਅਕਤੂਬਰ 2025 ਦਿਨ ਮੰਗਲਵਾਰ ਨੂੰ ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪੁੱਜਣ। ਕਕਾਰ ਭੇਟਾ ਰਹਿਤ ਦਿੱਤੇ ਜਾਣਗੇ।
- **ਕਬੱਡੀ ਮੁਕਾਬਲੇ**–7 ਅਕਤੂਬਰ 2025 ਦਿਨ ਮੰਗਲਵਾਰ ਨੂੰ ਖਾਲਸਾ ਸੀਨੀਅਰ ਸੈਕੰਡਰ ਸਕੂਲ ਬੀੜ ਸਾਹਿਬ ਦੀ ਗਰਾਊਂਡ ਵਿੱਚ ਕਬੱਡੀ ਮੁਕਾਬਲੇ ਕਰਵਾਏ ਜਾਣਗੇ।

ਆਓ ! ਸਾਲਾਨਾ ਜੋੜ ਮੇਲੇ ਸਮੇਂ ਧਾਰਮਿਕ ਸਮਾਗਮਾਂ ਵਿੱਚ ਪਰਵਾਰਾਂ ਸਮੇਤ ਹਾਜ਼ਰੀ ਭਰਕੇ ਜੀਵਨ ਸਫ਼ਲਾ ਕਰੀਏ।

ਗੁਰੂ-ਪੰਥ ਦਾ ਦਾਸ,
**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਮੈਨੇਜਰ, ਗੁਰਦੁਆਰਾ ਬੀੜ ਬਾਬਾ ਬੁੱਢਾ ਜੀ, ਠੱਠਾ (ਤਰਨ ਤਾਰਨ)। ਮੋਬਾ. 84370-08015